ਸਤਿਗੁਰ ਪ੍ਰਸਾਦਿ॥

੫੧

ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥
ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨੁ ॥
ਕਾਮਿ ਕਰੋਧਿ ਨ ਮੋਹੀਐ ਬਿਨਸੈ ਲੋਭੁ ਸੁਆਨੁ ॥
ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ ॥
ਅਠਸਠਿ ਤੀਰਥ ਸਗਲ ਪੁੰਨ ਜੀਅ ਦਇਆ ਪਰਵਾਨੁ ॥
ਜਿਸ ਨੋ ਦੇਵੈ ਦਇਆ ਕਰਿ ਸੋਈ ਪੁਰਖੁ ਸੁਜਾਨੁ ॥
ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥ ੧੨॥

(ਪੰਨਾ ੧੩੫)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਅੱਜ ਮਕਰ ਦੀ ਰਾਸ 'ਮਾਘੀ' ਪੰਜਾਬ ਮੇਂ ਜਿਸ ਨੂੰ ਕਹਿੰਦੇ ਨੇ। ਮੁਕਤਸਰ ਅੱਜ ਬੜਾ ਭਾਰੀ ਪੁਰਬ ਹੈ, ਮੇਲਾ ਹੈ। ਬੜਾ ਮਹਾਤਮ ਲਿਖਿਆ ਹੋਇਐ, ਉਹ ਅੱਜ ਸੰਗ੍ਰਾਂਦ ਹੈ 'ਮਕਰ' ਦੀ, ਜਿਸ ਨੂੰ 'ਮਾਘੀ' ਕਹਿੰਦੇ ਨੇ। ਦੁਨੀਆਂ ਦੇ ਵਿੱਚ ਇਹ ਦੋ ਸੰਗ੍ਰਾਂਦਾਂ ਦੀ ਮਾਨਤਾ ਬਹੁਤ ਹੈ 'ਮਾਘੀ' ਤੇ 'ਵਿਸਾਖੀ' ਅੱਜ ਉਹ ਹੈ । ਗੁਰੂ ਗੋਬਿੰਦ ਸਿੰਘ ਜਦ ਚੱਲੇ, ਉਸ ਵਕਤ ਗੁਰੂ ਦੇ ਪਾਸ ਸਿੱਖ ਬਹੁਤ ਥੋੜੇ ਰਹਿ ਗਏ ਸੇ, ਦਇਆ ਸਿਹੁੰ, ਧਰਮ ਸਿਹੁੰ, ਮਾਨ ਸਿਹੁੰ ਇਹ ਸਾਥ ਥੇ। ਉਹ ਜਿਹੜੇ ਸਾਥ ਲੈ ਕੇ ਗਏ ਸੇ ਦੋਨੋਂ ਪਠਾਣ ਉਹ ਵੀ ਮੁੜ ਆਏ ਸੇ। ਦੋਵੇਂ ਪਠਾਣ ਗੁਰੂ ਸਾਹਿਬ ਨੇ ਮੋੜ 'ਤੇ ਸੇ ਜਿਨ੍ਹਾਂ ਨੇ

ਮੰਜੀ ਸਾਹਿਬ ਚੁੱਕੀ ਸੀ ਜਦ ਉੱਚ ਦੇ ਪੀਰ ਬਣੇ। ਅਖੀਰੀ ਜਾ ਕੇ ਸ਼ਮੀਰ, ਲਖਮੀਰ ਤੇ ਤਖਤ ਮੱਲ ਇਹ ਤਿੰਨ ਭਾਈ ਸੇ, ਇਹ 'ਦੀਨਾ' ਪਿੰਡ ਦੇ ਸੇ, ਬਰਾੜ (ਗੋਤ ਦੇ) ਸੇ। ਇਨ੍ਹਾਂ ਦਾ ਦਾਦਾ ਛੇਵੇਂ ਪਾਤਸ਼ਾਹ ਦਾ ਸੇਵਕ ਸੀ। ਮਹਾਰਾਜ ਦੀ, ਲੜਾਈ ਵਿੱਚ ਓਹਨੇ ਬੜੀ ਮੱਦਦ ਕੀਤੀ। ਉਹ ਇਲਾਕੇ ਦਾ ਥੋੜੇ ਜਿਹੇ ਦਾ ਮਾਲਕ ਸੀ। ਬਹੁਤ ਲੱਕੜੀ, ਰਾਸ਼ਨ ਦਾ ਬੜਾ ਬੰਦੋਬਸਤ ਕੀਤਾ ਸੀ। ਅੱਜ ਇਨ੍ਹਾਂ ਨੂੰ ਵੀ ਪਤਾ ਲੱਗਿਆ ਬਈ ਸਾਡੇ ਜਿਹੜੇ ਪਰੰਪਰਾ ਗੁਰੂ ਨੇ, ਉਹ ਆਉਣੇ ਨੇ। ਇਹ ਗਏ, ਇਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ ਕਿਹਾ 'ਆਪ ਸਾਡੇ ਮਕਾਨ ਮੇਂ ਚੱਲੋ'। ਉਨ੍ਹਾਂ ਆਖਿਆ ਨਾਂ! ਥੁਆਨੂੰ ਪਤੈ ਦੁਨੀਆਂ ਕੈਸੀ ਹੋਈ ਵੀ ਐ ਅੱਜ ਕਲ੍ਹ? ਮੁਸਲਮਾਨਾਂ ਦਾ ਪ੍ਰਭਾਵ ਬਹੁਤ ਵੱਧ ਚੁੱਕਿਐਗਾ ਤੇ ਥੁਆਨੂੰ ਤਕਲੀਫ ਦੇਣਗੇ, ਜੈਸੇ ਨਗਾਹੀਏ ਨੂੰ ਤਕਲੀਫ ਉਨ੍ਹਾਂ ਨੇ ਦਿੱਤੀ ਪਰ ਨਗਾਹੀਆ ਡੋਲਿਆ ਨਹੀਂ। ਅਖੀਰੀ ਕਪੂਰੇ (ਕੋਟਕਪੂਰੇ ਦਾ ਰਾਜਾ) ਨੂੰ ਕਿਹਾ ਤੂੰ ਗੜ੍ਹੀ (ਛੋਟਾ ਕਿਲਾ) ਦੇ ਦੇ, ਉਹ ਫੌਜ ਲਈ ਆਉਂਦੈਗਾ ਵਜੀਦਾ (ਵਜੀਦ ਖਾਨ) ਉਹਦੇ ਨਾਲ ਅਸੀਂ ਲੜਾਈ ਕਰਨੀ ਐਂ, ਉਹ ਸਾਡੇ ਨਾਲ ਲੜਾਈ ਵਾਸਤੇ ਆਉਂਦਾ ਹੈਗਾ। ਕਪੂਰੇ ਨੇ ਜੁਆਬ ਦੇ 'ਤਾ (ਨਾਂਹ ਕਰ ਦਿੱਤੀ)। ਕਪੂਰਾ, ਅਸਲੀ 'ਕੌਲ' ਨੂੰ ਮੰਨਦਾ ਸੀਗਾ। 'ਕੌਲ', ਪਿਰਥੀਏ (ਗੁਰੂ ਅਰਜਨ ਦੇਵ ਦਾ ਵੱਡਾ ਭਰਾ) ਦਾ ਪੜੋਤਾ ਸੀ, ਇਹ ਗੁਰੂ ਅਰਜਨ ਦੇਵ ਦਾ ਵੀ ਪੜੋਤਾ ਸੀ। ਕੌਲ ਪਿਰਥੀਏ ਦਾ ਪੜੋਤਾ ਸੀ, ਪਰ ਕੌਲ ਦੇ ਦਿਲ 'ਚ ਐਨੀਂ ਸ਼ਰਧਾ ਹੋ ਚੁੱਕੀ ਸੀ, ਬਈ ਅਖੀਰੀ ਦੀ ਬਾਤ ਹੈ ਜੇ ਤਾਂ ਇਹ ਬਖਸ਼ ਗੇ ਤਾਂ ਬਖਸ਼ ਗੇ, ਨਹੀਂ ਤਾਂ ਬਖਸ਼ਣ ਵਾਲਾ ਹੋਰ ਕੋਈ ਨਹੀਂ। ਤੇ ਗੁਰੂ ਸਾਹਿਬ ਅੰਤਰਜਾਮੀ, ਉਹਦੇ ਦਿਲ ਦੀ ਜਾਣਦੇ ਸੇ। ਕਪੂਰੇ ਨੇ ਜੁਆਬ ਦੇ 'ਤਾ ਬਈ ਤੁਸੀਂ ਤਾਂ ਮੁਸਲਮਾਨਾਂ ਨਾਲ ਲੜਾਈ ਕਰਦੇ ਓਂ ਤੇ ਸਾਨੂੰ ਵੀ ਮੁਸਲਮਾਨਾਂ ਤੇ ਈ ਮਰਵਾਉਣਾ ਚਾਹੁੰਨੇ ਓਂ। ਗੁਰੂ ਸਾਹਿਬ ਨੇ ਸਿੱਖ ਭੇਜਿਆ ਕਪੂਰੇ ਕੋਲ, ਉਨ੍ਹਾਂ ਨੂੰ ਜੁਆਬ ਦੇ ਦਿੱਤਾ। ਗੁਰੂ ਸਾਹਿਬ ਓਥੋਂ ਚੱਲ ਪਏ। ਅਸਲੀ, ਕਪੂਰੇ

ਦਾ ਪੜਦਾਦਾ 'ਭੱਲਣ' ਸੀ। ਓਸਨੇ ਪਾਣੀਪਤ ਫਤਿਹ ਕਰਵਾਇਆ ਸੀ। ਅਖੀਰੀ ਜਦ ਉਹ ਅਕਬਰ ਦੇ ਪਾਸ ਬੈਠਾ ਸੀ, ਸਾਰੇ ਲੋਕ ਬੈਠੇ ਸੇ। 'ਈਸੇ ਖਾਂ' ਵਾਲਿਆ ਦੀ ਜਿਹੜੀ ਭੈਣ ਸੀ, ਉਹ ਵਿਆਹੀ ਵੀ ਸੀ ਅਕਬਰ ਨੂੰ। ਉਹ ਸਾਰਿਆਂ ਨੇ ਇਕੱਠੇ ਹੋ ਕੇ, ਇਹ ਬਾਤ ਕਹੀ, ਬਈ! ਤੁਸੀਂ ਅਜੋਂ ਵੀ ਹਿੰਦੂਆਂ ਨੂੰ ਉੱਚਾ ਚੁੱਕੀ ਜਾਂਨੇ ਓਂ । ਇਹ ਕਪੂਰੇ ਨੂੰ ਤੁਸੀਂ ਚੌਧਰ ਦੇ 'ਤੀ। ਇਹ ਓਸ ਦੇਸ਼ ਦਾ 'ਭੱਲਣ' ਚੌਧਰੀ ਬਣ ਗਿਆ। ਕਪੂਰਾ, ਉਹਦੀ ਔਲਾਦ ਸੀ। ਓਹਨੇ ਉਹ ਪੱਗ ਲੈ ਕਰਕੇ, ਆਪਣੇ ਸਾਲ਼ੇ ਨੂੰ ਦੇ ਦਿੱਤੀ ਈਸਾ ਖਾਂ ਵਾਲਿਆਂ ਨੂੰ। ਉਹ 'ਭੱਲਣ' ਨੇ ਉੱਠ ਕੇ, ਓਹਨੂੰ ਜਿਉਂ ਚੁੱਕਿਆ ਹੇਠਾਂ ਸੁੱਟਕੇ, ਪੱਗ ਲਾਹ ਕੇ ਆਪਣੇ ਸਿਰ ਤੇ ਬੰਨ੍ਹ ਲਈ। ਓਸ ਨੇ ਆਖਿਆ, ਪੱਗ ਮੈਂ ਮੁਖਤ (ਮੁਫਤ) ਤਾਂ ਨਹੀਂ ਲਈ, ਬਹਾਦਰੀ ਨਾਲ ਲਈ ਐ, ਪਾਣੀਪਤ ਫਤਿਹ ਕਰਾਇਆ ਹੈਗਾ। ਸਾਰੀ ਸਭਾ ਹੱਸ ਪੀ ਤੇ ਅਕਬਰ ਵੀ ਹੱਸ ਪਿਆ।ਓਹਨੇ ਆਖਿਆ, ਬਈ ਤੂੰ ਨਹੀਂ ਲੈ ਸਕਦਾ। ਉਹ ਅੱਧੀ ਪੱਗ ਪਾੜ ਕੇ, ਆਪਣੇ ਸਾਲ਼ੇ ਨੂੰ ਦੇ 'ਤੀ ਈਸਾ ਖਾਂ ਵਾਲੇ ਨੂੰ, ਤੇ ਅੱਧੀ ਭੱਲਣ ਨੂੰ ਦੇ 'ਤੀ। ਇਹ ਉਨ੍ਹਾਂ ਦੀ ਚੌਧਰ ਚਲੀ ਆਉਂਦੀ ਸੀ। ਤੇ ਗੁਰੂ ਸਾਹਿਬ ਨੇ ਕਪੂਰੇ ਨੂੰ ਮੁੱਖੋਂ ਵਾਕ ਕਹਿ ਦਿੱਤਾ ਬਈ ਤੈਨੂੰ ਮੁਸਲਮਾਨ ਮਾਰਨਗੇ ਅਰ ਤੋਪੜਾ ਗੰਦੇ ਦਾ ਚਾੜ੍ਹ ਕੇ ਮਾਰਨਗੇ। ਗੁਰੂ ਸਾਹਿਬ ਦਾ ਇਹ ਸਰਾਪ ਹੋ ਗਿਆ ਤੇ ਕੌਲ ਨੂੰ ਪਤਾ ਲੱਗਿਆ। ਕੌਲ ਨੇ ਕਪੂਰੇ ਨੂੰ ਆਖਿਆ, ਇਹ ਤਾਂ ਗੁਰੂ ਐ, ਏਸ ਨੇ ਤਾਂ ਸਾਨੂੰ ਬਖਸ਼ਣੈ। ਤੈਨੂੰ ਪਤਾ ਨਹੀਂ ਸੀ, ਅਸਲੀ ਗੁਰੂ ਏਹੀ ਐ, ਤੈਂ ਬੜੀ ਗਲਤੀ ਕੀਤੀ। ਕਪੂਰਾ ਆਇਆ, ਫਿਰ ਕਪੂਰੇ ਨੇ ਇੱਕ ਪੜਾਅ ਤੇ ਗੱਡੇ ਲਿਆਂਦੇ, ਰਾਸ਼ਨ ਲਿਆਂਦਾ। ਆਪ, ਉਹਦਾ ਪੁੱਤ, ਪੋਤਰਾ ਉਨ੍ਹਾਂ ਨੇ ਬੜਾ ਲੰਗਰ ਲਾਇਆ ਤੇ ਬੜਾ ਕੰਮ ਕੀਤਾ। ਉਨ੍ਹਾਂ ਆਖਿਆ ਗੁਰੂ ਸਾਹਿਬ ਨੇ, ਜਾਹ ਐਂ ਹੋ ਜੇਗਾ। ਜਾਹ ਤੋਪੜਾ ਚੜ੍ਹਨੇ ਸੇ, ਤੇਰਾ ਸਰੀਰ ਅਪਣੇ ਆਪ ਛੁੱਟਜੇਗਾ। ਈਸੇ ਖਾਂ ਵਾਲਿਆਂ ਨੇ ਕਪੂਰੇ ਨੂੰ ਬੁਲਾਇਆ ਬਈ ਅੰਦਰ ਟੂੰਮਾਂ (ਗਹਿਣੇ) ਤੇ ਕੱਪੜੇ ਦੇਖਣੇ ਨੇ,

ਲੜਕੀ ਦਾ ਵਿਆਹ ਐ, ਤੁਸੀਂ ਅੰਦਰ ਜਾ ਸਕਦੇ ਓਂ।ਉਹ ਗਿਆ ਤਾਂ ਅੰਦਰ ਫੜ ਲਿਆ।ਓਹੀ ਕੰਮ ਹੋਇਆ, ਉਹ ਜਾਨ ਨਾ ਨਿੱਕਲੇ। ਉਹ ਕਹਿੰਦਾ, ਇਉ ਤਾਂ ਨਹੀਂ ਨਿੱਕਲਣੀ। ਅਖੇ, ਹੋਰ? ਓਹਨੇ ਆਖਿਆ ਤੋਪੜਾ ਲਿਆਉ। ਉਹ ਜਦ ਖਾਲੀ ਤੋਪੜਾ ਲਿਆਂਦਾ ਤਾਂ ਕਪੂਰੇ ਦਾ ਸਰੀਰ ਛੁੱਟ ਗਿਆ। ਕਪੂਰਾ, ਕੁਦਰਤੀ ਬੇਮੁੱਖ ਹੋ ਚੁੱਕਿਆ ਸੀ। ਜਦ ਗੁਰੂ ਸਾਹਿਬ ਓਥੇ ਗਏ। ਕੌਲ ਨੇ ਮਿਸ਼ਰੀ, ਬਦਾਮ, ਚਿੱਟੀ ਪੁਸ਼ਾਕ ਸਾਰਾ ਸਮਾਨ ਲਿਆਕੇ, ਅੱਗੇ ਰੱਖ ਕੇ ਗੁਰੂ ਸਾਹਿਬ ਦੇ, ਡੰਡਉਤ ਕਰਕੇ ਚਰਨਾਂ ਤੇ ਪੈ ਗਿਆ। ਗੁਰੂ ਸਾਹਿਬ ਨੇ ਕੌਲ ਨੂੰ ਬਖਸ਼ 'ਤਾ। ਓਹਨੇ (ਕੌਲ ਨੇ) ਆਖਿਆ, ਜੀ ਪੁਸ਼ਾਕ ਹੁਣ ਤੁਸੀਂ ਚਿੱਟੀ ਪਾ ਲਉ । ਉਹ ਜਿਹੜੀ ਮਾਛੀਵਾੜੇ ਪੁਸ਼ਾਕ ਪਾਈ ਸੀ ਨੀਲੀ, ਓਹੀ ਸੀ। ਗੁਰੂ ਸਾਹਿਬ ਨੇ ਉਹ (ਪੁਸ਼ਾਕ) ਲਾਹ ਤੀ, ਤੇ ਇਹ ਪਾ ਲੀ, ਤੇ ਉਨ੍ਹਾਂ ਨੂੰ ਆਖਿਆ ਇੱਕ ਧੂੰਣਾਂ (ਅਗਨੀ ਦਾ) ਲਾਉ, ਉਨ੍ਹਾਂ ਨੇ ਲਾਇਆ। ਏਸ ਕਰਕੇ, ਓਸ ਨੀਲੀ ਪੁਸ਼ਾਕ ਦਾ ਹਵਨ ਕਰ 'ਤਾ। ਇੱਕ ਲੀਰ (ਕੱਪੜੇ ਦਾ ਛੋਟਾ ਟੁਕੜਾ) ਉੱਪਰ ਤੇ ਡਿਗ ਪੀ। ਉਹ ਮਾਨ ਸਿਹੁੰ ਨੇ ਚੁੱਕ ਕੇ ਐਥੇ (ਸਿਰ ਉੱਤੇ) ਟੰਗ ਲਈ, ਉਹ ਜਿਹੜੀ ਨਿਹੰਗਾਂ ਦੀ ਨਿਸ਼ਾਨੀ ਐ। ਇੱਥੋਂ ਨਿਹੰਗ ਚੱਲੇ, ਆਹ ਨਿਹੰਗਾਂ ਤੇ ਬਖਸ਼ਿਸ਼ ਹੋਈ। ਏਸ ਕਰਕੇ, ਓਥੋਂ ਜਾਂਦੇ ਹੋਏ ਫੇਰ ਕਪੂਰੇ ਨੂੰ ਪਤਾ ਲੱਗ ਗਿਆ। ਕਪੂਰੇ ਨੇ ਸਿੱਖ ਭੇਜਿਆ ਬਈ ਖਿਦਰਾਣੇ ਦੀ ਢਾਬ ਤੇ ਗੁਰੂ ਸਾਹਿਬ ਨੂੰ ਲੈ ਜਾਉ, ਓਥੇ ਪਾਣੀ ਐਂ। ਉਹ ਮੁਕਤਸਰ ਅੱਜ ਕਲ੍ਹ ਜੀਹਨੂੰ ਕਹਿੰਦੇ ਨੇ। ਉਹ ਖਿਦਰਾਣਾ ਸੀ ਪਿੰਡ, ਤੇ ਖਿਦਰਾਣੇ ਦੀ ਢਾਬ ਸੀ। ਓਥੇ ਜਲ ਸੀ, ਓਥੇ ਚਲੇ ਗਏ।ਓਧਰ ਜਦ ਉਹ ਮਝੈਲ (ਮਾਝੇ ਦੇ ਸਿੱਖ) ਬੇਮੁੱਖ ਹੋ ਕੇ ਪਹੁੰਚ ਗਏ ਤੇ ਮਾਤਾ ਭਾਗੋ ਨੇ ਆਖਿਆ, ਤੁਸੀਂ ਗੁਰੂ ਦੀ ਮੱਦਦ ਤੇ ਗਏ ਸੀ ਗੁਰੂ ਦੇ ਵਾਸਤੇ ਤੇ ਆਪਣੇ ਤੇ ਬਖਸ਼ਿਸ਼ ਕਰਾਉਣ ਵਾਸਤੇ ਗਏ ਸੇ। ਗੁਰੂ ਨੇ ਥੁਆਨੂੰ ਬਖਸ਼ 'ਤਾ? ਉਹ ਕਹਿੰਦੇ, ਅਸੀ ਤਾਂ ਬੇਦਾਵਾ ਲਿਖ ਕੇ ਆਏ ਆਂ।ਓਸ ਨੇ ਆਖਿਆ, ਫਿਰ ਤੁਸੀ ਐਂ ਕਰੋ, ਆਹ ਸਾਡੇ ਲੀੜੇ (ਕੱਪੜੇ) ਪਾ ਲਉ ਤੇ ਸੋਨਾ

(ਗਹਿਣੇ) ਲੈ ਲਉ ਤੇ ਗੋਹਾ ਪੱਥਿਆ ਕਰੋ ਤੇ ਸਾਨੂੰ ਆਹ ਰਫਲਾਂ (ਬੰਦੂਕਾਂ) ਦੇ ਦਿਉ। ਉਹ ਕਈ ਮਾਈਆਂ ਹੋਰ ਵੀ ਉਹਦੇ ਨਾਲ ਹੋ ਗਈਆਂ, ਮਾਈ ਭਾਗੋ ਨਾਲ। ਉਹ ਮਾਈ ਭਾਗੋ ਦੀ ਜਦ ਤਰਕ ਲੱਗੀ ਤਾਂ ਸਾਰਿਆਂ ਨੇ ਆਖਿਆ ਕਿ ਅਸੀਂ ਬਹੁਤ ਬੁਰਾ ਕੀਤਾ, ਬੜੀ ਗਲਤੀ ਕਰ ਬੈਠੇ ਆਂ। ਫਿਰ ਓਹਨੇ ਆਖਿਆ, ਹੋਰ ਕੋਈ ਉਪਾਅ ਨਹੀਂ, ਜਾ ਕੇ ਗੁਰੂ ਦੀ ਸ਼ਰਣ ਪਉ। ਇਹ ਮਾਈ ਭਾਗੋ ਨੂੰ ਕਹਿੰਦੇ, ਤੂੰ ਸਾਥ ਚੱਲ, ਬਖਸ਼ਾ ਦਿਉ। ਆਏ, ਓਧਰ ਗੁਰੂ ਸਾਹਿਬ ਵੀ ਆ ਗਏ, ਫੌਜ ਅਜਾਂ ਪਿੱਛੇ ਸੀ ਥੋੜੀ। ਉਹ ਜੋ ਚਾਲ੍ਹੀ ਮੁਕਤੇ ਸੇ, ਕੁੱਛ ਇਤਿਹਾਸ ਤਾਂ ਜਿਆਦਾ ਲਿਖਦੈ ਪਰ ਉਹ ਤਾਂ ਇਤਿਹਾਸਾਂ ਦਾ ਕੰਮ ਹੈ। ਏਸ ਕਰਕੇ, ਉਨ੍ਹਾਂ ਨੇ ਜਦ ਫੌਜ ਆਉਂਦੀ ਦੇਖੀ, ਉਹ ਕਹਿੰਦੇ, ਹੁਣ ਗੁਰੂ ਕੋਲ ਕੀ ਚੱਲਣੈ, ਗੁਰੂ ਤਾਂ ਟਿੱਬੀ ਸਾਹਿਬ ਬੈਠੇ ਸੀ ਅੱਗੇ। ਉਨ੍ਹਾਂ ਨੇ ਆਪਣੇ ਚਾਦਰੇ ਦਿੱਤੇ ਪਾ ਝਾੜਾਂ ਤੇ, ਬੇਰੀਆਂ ਤੇ, ਉਹ ਤੰਬੂ ਜਿਹੇ ਬਣ ਗੇ ਤੇ ਰਫਲਾਂ ਭਰ ਤੀਆਂ, ਚਲਾਉਣ ਲੱਗ ਪਏ, ਉਨ੍ਹਾਂ ਨੇ ਬੜੀ ਲੜਾਈ ਕੀਤੀ। ਅਖੀਰੀ ਮਹਾਂ ਸਿੰਹੁ ਤੇ ਮਾਈ ਭਾਗੋ ਦੋ ਜਣੇ ਬਚੇ। ਲਿਖਿਐ, ਮਾਈ ਭਾਗੋ ਦੇ ਬਵੰਜਾ ਜਖ਼ਮ ਸੀ ਉਹ ਧੋਂਦੀ ਸੀ ਪਈ ਪਈ ਤੇ ਮਹਾਂ ਸਿਹੁੰ ਪਿਆ ਸੀ। ਗੁਰੂ ਸਾਹਿਬ ਨੇ ਆਉਣਾ ਸੀ। ਏਨੇ ਨੂੰ ਵਜੀਦੇ ਨੇ (ਕਪੂਰੇ ਨੂੰ) ਪੁੱਛਿਆ ਹੁਣ ਦੱਸ? ਪਾਣੀ ਦਾ ਟਿਕਾਣਾ ਨਹੀਂ, ਫੌਜ ਮਰਦੀ ਐ, ਅੱਧੀ ਤੋਂ ਜਿਆਦਾ ਫੌਜ ਮਰ ਚੁੱਕੀ ਐ, ਹੁਣ ਕਰੀਏ ਕੀ? ਕਪੂਰੇ ਨੂੰ ਕਹਿੰਦੇ, ਚੌਧਰੀ! ਹੁਣ ਤੂੰ ਦੱਸ? ਓਹਨੇ ਆਖਿਆ ਕੋਈ ਉਪਾਅ ਨਹੀਂ, ਅੱਗੇ ਤੀਹ (੩੦) ਕੋਹ ਤੇ ਪਾਣੀ ਐਂ, ਪਿੱਛੇ ਦਸ (੧੦) ਕੋਹ ਤੇ ਪਾਣੀ ਐਂ। ਜਲੰਧਰ ਵਾਲੇ ਸੂਬੇ ਨੇ ਆਖਿਆ, ਚੌਧਰੀ ਬਿਲਕੁਲ ਠੀਕ ਕਹਿੰਦੈ ਗਾ, ਜੇ ਤਾਂ ਇਹ ਬਚਾਉਣੇ ਨੇ ਤਾਂ ਲੈ ਚੱਲ ਤੇ ਨਹੀਂ ਤਾਂ ਖਤਮ ਕਰ ਦੇ। ਓਹਨੇ ਆਖਿਆ, ਗੁਰੂ ਗੋਬਿੰਦ ਸਿੰਘ ਤਾਂ ਮਰ ਚੁੱਕੇ ਨੇ। ਕਪੂਰੇ ਨੇ ਆਖਿਆ ਬਿਲਕੁਲ ਨਹੀਂ। ਓਹਨੇ ਆਖਿਆ, ਗੁਰੂ ਗੋਬਿੰਦ ਸਿੰਘ ਮਰਨ ਵਾਲਾ ਨਹੀਂ ਹੈ, ਉਹ ਈਸ਼ਰੀ ਸ਼ਕਤੀ ਦਾ ਮਾਲਕ ਹੈ। ਈਸ਼ਰ ਦੀ ਸਮਰੱਥਾ ਜੀਹਨੂੰ

ਕਹਿੰਦੇ ਨੇ, ਜੀਹਨੂੰ ਭਗਉਤੀ ਕਹਿੰਦੇ ਨੇ, ਜਿਸ ਨੂੰ ਦੁਨੀਆਂ ਦੇ ਵਿੱਚ ਮਹਾਂ ਸ਼ਕਤੀ ਕਹਿੰਦੇ ਨੇ, ਅਚਿੰਤ ਸ਼ਕਤੀ ਕਹਿੰਦੇ ਨੇ। ਉਹ ਪ੍ਰਮੇਸ਼ਰ ਦੀ ਜਿਹੜੀ ਸ਼ਕਤੀ ਹੁੰਦੀ ਐ, ਉਹ ਇਨ੍ਹਾਂ ਪੁਰਸ਼ਾਂ ਦੇ ਸਾਥ ਹੁੰਦੀ ਐ। ਇੱਕ ਪਠਾਣ ਕਹਿੰਦਾ, ਜੇ ਹੁੰਦਾ ਕਿਤੇ ਤਾਂ ਦੱਸਦਾ ਨਾ। ਕਪੂਰੇ ਨੇ ਆਖਿਆ, ਇਹ ਮੈਂ ਨਹੀਂ ਕਹਿ ਸਕਦਾ, ਇਹ ਓਹੀ ਜਵਾਬ ਦੇਣਗੇ। ਗੁਰੂ ਸਾਹਿਬ ਨੇ ਤੀਰ ਮਾਰਿਆ, ਉਹ ਪਠਾਣ ਦੇ ਆ ਕੇ ਵੱਜਿਆ, ਉਹ ਮਰ ਗਿਆ। ਸਾਰੇ ਹੈਰਾਨ ਹੋ ਗਏ। ਉਹ ਕਹਿੰਦਾ, ਕਪੂਰਾ, ਦੱਸ 'ਤਾ ਕਿ ਨਹੀਂ? ਅਖੇ ਦੱਸ 'ਤਾ। ਹੁਣ ਕੀ ਕਰੀਏ? ਫੇਰ ਓਹਨੇ ਇਹੀ ਨਿਸ਼ਚਾ ਕੀਤਾ ਬਈ ਦਫਨਾਅ ਹੀ ਦਈਏ, ਜਿਹੜੇ ਮਰੇ ਹੋਏ ਨੇ।ਓਹਨੇ ਆਖਿਆ ਰਹੇਗਾ ਇੱਕ ਵੀ ਨਹੀਂ। ਜਲੰਧਰੀਆ ਸੂਬਾ ਕਹਿੰਦਾ, ਕੋਈ ਨਹੀਂ ਰਹੇਗਾ। ਜੇ ਤਾਂ ਤੈਂ ਆਹ ਬਚਾਉਣੇ ਨੇ ਤਾਂ ਲੈ ਚੱਲ, ਉਹ ਮੁੜ ਪਏ। ਉਹ ਜਦ ਗੁਰੂ ਸਾਹਿਬ ਆਏ, ਉਹ ਤੀਰ ਉਨ੍ਹਾਂ ਨੇ ਉਥੋਂ ਈਂ ਮਾਰਿਆ ਸੀ। ਓਸੇ ਨੂੰ ਆਹ ਮਾਲਵੇ ਦੇ ਮੁੰਡੇ ਗਾਉਂਦੇ ਹੁੰਦੇ ਨੇ –

ਉੱਚੇ ਟਿੱਬੇ ਤੋਂ ਗੁਰਾਂ ਨੇ ਤੀਰ ਮਾਰਿਆ ਰੁੜੀ ਜਾਂਦੀ ਹਿੰਦ ਰੱਖ ਲੀ ।

ਓਥੇ ਗੁਰੂ ਸਾਹਿਬ ਦੇ ਜਿਹੜੇ ਨਾਲ ਸਿੱਖ ਸੀ, ਉਨ੍ਹਾਂ ਨੂੰ ਆਖਿਆ, ਹਿੰਦ ਰੱਖ ਲਈਏ? ਅਖੇ, ਰੱਖ ਲਉ। ਫੇਰ ਉਹ ਤੀਰ ਚਲਾਇਆ, ਉਹਦੇ ਨਾਲ ਕਾਫੀ (ਬੰਦੇ) ਮਰੇ, ਫੇਰ ਲੋਕਾਂ ਨੂੰ ਨਿਸਚਾ ਹੋ ਗਿਆ, ਗੁਰੂ ਗੋਬਿੰਦ ਸਿੰਘ ਤਾਂ 'ਹੈ'।ਵਜੀਦਾ ਫੌਜ ਲੈ ਕੇ ਮੁੜ ਆਇਆ। ਫੇਰ ਗੁਰੂ ਸਾਹਿਬ ਆਏ, ਆ ਕੇ ਜਿੰਨੇ ਸੇ, ਸਾਰਿਆਂ ਦੇ (ਮੁੱਖਾਂ ਤੇ) ਰੁਮਾਲ ਫੇਰਿਆ ਤੇ ਕਹੀ ਜਾਣ 'ਇਹ ਮੇਰਾ ਪੰਜ ਹਜਾਰੀਆ', 'ਇਹ ਮੇਰਾ ਦਸ ਹਜਾਰੀਆ'। ਹੁਣ ਤੁਸੀਂ ਜਮੁਨਾ ਕਿਨਾਰੇ ਜਾਗੀਰਦਾਰਾਂ ਦੇ ਜਾਉਗੇ, ਉਹ ਅੰਬਰਸਰ ਜਿਲ੍ਹੇ ਦੇ ਹੀ ਆਏ ਹੋਏ ਨੇ ਸਾਰੇ। ਉਨ੍ਹਾਂ ਦੀ ਵੰਸ਼ ਉਹ ਚਲਦੀ ਐ। (ਗੁਰੂ ਸਾਹਿਬ) ਮਹਾਂ ਸਿੰਹੁ ਦੇ ਪਾਸ ਆਏ, ਮਾਤਾ ਭਾਗੋ ਦੇ ਜਦ ਸਾਹਮਣੇ ਆਏ, ਉਹਦੇ ਤੇ ਤਾਂ ਐਸੀ ਦ੍ਰਿਸ਼ਟੀ ਕੀਤੀ, ਮਾਤਾ ਭਾਗੋ ਤਾਂ ਜੀਵਨ ਮੁਕਤ ਹੋ ਗੀ। ਉਹਨੂੰ (ਇੱਕ ਸਿੱਖ ਨੂੰ) ਕਹਿੰਦੇ ਇੱਕ ਚੋਲਾ ਪਾ ਦਿਉ, ਹੁਣ

ਇਹਨੂੰ ਕੁੱਛ ਪਤਾ ਕੋਈ ਨਹੀਂ, ਰਫਲ (ਬੰਦੂਕ) ਉਹਦੇ ਮੋਢੇ ਤੇ ਐ, ਉਵੇਂ ਜੀਕਣ ਐਂ, ਬੋਲਦੀ ਚੱਲਦੀ ਕੁੱਝ ਨਹੀਂ। ਉਹ ਹਜ਼ੂਰ ਸਾਹਿਬ ਤੱਕ ਗਈ। ਮਾਤਾ ਭਾਗੋ ਤੇ ਧਰਮ ਸਿਹੁੰ ਉਨ੍ਹਾਂ ਦੀ ਦੋਹਾਂ ਦੀ ਸਮਾਧ ਓਥੇ ਹੈ ਹਜ਼ੂਰ ਸਾਹਿਬ। ਤੇ ਜਦ ਸਾਰਿਆਂ ਨੂੰ ਵਰ ਦਿੰਦੇ ਗਏ ਤੇ ਮਹਾਂ ਸਿਹੁੰ ਦੇ ਸਾਹਮਣੇ ਗਏ, ਉਹਨੂੰ ਆਖਿਆ 'ਮੰਗ ਕੀ ਮੰਗਦੈਂ? ਤ੍ਰਿਲੋਕੀ ਦਾ ਮਾਲਕ ਬਣਾ ਦੀਏ? ਉਹ ਕਹਿੰਦਾ ਨਾ ਜੀ, ਟੁੱਟੀ ਗੰਢ ਲਉ। ਉਹ ਜਿਹੜੀ ਬੇਦਾਵੇ ਦੀ ਚਿੱਠੀ ਸੀ, ਉਹ ਗੁਰੂ ਸਾਹਿਬ ਦੀ ਜੇਬ 'ਚ ਸੀ, ਉਹ ਕੱਢ ਕੇ ਓਹਨੂੰ ਦਿਖਾਲੀ, ਆਹੀ ਐ? ਅਖੇ ਆਹੀ ਐ। ਉਹਦੇ ਸਾਹਮਣੇ ਪਾੜ 'ਤੀ। ਅਖੇ ਹੁਣ ਤੈਨੂੰ ਰੱਖ ਲੀਏ। ਕਹਿੰਦਾ, ਨਾ ਜੀ, ਤੁਸੀਂ ਸਾਹਮਣੇ ਖੜ੍ਹੇ ਹੋਵੋਂ ਤੇ ਮੇਰਾ ਸਰੀਰ ਛੁੱਟ ਜਾਏ। ਮਹਾਂ ਸਿਹੁੰ ਦਾ ਸਰੀਰ ਛੁੱਟ ਗਿਆ। ਉਹ ਜਿਹੜੇ ਓਥੇ ਮੁਕਤ ਹੋਏ ਨੇ, ਓਸ ਦਿਨ ਤੇ ਇਹਦਾ ਨਾਉਂ 'ਮੁਕਤਸਰ' ਪੈ ਗਿਆ। ਅੱਜ ਓਸ ਤੀਰਥ ਤੇ ਬੜਾ ਭਾਰੀ ਮੇਲਾ ਹੈ। ਓਥੇ ਲੋਕ ਇਸ਼ਨਾਨ ਕਰਦੇ ਨੇ, ਓਥੇ ਲਿਖਿਆ ਹੈ ਜੋ ਇਹ (ਇਸ਼ਨਾਨ) ਕਰੇਗਾ, ਉਹ ਮੁਕਤ ਹੋਜੇਗਾ। ਉਹਦਾ ਨਾਉਂ ਮੁਕਤਸਰ ਪੈ ਗਿਆ। ਉਹ (ਸਿੱਖ) ਸਾਰੇ ਮੁਕਤ ਕਰ 'ਤੇ। ਉਹਦਾ ਨਾਉਂ 'ਮੁਕਤਸਰ' ਪੈ ਗਿਆ। ਅੱਜ ਮਾਘੀ ਦੀ ਸੰਗ੍ਰਾਂਦ ਐ ।

ਚੱਲ ਬੋਲ ਭਾਈ –

ਮਾਘਿ ਮਜਨੁ ਸੰਗਿ ਸਾਧੂਆ

ਮਾਘ ਦੇ ਮਹੀਨੇ ਜਦ ਇਹ ਸੰਗ੍ਰਾਂਦ ਆਵੇ, ਕੀ ਕਹਿੰਦੀ ਐ? ਗੁਰੂ ਸਾਹਿਬ ਪੰਚਮ ਪਾਤਸ਼ਾਹ ਕਹਿੰਦੇ–

ਮਾਘਿ ਮਜਨੁ ਸੰਗਿ ਸਾਧੂਆ

ਜਿਹੜੇ ਰੱਬ ਦੇ ਪਿਆਰੇ ਰੱਬ ਨਾਲ ਇੱਕ ਹੋਏ ਵੇ ਨੇ, ਉਨ੍ਹਾਂ ਦੀ ਧੂੜ ਦੇ ਵਿੱਚ ਅੱਜ ਦੇ ਦਿਨ ਇਸ਼ਨਾਨ ਕਰਨਾ ਚਾਹੀਏ। ਉਹਦਾ ਅੱਜ ਮਹਾਤਮ ਹੈ। ਤੁਸੀਂ ਓਸ ਪ੍ਰਮੇਸ਼ਰ ਦੇ ਪਿਆਰਿਆਂ ਦੇ ਦਾਸ ਹੋ ਕੇ, ਉਨ੍ਹਾਂ ਦੀ ਸੇਵਾ ਕਰਨੀ, ਉਨ੍ਹਾਂ ਦੀ ਧੂੜ ਆਪਣੇ ਮੱਥੇ ਨੂੰ ਲਾਉਣੀ–

ਧੂੜੀ ਕਰਿ ਇਸਨਾਨੁ॥

ਉਨ੍ਹਾਂ ਦੀ ਧੂੜੀ ਦੇ ਵਿੱਚ ਜੈਸੇ ਮਾਘ 'ਚ ਇਸ਼ਨਾਨ ਤ੍ਰਿਵੈਣੀ ਦਾ ਹੁੰਦੈ ਗਾ, ਓਥੇ ਵੀ (ਇੱਕ) ਮਹੀਨਾ ਮੇਲਾ ਲਗਦੈ 'ਪਰਾਗ-ਰਾਜ' ਦਾ। ਐਸੇ ਮਹਾਂਪੁਰਸ਼ਾਂ ਦਾ ਆਸਰਾ ਲਿਉ, ਜਿਹੜੇ ਰੱਬ ਨਾਲ ਜੁੜੇ ਵੇ ਨੇ-

ਹਰਿ ਕਾ ਨਾਮੁ ਧਿਆਇ ਸੁਣਿ

ਹਰੀ ਦਾ ਨਾਮ ਧਿਆਉਣਾ ਤੇ ਹਰੀ ਦਾ ਨਾਮ ਈਂ ਸੁਣਨਾ। ਪਹਿਲੇ ਨਾਮ ਨੂੰ ਸੁਣਨਾ ਫੇਰ ਨਾਮ ਨੂੰ ਧਿਆਨ ਦੇ ਵਿੱਚ ਲਿਆ ਕੇ ਪ੍ਰਮੇਸ਼ਰ ਦੇ 'ਚ, ਉਹਦਾ ਸਿਮਰਨ ਕਰਨਾ-

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ (ਪੰਨਾ ੨੯੫)

ਸਭਨਾ ਨੋ ਕਰਿ ਦਾਨੁ॥

ਤੂੰ (ਆਪਣੀ) ਪਹੁੰਚ (ਸਮਰੱਥਾ) ਦੇ ਅਨੁਸਾਰ ਜਿੰਨੀ ਤੇਰੀ ਪਹੁੰਚ ਐ, ਸਭਨਾਂ ਨੂੰ ਦਾਨ ਦੇਣਾ। ਕਿਸੇ ਦਾ ਸੰਕੇਤ ਨਹੀਂ ਬਈ ਇੱਕ ਨੂੰ ਦੇਣਾ, ਫਲਾਨੇ ਨੂੰ ਦੇਣਾ। ਦਾਨ ਦਾ ਹੱਕ, ਰੋਟੀ ਖਾਣ ਦਾ, ਭੋਜਨ ਦਾ ਸਭ ਦਾ ਹੈਗਾ। ਏਸ ਕਰਕੇ ਭਾਈ, ਜੋ ਵੀ ਤੇਰੀ ਨਿਗ੍ਹਾ 'ਚ ਆਵੇ, ਸਭ ਨੂੰ ਦਾਨ ਦੇਣਾ, ਆਪਣੀ ਪਹੁੰਚ ਦੇ ਅਨੁਸਾਰ-

ਜਨਮ ਕਰਮ ਮਲੁ ਉਤਰੈ

ਜਿਹੜੀ ਜਨਮਾਂ ਦੀ ਮੈਲ ਲੱਗੀ ਵੀ ਐ ਮਾੜਿਆਂ ਕਰਮਾਂ ਦੀ ਤੈਨੂੰ, ਉਹ ਉੱਤਰ ਜਾਏਗੀ, ਜਦ ਤੂੰ ਇਹ ਕੰਮ ਕਰੇਂਗਾ, ਨਾਮ ਜਪੇਂਗਾ, ਅਪਣੇ ਵਿੱਤ ਅਨੁਸਾਰ ਦਾਨ ਕਰੇਂਗਾ-

ਗੁਰਮੁਖਿ ਨਾਮੁ ਦਾਨੁ ਇਸਨਾਨੁ॥ (ਪੰਨਾ ੯੪੨)

ਜਦ ਤਿੰਨ ਚੀਜਾਂ ਤੇਰੇ 'ਚ ਆ ਗੀਆਂ ਫੇਰ ਤੇਰਾ ਭਾਈ ਅਧਾਰ ਹੋ ਜੂ, ਤੇਰੇ ਸਾਰੇ ਪਾਪ ਪਿਛਲੇ ਕੱਟੇ ਜਾਣਗੇ-

ਮਨ ਤੇ ਜਾਇ ਗੁਮਾਨੁ॥

ਇਹ ਜਿਹੜਾ ਤੇਰੇ ਅੰਦਰ ਹੰਕਾਰ ਐ ਜਾਤੀ ਦਾ, ਮਜ੍ਹਬ ਦਾ, ਫਲਾਨਾ, ਧਿਮਕਾ, ਪ੍ਰਮੇਸ਼ਰ ਨੂੰ ਛੱਡ ਕੇ, ਜਿਸ ਕਰਕੇ ਤੂੰ ਜੀਵ

ਬਣਿਆਂ ਵਿਐ। ਇਹਦੇ ਨਾਲ ਜਦ ਇਹ ਮਿਲਿਆ ਤਾਂ ਇਹ ਜੀਵ ਬਣ ਗਿਆ। ਜਦ ਇਹਦੇ 'ਚ ਈਸ਼ਰੀ ਸ਼ਕਤੀ ਆ ਗੀ ਤਾਂ ਇਹ ਈਸ਼ਰ ਬਣ ਗਿਆ, ਇਹ ਸਾਰੇ ਈਸ਼ਰ ਕੋਟੀ ਦੇ ਆਦਮੀ ਹੁੰਦੇ ਨੇ। ਅਸੀਂ ਏਥੇ ਪਾਣੀਪਤ ਗਏ ਵੇ ਸੇ, ਓਥੇ ਇੱਕ ਸੰਤ ਰਹਿੰਦਾ ਸੀ ਬਾਹਰ। ਉਨ੍ਹਾਂ ਨੇ ਆਖਿਆ, ਬਈ ਐਸਾ ਹੈ ਇਹ ਬੋਲਦਾ ਚਲਦਾ ਬਹੁਤ ਕਮ (ਘੱਟ) ਐਂ, ਹੋਰ ਦੇਸ਼ ਦਾ ਹੈਗਾ। ਮੈਂ ਵੀ ਚਲਿਆ ਗਿਆ, ਉਹ ਵੀ ਗਏ ਸਾਰੇ। ਉਹਨੂੰ ਜਦ ਇਹ ਬਾਤ ਕਹੀ, ਉਹ ਕਹਿੰਦਾ, ਨਾਂ ਇਹ ਈਸ਼ਰ ਕੁਟੀਆ, ਉਹ ਕੋਟੀ ਨੂੰ ਕੁਟੀਆ ਕਹਿੰਦਾ ਸੀ ਇਹ ਤਾਂ 'ਈਸ਼ਰ ਕੋਟੀ' ਐ। ਇਹ ਜਿੰਨੇ ਵੀ ਮਹਾਂਪੁਰਸ਼ ਨੇ ਇਹ ਸਾਰੇ 'ਈਸ਼ਰ ਕੋਟੀ' ਦੇ ਨੇ ਤੇ ਜਿਹੜਾ ਮੋਹ ਆਦੀ ਦੇ ਨਾਲ, ਮਮਤਾ 'ਚ ਹੰਗਤਾ 'ਚ ਫਸਿਆ ਵਿਆ ਜੀਵ ਐ, ਉਹਨੂੰ 'ਜੀਵ ਕੋਟੀ' ਕਹਿੰਦੇ ਨੇ। ਜੀਵ ਦਾ ਜਦ ਵੀ ਅਧਾਰ ਹੋਏਗਾ ਨਾਮ ਦੁਆਰਾ, ਪ੍ਰਮੇਸ਼ਰ ਦੀ ਕਿਰਪਾ ਦੁਆਰੇ ਈ ਹੋਏਗਾ। ਏਸ ਕਰਕੇ ਐਹ ਕੰਮ ਭਾਈ, ਮਾਘ ਦੇ ਮਹੀਨੇ ਗੁਰੂ ਸਾਹਿਬ ਕਹਿੰਦੇ, ਤੁਸੀਂ ਕਰਿਆ ਕਰੋ ਤਾਂ ਥੁਆਡਾ ਜਿਹੜਾ ਪਿਛਲਾ ਕਰਮ ਹੈ ਸਾਰਾ, ਉਹ ਕੱਟਿਆ ਜਾਏਗਾ। ਜਿਹੜਾ ਹੰਕਾਰ, ਤੁਸੀਂ ਇਹ ਅਭਿਮਾਨ ਕਰ ਲਿਐ, ਜਿਸ ਕਰਕੇ ਤੁਸੀਂ ਜੀਵ ਬਣੇ, ਇਹ ਵੀ ਥੁਆਡਾ ਨਾਸ ਹੋਜੇਗਾ, ਤੁਹਾਨੂੰ ਪ੍ਰਮੇਸ਼ਰ ਪ੍ਰਾਪਤ ਹੋਜੇਗਾ–

ਕਾਮਿ ਕਰੋਧਿ ਨ ਮੋਹੀਐ

ਇਹ ਕਾਮ, ਕਰੋਧ, ਲੋਭ, ਮੋਹ, ਹੰਕਾਰ ਤੈਨੂੰ ਮੋਹਿਤ ਨਹੀਂ ਕਰਨਗੇ ਜੀਵ! ਫੇਰ ਤੈਨੂੰ ਇਹ ਮੋਹਿਤ ਨਹੀਂ ਕਰਨਗੇ ਜਦ ਤੈਂ ਈਸ਼ਰ ਦਾ ਆਸਰਾ ਲੈ ਲਿਆ ਫੇਰ ਤੈਨੂੰ ਮੋਹਿਤ ਨਹੀਂ ਕਰਨਗੇ–

ਬਿਨਸੈ ਲੋਭੁ ਸੁਆਨੁ॥

ਇਹ ਲੋਭ ਰੂਪੀ ਕੁੱਤਾ ਜੋ ਹਰ ਵਕਤ ਭੌਂਕਦਾ ਰਹਿੰਦੈ, ਇਹ ਵੀ ਨਾਸ ਹੋ ਜੇਗਾ, ਇਹ ਵੀ ਤੇਰਾ ਖਹਿੜਾ ਛੱਡ ਜੇਗਾ–

ਸਚੈ ਮਾਰਗਿ ਚਲਦਿਆ

ਗੁਰਮੁਖਿ ਨਾਮੁ ਦਾਨੁ ਇਸਨਾਨੁ ॥ (ਪੰਨਾ ੯੪੨)

ਇਹ ਐ ਸੱਚਾ ਮਾਰਗ, 'ਨਾਮ ਮਾਰਗ'। ਤਾਂ-

ਉਸਤਤਿ ਕਰੇ ਜਹਾਨੁ॥

ਫੇਰ ਸਾਰੇ ਲੋਕ ਤੇਰੀ 'ਉਸਤਤਿ' ਕਰਿਆ ਕਰਨਗੇ। ਨਾਮਦੇਵ ਦੀ, ਕਬੀਰ ਦੀ, ਧੰਨੇ ਦੀ, ਜੈ ਦੇਵ ਦੀ, ਹੁਣ ਤੱਕ ਸਾਰੇ ਜਦੋਂ ਵੀ ਕੋਈ ਗ੍ਰੰਥ ਬਣਾਉਂਦੈ (ਲਿਖਦੈ) ਉਨ੍ਹਾਂ ਦੀ 'ਉਸਤਤਿ' ਵਿੱਚ ਜਰੂਰ ਲਿਖਦੈ, ਭਗਤਾਂ ਦੀ-

ਉਸਤਤਿ ਕਰੇ ਜਹਾਨੁ॥

ਸਾਰਾ ਜਹਾਨ ਤੇਰੀ ਉਸਤਤੀ ਕਰੂ ਜਦ ਤੂੰ ਸਿੱਧੇ ਮਾਰਗ ਦੇ ਵਿੱਚ ਚੱਲ ਜੇਂਗਾ -

ਅਠਸਠਿ ਤੀਰਥ ਸਗਲ ਪੁੰਨ

ਅਠਾਹਠ ਤੀਰਥਾਂ ਦਾ ਸਾਰਾ ਪੁੰਨ ਹੋ ਜੂ-

ਜੀਅ ਦਇਆ ਪਰਵਾਨੁ॥

ਜੇ ਤੂੰ ਇੱਕ ਜੀਵ ਦੇ ਉੱਤੇ ਵੀ ਦਇਆ ਕਰ ਦਏਂਗਾ, ਅਠਾਹਠ ਤੀਰਥਾਂ ਦੇ ਇਸ਼ਨਾਨ ਦਾ ਤੈਨੂੰ ਪੁੰਨ ਹੋਜੂਗਾ। ਜੀਵ ਦੀ ਦਇਆ ਕੀ ਐ? ਜੀਵ ਨੂੰ ਸਿੱਧੇ ਰਸਤੇ ਪਾ ਦੇਣਾ। ਜਿਤਨੇ ਦੁਨੀਆਂ ਦੇ ਮਹਾਂਪੁਰਸ਼ ਆਏ, ਉਨ੍ਹਾਂ ਨੇ ਜੀਵਾਂ ਨੂੰ ਸਿੱਧੇ ਰਸਤੇ ਪਾਇਆ

ਚਾਹੇ ਉਨ੍ਹਾਂ ਦਾ ਕੁੱਛ ਅਪਮਾਨ ਮਾੜਾ ਮੋਟਾ, ਹੋਇਆ ਤਾਂ ਗਲਤ ਪਰ ਹੋ ਈ ਗਿਆ ਥੋੜਾ ਘਣਾ ਪਰ ਉਨ੍ਹਾਂ ਨੇ ਰਸਤਾ ਤਾਂ ਸਿੱਧਾ ਹੀ ਦੱਸਿਆ। ਨਾਮ ਦਾਨ ਇਸ਼ਨਾਨ ਹੀ ਦੱਸਿਆ-

ਜਿਸ ਨੋ ਦੇਵੈ ਦਇਆ ਕਰਿ

ਜਿਸ ਨੂੰ ਪ੍ਰਮੇਸ਼ਰ ਪੂਰਣ ਦਇਆ ਕਰੇ, ਕਿਰਪਾ ਕਰਕੇ ਇਹ ਬਾਤ ਦੇਵੇ-

ਸੋਈ ਪੁਰਖੁ ਸੁਜਾਨੁ॥

ਉਹ ਪੁਰਖ 'ਸੁਜਾਨੁ' ਗਿਆਤ, ਗੇਅ ਹੋ ਜਾਏਂਗੇ। ਉਨ੍ਹਾਂ ਪੁਰਸ਼ਾਂ ਨੂੰ ਗਿਆਨ ਪ੍ਰਾਪਤ ਹੋ ਜੂ, ਈਸ਼ਰ ਦੀ ਦਇਆ ਦੇ ਨਾਲ-

ਜਿਨਾ ਮਿਲਿਆ ਪ੍ਰਭੁ ਆਪਣਾ

ਜਿਨ੍ਹਾਂ ਨੂੰ ਅਪਣਾ ਪ੍ਰਮੇਸ਼ਰ, ਆਤਮਾ, ਪ੍ਰਮਾਤਮਾ,'ਆਤਮਾ' ਨਾਉਂ

ਹੈ ਆਪਣੇ-ਆਪ ਦਾ, ਪ੍ਰਮਾਤਮਾ ਨਾਉਂ ਹੈ ਪ੍ਰਮਾਤਮਾ 'ਵਿਆਪਕ' ਦਾ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

(ਪੰਨਾ ੪੨੧)

ਉਹ ਤਾਂ ਅਮਰ ਹੋ ਜੇਗਾ, ਉਹ ਤਾਂ ਅੰਮ੍ਰਿਤ ਫਲ ਖਾਕੇ ਅਮਰ ਹੋ ਜੇਗਾ ਉਹਨੂੰ ਗਿਆਨ ਰੂਪੀ ਅੰਮ੍ਰਿਤਤਾ ਪ੍ਰਾਪਤ ਹੋ ਜਾਏਗੀ-

ਨਾਨਕ ਤਿਨ ਕੁਰਬਾਨੁ ॥

ਉਨ੍ਹਾਂ ਦੇ ਉੱਤੋਂ ਦੀ ਗੁਰੂ ਸਾਹਿਬ ਜੀ ਕਹਿੰਦੇ ਪੰਚਮ ਪਾਤਸ਼ਾਹ, ਕੁਰਬਾਨ ਜਾਂਨੇ ਆਂ ਉਨ੍ਹਾਂ ਪੁਰਸ਼ਾਂ ਤੋਂ ਦੀ-

ਮਾਘਿ ਸੁਚੇ ਸੇ ਕਾਂਢੀਅਹਿ

ਮਾਘ ਦੇ ਮਹੀਨੇ ਦੁਆਰਾ, ਉਹ ਸੁੱਚੇ ਕਹੇ ਜਾਣਗੇ, ਪਵਿੱਤ੍ਰ ਕਹੇ ਜਾਣਗੇ-

ਜਿਨ ਪੂਰਾ ਗੁਰੁ ਮਿਹਰਵਾਨੁ ॥

ਜੀਹਦੇ ਉੱਤੇ ਪੂਰਨ ਗੁਰੂ ਦੀ ਕਿਰਪਾ ਹੋ ਗਈ ਐ।

ਚੱਲ ਜੀ ਪੜ੍ਹਦੇ-

ਜਿਨਾ ਮਿਲਿਆ ਪ੍ਰਭੁ ਆਪਣਾ ਨਾਨਕ ਤਿਨ ਕੁਰਬਾਨੁ ॥
ਮਾਘਿ ਸੁਚੇ ਸੇ ਕਾਂਢੀਅਹਿ ਜਿਨ ਪੂਰਾ ਗੁਰੁ ਮਿਹਰਵਾਨੁ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

ਸਤਿਗੁਰ ਪ੍ਰਸਾਦਿ॥

੫੨

ਸੂਹੀ ਮਹਲਾ ੫ ॥

ਸਗਲ ਤਿਆਗਿ ਗੁਰ ਸਰਣੀ ਆਇਆ ਰਾਖਹੁ ਰਾਖਨਹਾਰੇ ॥
ਜਿਤੁ ਤੂ ਲਾਵਹਿ ਤਿਤੁ ਹਮ ਲਾਗਹ ਕਿਆ ਏਹਿ ਜੰਤ ਵਿਚਾਰੇ ॥ ੧॥
ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ ॥
ਕਰਿ ਕਿਰਪਾ ਗੁਰਦੇਵ ਦਇਆਲਾ ਗੁਣ ਗਾਵਾ ਨਿਤ ਸੁਆਮੀ॥ ੧॥ ਰਹਾਉ ॥
ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ ॥
ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆ ਇਉ ਮਰੀਐ ॥ ੨॥
ਸਫਲ ਜਨਮੁ ਤਿਸ ਕਾ ਜਗ ਭੀਤਰਿ ਸਾਧਸੰਗਿ ਨਾਉ ਜਾਪੇ॥
ਸਗਲ ਮਨੋਰਥ ਤਿਸ ਕੇ ਪੂਰਨ ਜਿਸੁ ਦਇਆ ਕਰੇ ਪ੍ਰਭੁ ਆਪੇ ॥ ੩॥
ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ ਤੇਰੀ ਸਰਣਿ ਦਇਆਲਾ ॥
ਕਰਿ ਕਿਰਪਾ ਅਪਨਾ ਨਾਮੁ ਦੀਜੈ ਨਾਨਕ ਸਾਧ ਰਵਾਲਾ ॥ ੪॥ ੧੧ ॥ ੫੮ ॥ (ਪੰਨਾ ੭੫੦)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਸ੍ਰੀ ਗੁਰੂ ਅਰਜਨ ਦੇਵ, ਮਹਾਂਪੁਰਸ਼ਾਂ, ਪੂਰਣ ਗੁਰੂਆਂ ਦੁਆਰੇ ਰੱਬੀ ਬਾਣੀ ਆਈ ਪਰ ਇਹ ਵੀ ਥੁਆਨੂੰ ਪਤਾ ਹੈਗਾ–

ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਪੰਨਾ ੧੪੦੯)

ਗੁਰੂ ਰਾਮਦਾਸ ਨੇ ਉਹ ਗੁਰੂ 'ਜੋਤਿ', ਗੁਰੂ ਅਰਜਨ ਦੇ ਵਿੱਚ ਰੱਖ 'ਤੀ, ਪਿਰਥੀਏ 'ਚ ਨਹੀਂ ਰੱਖੀ, ਮਹਾਂਦੇਵ 'ਚ ਨਹੀਂ ਰੱਖੀ,

ਉਹ ਬੜੇ ਸੇ। ਕਿਉਂ ? ਈਸ਼ਰੀ ਹੁਕਮ ਨਹੀਂ ਸੀ। ਗੁਰੂ ਘਰ, ਹੁਕਮ ਦੇ ਅਨੁਸਾਰ ਚਲਦੈ ਗਾ। ਗੁਰੂ ਸਿੱਖ, ਜਿੰਨੇ ਵੀ ਮਹਾਂਪੁਰਸ਼ ਹੋਏ ਨੇ, ਉਹ ਸਾਰੇ ਹੁਕਮ ਦੇ ਅਨੁਸਾਰ ਈ ਚਲਦੇ ਰਹੇ ਨੇ। ਥੁਆਨੂੰ ਪਤਾ ਹੋਊ ਇਤਿਹਾਸ ਦਾ। ਅਕਾਲੀ (ਫੂਲਾ ਸਿੰਘ) ਨੇ ਮਹਾਰਾਜਾ ਰਣਜੀਤ ਸਿਹੁੰ ਨੂੰ ਸਾਫ ਕਹਿ 'ਤਾ, ਏਹ ਹੁਕਮ ਨਹੀਂ ਹੈ, ਤੇਰੇ ਲੜਕਿਆਂ ਨੂੰ ਗੱਦੀ ਦੇਣ ਦਾ ਹੁਕਮ ਨਹੀਂ ਹੈ। ਜੇ ਤੇਰਾ ਪੋਤਾ ਨੌਂ ਨਿਹਾਲ ਸਿਹੁੰ ਸਾਨੂੰ ਲੱਗਿਆ ਬਖਸ਼ਿਆ ਵਿਆ ਤਾਂ ਉਹਨੂੰ ਅਸੀਂ ਗੱਦੀ ਦੇਵਾਂਗੇ ਤੇ ਤੇਰੇ ਨਾਲ ਨਹੀਂ ਅਸੀਂ ਤੁਰਨਾ, ਅਸੀਂ ਹੁਕਮ 'ਚ ਚੱਲਣੈ ਗਾ। ਅਕਾਲੀ ਦੇ ਵਿੱਚ ਰੂਹਾਨੀਅਤ ਸੀ। ਅਖੀਰੀ ਜਾਕੇ ਮਹਾਰਾਜੇ ਨੂੰ ਅਕਾਲੀ ਦੇ ਚਰਨਾਂ ਤੇ ਪੈਣਾ ਪਿਆ। ਬਾਬਾ ਸਾਹਿਬ ਸਿਹੁੰ (ਬੇਦੀ) ਨੂੰ ਜਦ ਮਹਾਰਾਜੇ ਨੇ ਕਿਹਾ, ਉਹ ਕਹਿੰਦਾ, ਨਾਂ ਬਈ ਮੈਂ ਤੈਨੂੰ ਤਿਲਕ ਦਿੱਤੈ, ਹੁਕਮ ਦੇ ਅਨੁਸਾਰ ਦਿੱਤੈ। ਤੂੰ ਹੁਕਮ 'ਚ ਨਹੀਂ ਚੱਲਿਆ, ਤੈਂ ਖਾਲਸੇ ਨਾਲ ਪੂਰਾ ਕੰਮ ਨਹੀਂ ਕੀਤਾ, ਜਿਹੋ ਜਿਹਾ ਚਾਹੀਦਾ ਸੀ। ਜੋ ਅਕਾਲੀ ਕਹਿੰਦੈ, ਕਹਿੰਦਾ ਮੈਂ ਵੀ ਏਹੀ ਹਾਂ,ਪਰ ਮੈਂ ਐਨੀ ਗੱਲ ਕਹਿਨੈ ਗਾ, ਅਕਾਲੀ ਤੂੰ ਜਾਣ ਦੇ,ਜੇ ਕੰਮ ਤੁਰਿਆ ਚੱਲੇ।ਏਸ ਕਰਕੇ, ਹੁਕਮ ਨਹੀਂ ਹੈ। ਅਕਾਲੀ ਕਹਿੰਦਾ, ਹੁਕਮ ਨਹੀਂ ਹੈ। ਨਲੂਏ (ਹਰੀ ਸਿੰਘ) ਨੂੰ, ਬੜਾ ਸੂਰਮਾ ਸੀ ਪਰ ਉਹਨੂੰ ਹੁਕਮ ਦਾ ਪਤਾ ਨਹੀਂ ਸੀਗਾ, ਅਕਾਲੀ ਨੂੰ ਹੁਕਮ ਦਾ ਪਤਾ ਸੀ। ਅਕਾਲੀ ਦੇ ਉੱਤੇ ਬਖਸ਼ਿਸ਼ ਹੋਈ ਵੀ ਸੀ, ਇਹ ਆਹ ਹੁਕਮ–

ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਪੰਨਾ ੧੪੦੯)

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ॥

(ਪੰਨਾ ੧੪੦੮)

ਉਹ ਜੋਤੀ ਸਰੂਪ, ਆਪ ਗੁਰੂ ਨਾਨਕ ਕਹਾ ਕੇ, ਦੁਨੀਆਂ ਦੇ ਵਿੱਚ ਆਇਐ, ਗੁਰੂ ਬਣ ਕੇ ਆਇਐ, ਦੁਨੀਆਂ ਨੂੰ ਸਿੱਖਿਆ ਦੇਣੇ ਵਾਸਤੇ ਆਇਐ–

ਨਾਨਕ ਅੰਗਦ ਕੋ ਬਪੁ ਧਰਾ ॥
ਧਰਮ ਪ੍ਰਚੁਰਿ ਇਹ ਜਗ ਮੋ ਕਰਾ ॥ (ਦਸਮ ਗ੍ਰੰਥ)

ਉਨ੍ਹਾਂ ਨੇ ਅੰਗਦ ਦਾ ਰੂਪ ਧਾਰਣ ਕੀਤਾ, ਸਰੀਰ–

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਪੰਨਾ ੯੬੬)

ਸਰੀਰ ਦਾ ਫਰਕ ਪਿਆ, ਇਹ ਕੁਦਰਤ ਵੱਲੋਂ ਸੀਗਾ ਪਰ 'ਜੋਤਿ' ਔਰ 'ਜੁਗਤਿ' ਓਹੀ ਸੀ–

ਅਮਰਦਾਸ ਪੁਨਿ ਨਾਮੁ ਕਹਾਯੋ ॥
ਜਨ ਦੀਪਕ ਤੇ ਦੀਪ ਜਗਾਯੋ ॥ (ਦਸਮ ਗ੍ਰੰਥ)

ਗੁਰੂ ਅੰਗਦ ਦੇਵ ਨੇ, ਅਮਰਦਾਸ ਕਹਾ ਕੇ ਉਹ ਦੀਵਾ ਸਾਫ ਓਹਾ ਜਿਹਾ ਈ ਸੀ। ਪਹਿਲੇ ਦੂਆ ਸੀ, ਜਗਾ 'ਤਾ,ਉਹ ਜੋਤ ਗੁਰੂ ਅਮਰਦੇਵ ਤੋਂ, ਗੁਰੂ ਰਾਮਦਾਸ ਮੇਂ ਗਈ। ਜਦ ਇਹ ਬਖਸ਼ਿਸ਼ ਹੋਈ –

ਜਬ ਬਰਦਾਨਿ ਸਮੈ ਵਹੁ ਆਵਾ ॥
ਰਾਮਦਾਸ ਤਬ ਗੁਰੂ ਕਹਾਵਾ ॥
ਤਿਹ ਬਰਦਾਨਿ ਪੁਰਾਤਨਿ ਦੀਆ ॥
ਅਮਰਦਾਸਿ ਸੁਰਪੁਰਿ ਮਗੁ ਲੀਆ ॥ (ਦਸਮ ਗ੍ਰੰਥ)

ਇਹ ਵਰਦਾਨ ਪੁਰਾਤਨ ਸੀਗਾ ਸੋਢੀਆਂ ਨੂੰ, ਉਹ ਗੱਦੀ ਤੇ ਆ ਗੇ। ਉਹ ਜੋਤ ਗੁਰੂ ਰਾਮਦਾਸ ਦੇ ਵਿੱਚ ਆ ਗੀ–

ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਪੰਨਾ ੧੪੦੯)

ਗੁਰੂ ਰਾਮਦਾਸ ਨੇ 'ਜੋਤਿ' ਉਹ ਗੁਰੂ ਅਰਜਨ ਦੇ ਵਿੱਚ ਧਰ 'ਤੀ। ਹੁਣ ਇਹ ਗੁਰ–ਗੱਦੀ ਦੇ ਮਾਲਕ ਹੋ ਗੇ ਤੇ ਮਾਲਕ ਹੋਣੇ ਸੇ ਇਨ੍ਹਾਂ ਨੂੰ ਈਸ਼ਰੀ ਬਾਣੀ ਆਈ, ਜੋ ਈਸ਼ਰੀ ਬਾਣੀ ਆਈ ਹੁਣ ਓਸ ਦਾ ਵਿਚਾਰ ਕਰਦੇ ਆਂ। ਥੁਆਨੂੰ ਏਸ ਬਾਤ ਦਾ ਪਤਾ ਈ ਐ ਬਈ ਸਭ ਕੁੱਛ ਹੁਕਮ 'ਚ ਐ, ਹੁਕਮ ਦੇ ਬਾਹਰ ਤਾਂ ਕੁੱਛ ਨਹੀਂ–

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥

ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

(ਪੰਨਾ ੧)

ਜਿੰਨਾਂ ਚਿਰ ਇਹ ਹੁਕਮ ਨਹੀਂ ਬੁੱਝਦਾ, ਓਨਾਂ ਚਿਰ ਹੰਕਾਰ ਨਹੀਂ ਦੂਰ ਹੁੰਦਾ ਇਹਦੇ ਮਨ ਦੇ ਵਿੱਚੋਂ, ਆਹ ਬੜਾ ਦੁੱਖ ਹੈ। ਜਦ ਏਸ ਨੂੰ ਉਹ ਹੁਕਮ ਦੀ ਸੂਝ ਆ ਗੀ, ਹੰਕਾਰ ਚਲਿਆ ਜਾਊ, ਇਹਦੇ ਅੰਦਰ ਚਾਨਣ ਹੋ ਜੂ, ਪ੍ਰਗਟ ਹੋ ਜੂ–

ਸੂਹੀ ਮਹਲਾ ੫ ॥

ਸੂਹੀ ਰਾਗ ਦੇ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਕਥਨ ਕਰਦੇ ਨੇ –

ਸਗਲ ਤਿਆਗਿ ਗੁਰ ਸਰਣੀ ਆਇਆ

ਦੁਨੀਆਂ ਦੇ ਸਾਰੇ ਖਿਆਲਾਂ ਨੂੰ ਛੱਡ ਕੇ, ਚੰਗੇ ਮਾੜੇ ਜੋ ਸੀਗੇ ਸਾਰਿਆਂ ਨੂੰ ਛੱਡ ਕੇ, ਸ੍ਰੀ ਗੁਰੂ ਰਾਮਦਾਸ ਮਹਾਰਾਜ ਦੀ ਸ਼ਰਣ ਦੇ ਵਿੱਚ ਮੈਂ ਆਇਆਂ। ਇਹ ਗੁਰੂ ਅਰਜਨ ਦੇਵ ਆਪਣੀ ਬਾਬਤ ਕਹਿੰਦੇ ਨੇ। ਮੈਂ ਕੋਈ ਖਿਆਲ ਨਹੀਂ ਦੁਨੀਆਂ ਦਾ ਰੱਖਿਆ, ਏਸ ਨੂੰ, ਸਾਰੀ ਦੁਨੀਆਂ ਨੂੰ ਮਿੱਥਿਆ ਸਮਝਿਆ–

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਮੈਨੂੰ ਪਤਾ ਲੱਗ ਗਿਆ ਜੋ ਦੇਖਣੇ 'ਚ ਆਉਂਦੈ, ਉਹ ਮਿੱਥਿਆ ਹੁੰਦੈ, ਜੋ ਦੇਖਣੇ ਵਾਲਾ ਹੁੰਦੈ, ਉਹ ਸਤਿ ਹੁੰਦੈ, ਇਹ ਨਿਯਮ ਐ। ਜੋ ਥੁਆਡੇ ਅੰਦਰ ਤੁਹਾਡੇ ਖਿਆਲ ਨੂੰ ਦੇਖੇਗਾ, ਉਹ ਸਤਿ ਹੁੰਦੈ। ਤੁਸੀਂ ਅਪਣੀਆਂ ਬਿਰਤੀਆਂ 'ਚ ਦੇਖੋ, ਆਪਣੇ ਖਿਆਲਾਂ 'ਚ ਦੇਖੋ। ਜਦ ਖਿਆਲ ਸਾਹਮਣੇ ਆਉਂਦੈ, ਖਿਆਲ ਤਾਂ ਜੜ੍ਹ ਹੁੰਦੈ ਗਾ। ਉਹ ਤਾਂ ਰਜੋ, ਤਮੋ, ਸਤੋ ਤਿੰਨਾਂ ਗੁਣਾਂ ਦਾ ਹੁੰਦੈ ਗਾ ਪਰ ਜਦ ਉਹਦੇ ਨਾਲ ਉਹ ਦ੍ਰਸ਼ਟਾ, ਸਾਖਸ਼ੀ ਮਿਲਦੈ, ਜਿੱਥੇ ਵੀ ਬਿਰਤੀ ਜਾਊ, ਦੇਖਣੇ ਵਾਲਾ ਤਾਂ ਸਾਖਸ਼ੀ ਐ, ਬੁੱਧੀ ਤਾਂ ਜੜ੍ਹ ਹੈ, ਬਿਰਤੀ ਤਾਂ ਜੜ੍ਹ ਹੈ, ਮਨ ਵੀ ਜੜ੍ਹ ਹੈ। ਇਹ ਤਾਂ ਸਾਰਾ ਸੌਦਾ, ਪ੍ਰਾਣ ਵੀ ਜੜ੍ਹ ਨੇ, ਇੰਦਰੀਏ ਸਭ ਕੁੱਛ ਜੜ੍ਹ ਹੈ। ਪਰ ਚੇਤਨ ਤਾਂ ਇੱਕੋ ਈ ਐ। ਆਹ ਥੁਆਡੇ ਅੰਦਰ ਜਿਹੜਾ, ਥੁਆਡਾ ਸਾਖਸ਼ੀ ਰੂਪੇਣ ਬੈਠੈ

ਗਾ ਉਹ ਪ੍ਰਮੇਸ਼ਰ ਹੈ, ਸਾਖਸ਼ੀ ਹੈ, ਅੰਤਰ-ਆਤਮਾ ਹੈ, ਉਹਦੀ ਸੂਝ ਨਹੀਂ ਆਈ -

ਅੰਤਰ ਆਤਮੈ ਬ੍ਰਹਮੁ ਨ ਚੀਨਿ੍ਆ ਮਾਇਆ ਕਾ ਮੁਹਤਾਜੁ ਭਇਆ ॥ (ਪੰਨਾ ੪੩੫)

ਤੈਂ, ਅੰਦਰ ਆਪਣੇ, ਗੁਰੂ ਸਾਹਿਬ ਜੀ ਕਹਿੰਦੇ, ਅੰਤਰ-ਆਤਮਾ ਨੂੰ ਵਿਆਪਕ ਨਾ ਜਾਣਿਆਂ। ਉਹ ਸਾਰਿਆਂ ਖਿਆਲਾਂ ਦਾ ਦ੍ਰਸ਼ਟੈ ਗਾ, ਉਹ ਪਾਰਖ ਹੈ, ਤੈਂ ਨਾ ਜਾਣਿਆਂ ਤੇ ਏਸ ਕਰਕੇ ਤੂੰ ਜੀਵ ਹੋ ਕੇ ਮਾਇਆ ਦੇ ਅਧੀਨ ਹੋ ਗਿਆ। ਤੂੰ ਤਾਂ ਮਾਇਆ ਦਾ ਮਾਲਕ ਸੀ ਪਰ ਤੂੰ ਮਾਇਆ ਦੇ ਅਧੀਨ ਹੋ ਗਿਆ। ਤੂੰ ਭੁੱਲ ਗਿਆ, ਤੂੰ ਉਹ ਰਸਤਾ ਭੁੱਲ ਗਿਆ ਗੁਰੂ ਕਾ। ਏਸ ਕਰਕੇ ਉਹ ਕਹਿੰਦੇ, ਮੈਂ ਪਹਿਲੇ ਈ ਇਹ ਸਾਰੇ ਖਿਆਲਾਂ ਨੂੰ, ਮਿੱਥਿਆ ਨੂੰ ਛੱਡ ਕੇ, ਮੈਂ ਗੁਰੂ ਰਾਮਦਾਸ ਪੂਰਣ ਦੀ ਸ਼ਰਣ ਆਇਆਂ, ਮੈਂ ਸੰਤ ਦੀ ਸ਼ਰਣ ਆਇਆਂ, 'ਸੰਤ' ਗੁਰੂ ਰਾਮਦਾਸ ਜੀ ਦਾ ਨਾਉਂ ਹੈਗਾ-

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ (ਪੰਨਾ ੧੩੮੮)

ਕਿਰਪਾ ਕਰਕੇ ਪ੍ਰਮੇਸ਼ਰ ਸੰਤ ਬਣਾਉਂਦਾ ਹੁੰਦੈ, ਕੋਈ ਆਦਮੀ, ਪੰਚਾਇਤ ਨਹੀਂ ਸੰਤ ਬਣਾਉਂਦੀ ਹੁੰਦੀ। ਸੰਤ ਤਾਂ ਬਖਸ਼ਿਸ਼ ਨਾਲ ਬਣਦਾ ਹੁੰਦੈ, ਜੀਹਦੇ ਤੇ ਬਖਸ਼ਿਸ਼ ਹੋ ਜਾਏ ਉਹ ਸੰਤ ਬਣ ਜਾਂਦੈ ਗਾ। ਉਹ ਅਕਾਲੀ ਹੋਰਾਂ ਨੂੰ ਕੀ ਫਾਇਦਾ ਸੀ, ਕੋਈ ਜਾਇਦਾਦ ਤਾਂ ਨਹੀਂ ਸੀ ਕੁੱਛ। ਉਹ ਮਹਾਰਾਜੇ ਦੇ ਨੀਚੇ ਸੀ ਪਰ ਮਹਾਰਾਜੇ ਨੂੰ ਇਹ ਪਤਾ ਸੀ ਇਹਦੇ 'ਚ ਰੂਹਾਨੀਅਤ ਐ। ਹੋਰ ਮਹਾਰਾਜਾ ਤਾਂ ਬੜਾ ਸਿਆਣਾ ਸੀਗਾ ਉਹ ਅਕਾਲੀ ਦੀ ਗੱਲ ਨੂੰ ਨਹੀਂ ਸੀ ਉਲੱਦਦਾ (ਮੋੜਦਾ) ਸਭ ਦੀ ਗੱਲ ਨੂੰ ਉਲੱਦ ਦਿੰਦਾ ਸੀਗਾ। ਏਸ ਕਰਕੇ, ਜਦ ਤੱਕ ਇਹ ਰੂਹਾਨੀਅਤ ਨੂੰ ਨਹੀਂ ਸਮਝਦਾ, ਉਦੋਂ ਤੱਕ ਇਹਤੋਂ ਉਹੋ ਪਰਾ ਮਾਇਆ ਦੀ ਅਧੀਨਤਾ ਨਹੀਂ ਛੱਡੀ ਜਾਏਗੀ, ਇਹ ਮਾਇਆ ਦੇ ਅਧੀਨ ਰਹੇਗਾ। ਏਸ ਕਰਕੇ, ਇਹਦਾ ਅੰਤਰ-

ਆਤਮਾ ਅਸੰਗ ਹੈ, ਵਿਆਪਕ ਐ, ਪਰੀਪੂਰਣ ਹੈ। ਇਹਦਾ ਆਪਾ ਓਹੀ ਹੈ। ਇਹ ਚੇਤਨ ਹੈ, ਜੜ੍ਹ ਤਾਂ ਹੈ ਨਹੀਂ। ਜੇ ਜੜ੍ਹ ਹੋਵੇ ਤਾਂ ਇਹਨੂੰ ਨਾ ਆਪਣਾ ਗਿਆਨ ਹੋਵੇ ਨਾ ਦੂਏ ਦਾ ਗਿਆਨ ਹੋਵੇ। ਹੈ ਤਾਂ ਚੇਤਨ, ਏਸ ਮੇਂ ਕੋਈ ਸ਼ੱਕ ਨਹੀਂ ਪਰ ਇਹ ਓਸ ਨੂੰ ਸਮਝਿਆ ਨਹੀਂ । ਕਬੀਰ ਕਹਿੰਦਾ –

ਸਮਝਿ ਪਰੀ ਤਉ ਬਿਸਰਿਓ ਗਾਵਨੁ ॥ (ਪੰਨਾ ੪੭੮)

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥

(ਪੰਨਾ ੪੨੧)

ਜੀਹਨੇ ਆਪਣੇ ਆਪ ਨੂੰ ਚੀਨ ਲਿਆ, ਗੁਰੂ ਸਾਹਿਬ ਕਹਿੰਦੇ, ਉਹ ਪਰਮਾਤਮਾ ਹੈ–

ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

(ਪੰਨਾ ੪੨੧)

ਉਹ ਅੰਮ੍ਰਿਤ ਦਾ ਬ੍ਰਿਛ ਹੋ ਜੇਗਾ, ਉਹਦੇ ਸਾਰੇ ਫਲ ਅੰਮ੍ਰਿਤ ਈ ਹੋਣਗੇ। ਗਿਆਨ ਤੇ ਮੋਕਸ਼ ਜਰੂਰ ਹੁੰਦੀ ਐ। ਏਸ ਕਰਕੇ ਅਸੀਂ ਸਾਰਾ, ਜਿੰਨਾਂ ਤਿੰਨੇ ਗੁਣ, ਪੰਜ ਤੱਤ, ਜਿੱਥੇ ਤੱਕ ਜੜ੍ਹ ਸੀ, ਉਹਨੂੰ ਤਿਆਗ ਕੇ ਗੁਰੂ ਰਾਮਦਾਸ ਦੇ ਚਰਨਾਂ ਦੇ ਵਿੱਚ ਆਏ। ਇਹ ਗੁਰੂ ਅਰਜਨ ਦੇਵ ਜੀ ਕਹਿੰਦੇ ਨੇ, ਤੁਸੀਂ ਵੀ ਭਾਈ ਸਾਰੇ ਖਿਆਲਾਂ ਨੂੰ ਛੱਡ ਕੇ ਓਸ ਪ੍ਰਮੇਸ਼ਰ ਦੀ ਸ਼ਰਣ ਲਓ–

ਸਰਵ ਧਰਮਾਨ ਪਰਿਤਯਜਯ ਮਾਮੇਕੰ ਸ਼ਰਣੰ ਵ੍ਰਜ।
ਅਹੰ ਤਵਾ ਸਰਵ ਪਾਪੇਭਯੋ ਮੋਖਸ਼ਯ ਸ਼ਿਆਮਿ ਮਾ ਸ਼ੁਚ:।

(ਗੀਤਾ ੧੮/੬੬)

ਏਹੀ (ਸ਼ਰਣ) ਅਖੀਰੀ ਗੀਤਾ ਦੇ ਵਿੱਚ ਅੰਤ ਨੂੰ ਕ੍ਰਿਸ਼ਨ ਨੂੰ ਕਹਿਣਾ ਪਿਆ ਅਰਜਨ! ਸਾਰਿਆਂ ਨੂੰ ਛੱਡ ਕੇ ਸ਼ਰਣ ਪੈ ਜਾ, ਸਚਿਦਾਨੰਦ ਦੀ ਸ਼ਰਣ ਤੈਨੂੰ ਤਾਰੇਗੀ। ਮੈਂ ਤੈਨੂੰ ਹੁਣ ਇੱਕੋ ਈ ਬਾਤ ਦੱਸਦਾਂ ਗਾ। ਏਸ ਕਰਕੇ, ਅਸੀਂ ਓਸ ਪੂਰਣ ਗੁਰੂ ਰਾਮਦਾਸ ਮਹਾਰਾਜ ਦੀ ਸ਼ਰਣ ਆਏ, ਕਿਉਂ? ਉਹਦੇ ਵਿੱਚ 'ਜੋਤਿ' ਹੈ, ਗੁਰੂ 'ਜੋਤਿ' ਹੁਣ ਗੁਰੂ ਅਰਜਨ ਦੇ ਵਿੱਚ ਐ। ਉਹ ਕਿੱਥੋਂ ਆਈ? ਉਹ ਗੁਰੂ ਰਾਮਦਾਸ

ਪਾਸੋਂ ਆਈ। ਉਹ ਜਦ 'ਜੋਤਿ' ਆਈ ਤਾਂ ਗੁਰੂ ਅਰਜਨ ਦੇਵ, ਗੁਰੂ ਰਾਮਦਾਸ ਦੇ ਚਰਣਾਂ ਤੇ ਝੁਕ ਗੇ,ਪੈ ਗੇ, ਦਾਸ ਬਣ ਗੇ–

ਰਾਖਹੁ ਰਾਖਨਹਾਰੇ ॥

ਹੇ ਪ੍ਰਮੇਸ਼ਰ! ਹੇ ਗੁਰੂ ਰਾਮਦਾਸ! ਤੁਸੀਂ ਰੱਖਣਹਾਰੇ ਹੋਂ–

ਗੁਰੁ ਪ੍ਰਮੇਸਰੁ ਏਕੋ ਜਾਣੁ॥ ਜੋ ਤਿਸੁ ਭਾਵੈ ਸੋ ਪਰਵਾਣੁ ॥

(ਪੰਨਾ ੮੬੪)

ਤੁਸੀਂ ਓਂ ਰਾਖੇ–

ਰਾਖਾ ਏਕੁ ਹਮਾਰਾ ਸੁਆਮੀ ॥ ਸਗਲ ਘਟਾ ਕਾ ਅੰਤਰਜਾਮੀ ॥

(ਪੰਨਾ ੧੧੩੬)

ਜੋ ਸਾਰਿਆਂ ਦੇ ਹਿਰਦਿਆਂ ਚ ਅੰਤਰਜਾਮੀ, ਨਿਯੰਤਾ, ਉਹ ਸਭ ਦਾ ਰਾਖੈ ਗਾ। ਤੁਸੀਂ! ਐਸ ਵਕਤ ਰਾਖੇ ਹੋਂ, ਹੁਣ ਮੈਨੂੰ ਤੁਸੀਂ ਰੱਖ ਲਓ। ਜੋ ਤੁਸੀਂ ਹੁਕਮ ਦੇਵੋਂਗੇ, ਉਹ ਮਨੂੰਗਾ। ਥੁਆਨੂੰ ਪਤੈ? ਇਤਿਹਾਸ 'ਚ 'ਚਾਰ ਹੁਕਮ' ਗੁਰੂ ਰਾਮਦਾਸ ਨੇ ਦਿੱਤੇ–

੧. 'ਅੰਬਰਸਰ' ਤੀਰਥ ਨੂੰ ਠੀਕ ਸੰਪੂਰਣ ਕਰਨੈ।
੨. 'ਤਰਨ ਤਾਰਨ' ਤੀਰਥ ਬਣਾਉਣੈ।
੩. ਗੁਰੂ ਦੀ ਜਿੰਨੀ ਵੀ ਬਾਣੀ ਐਂ, ਭਗਤਾਂ ਦੀ, ਚਾਹੇ ਦੂਸਰਿਆਂ ਦੀ ਰੂਹਾਨੀ ਬਾਣੀ,ਜਿਤਨੀ ਵੀ ਰੱਬੀ ਬਾਣੀ ਐਂ, ਓਸਦੀ 'ਇੱਕ ਬੀੜ' ਬੰਨ੍ਹ ਦੇਣੀ ਐਂ। ਆਹ ਥੁਆਡੇ ਸਾਹਮਣੇ ਐਂ।
੪. 'ਕਰਤਾਰਪੁਰ' ਇੱਕ ਤੁਸੀਂ ਕਰਤਾਰ ਦੇ ਨਾਉਂ ਤੇ ਪਿੰਡ ਵੀ ਬਣਾਉਂਣੈ ਗਾ, ਵਸਾਉਣੈ।

ਚਾਰੇ ਹੁਕਮ, ਗੁਰੂ ਅਰਜਨ ਦੇਵ ਨੇ ਪੂਰੇ ਕੀਤੇ, ਉਹ ਹੁਕਮ ਤੇ ਪੂਰਨ ਪਹਿਰਾ ਦਿੱਤਾ। ਏਸ ਕਰਕੇ, ਹੁਣ ਅਸੀਂ (ਗੁਰੂ ਸਾਹਿਬ) ਆਖਦੇ ਹਾਂ, ਹੁਣ ਸਾਡੇ ਤੁਸੀਂ ਰਾਖੇ ਹੋਂ। ਸਾਡਾ ਹੁਣ ਰਾਖਾ, ਆਪ ਤੇ ਬਿਨਾਂ ਕੋਈ ਨਹੀਂ। ਕਿਉਂ?–

ਗੁਰੁ ਪਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥

(ਪੰਨਾ ੮੬੪)

ਗੁਰੂ ਔਰ ਪ੍ਰਮੇਸ਼ਰ ਇੱਕ ਹੁੰਦੈ–

ਬ੍ਰਹਮ ਗਿਆਨੀ ਕਉ ਖੋਜਹਿ ਮਹੇਸੁਰ ॥
ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ ॥

(ਪੰਨਾ ੨੭੩)

ਤੁਸੀਂ ਆਪ ਪ੍ਰਮੇਸ਼ਰ ਹੋਂ। ਹੁਣ ਅਸੀਂ ਆਪ ਦੀ ਸ਼ਰਣ 'ਚ ਆ ਗੇ ਆਂ, ਹੋਰ ਸਾਡਾ ਕੋਈ ਖਿਆਲ ਨਹੀਂ ਹੈ। ਸਾਰੇ ਖਿਆਲ ਅਸੀਂ ਦੁਨੀਆਂ ਦੇ ਛੱਡ ਕੇ, ਆਪ ਦੀ ਸ਼ਰਣ ਆਏ–

ਜਿਤੁ ਤੂ ਲਾਵਹਿ ਤਿਤੁ ਹਮ ਲਾਗਹ

ਹੁਣ ਜਿੱਥੇ ਤੁਸੀਂ ਮੈਨੂੰ ਹੁਕਮ ਦੇਵੋਂਗੇ, ਲਾਵੋਂਗੇ ਮੈਂ ਓਥੇ ਲੱਗੂੰਗਾ। ਮੈਂ ਸਾਰੀ ਆਯੂ ਅਪਣਾ ਹੁਕਮ, ਅਪਣੀ ਹਉਮੈ ਕਦੇ ਨਾ ਅੱਗੇ ਕਰੂੰਗਾ। ਆਪ ਦੇ ਹੁਕਮ ਤੇ ਚੱਲੂੰਗਾ, ਆਪ ਦੇ ਹੁਕਮ ਦੀ ਆਗਿਆ ਤੇ ਚੱਲੂੰਗਾ। ਹੁਣ, ਜੋ ਆਪ ਮੈਨੂੰ ਆਗਿਆ ਕਰੋਂਗੇ, ਮੈਂ ਉਹ ਮਨੂੰਗਾ–

ਕਿਆ ਏਹਿ ਜੰਤ ਵਿਚਾਰੇ ॥

ਇਹ ਜਿਹੜੇ ਜੀਵ ਨੇ, ਜੇ ਇਹ ਆਪੋ ਆਪਣੇ ਜੈਸੇ ਇਨ੍ਹਾਂ ਦੀ ਸਿਆਣਪ ਹੈ, ਜੈਸੇ ਇਨ੍ਹਾਂ ਦੀ ਬੋਲੀ, ਇਹ ਕੁੱਛ ਬੋਲਣ, ਕੋਈ ਕੁੱਛ ਕਰੇ। ਇਹ ਕੀ ਕਰਨਗੇ? ਮੈਂ ਤਾਂ ਆਪ ਦੇ ਹੁਕਮ 'ਚ ਆਂ। ਜੋ ਆਪ ਹੁਕਮ ਦੇਉਂਗੇ, ਆਪ ਦੀ ਸ਼ਰਣ ਹਾਂ, ਆਪ ਦੇ ਹੁਕਮ 'ਚ ਆਂ। ਜਿੱਥੇ ਆਪ ਮੈਨੂੰ ਲਾਵੋਂਗੇ ਓਥੇ ਲੱਗੂੰਗਾ। ਹੁਣ ਮੇਰਾ ਮਨ, ਮੇਰੇ ਵੱਸ 'ਚ ਐ, ਆਪ ਦੀ ਕਿਰਪਾ ਤੇ। ਕਿਉ?–

ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਪੰਨਾ ੧੪੦੯)

ਹੁਣ ਗੁਰੂ 'ਜੋਤਿ' ਤਾਂ ਅੰਦਰ ਆ ਗੀ, ਗੁਰੂ 'ਜੋਤਿ' ਆਉਣੇ ਸੇ ਮਨ ਦੀ ਤਾਂ ਕੋਈ ਗੱਲ ਚੱਲਣੀ ਨਹੀਂ, ਮਨ ਤਾਂ ਕੁੱਛ ਕਰ ਨਹੀਂ ਸਕੇਗਾ। ਗੁਰੂ 'ਜੋਤਿ' ਤੇ ਪਹਿਲੇ ਮਨ ਨੇ ਕਰਨੈ, ਜਦ ਗੁਰੂ 'ਜੋਤਿ' ਆ ਗੀ, ਫਿਰ ਮਨ ਦੀ ਕੀ ਤਾਕਤ ਹੈਗੀ? ਏਸ ਕਰਕੇ, ਜਿੱਥੇ ਤੁਸੀਂ ਲਾਵੋਂਗੇ, ਓਥੇ ਲੱਗੂੰ। ਹੁਣ ਆਪ ਦਾ ਜੋ ਹੁਕਮ ਐਂ, ਮੈਂ ਓਸ ਨੂੰ ਨਿਭਾਊਂ, ਆਪ ਦੀ ਕਿਰਪਾ ਤੇ–

ਮੇਰੇ ਰਾਮ ਜੀ ਤੂੰ ਪ੍ਰਭ ਅੰਤਰਜਾਮੀ ॥

ਹੇ ਪ੍ਰਮੇਸ਼ਰ! ਹੇ ਗੁਰੂ ਰਾਮਦਾਸ! ਤੂੰ ਮੇਰਾ ਰਾਮ ਹੈਂ, ਤੂੰ ਮੇਰਾ ਪ੍ਰਭੂ ਹੈਂ, ਤੂੰ ਹੀ ਮੇਰਾ ਅੰਤਰਜਾਮੀ ਹੈਂ, ਤੂੰ ਪ੍ਰਮੇਸ਼ਰ ਹੈਂ। ਮੈਂ ਆਪ ਦਾ ਦਾਸ ਹਾਂ, ਆਪ ਦੀ ਸ਼ਰਣ ਪਿਆਂ। ਜੋ ਉਨ੍ਹਾਂ ਦੇ ਅੰਦਰ ਬਾਤ ਸੀ, ਉਨ੍ਹਾਂ ਨੇ ਸਾਫ ਸ਼ਬਦ ਦੇ ਵਿੱਚ ਪ੍ਰਗਟ ਕਰ 'ਤੀ, ਰੱਬੀ ਬਾਣੀ 'ਚ–

ਕਰਿ ਕਿਰਪਾ ਗੁਰਦੇਵ ਦਇਆਲਾ

ਹੇ ਦੀਨਾਂ ਤੇ ਦਇਆ ਕਰਨ ਵਾਲੇ! ਹੇ ਗੁਰੂ! ਮੇਰੇ ਉੱਤੇ ਹੁਣ ਕਿਰਪਾ ਕਰ, ਹੁਣ ਮੈਂ ਕੋਈ ਚੀਜ, ਕਿਰਪਾ ਤੇ ਬਿਨਾਂ ਹੋਰ ਨਹੀਂ ਮੰਗਦਾ, ਮੈਨੂੰ ਤਾਂ ਕਿਰਪਾ ਚਾਹੀਦੀ ਐ–

ਗੁਣ ਗਾਵਾ ਨਿਤ ਸੁਆਮੀ ॥ ੧॥

ਹੇ ਸੁਆਮੀ! ਹੇ ਮਾਲਕ! ਸਾਰੀ ਦੁਨੀਆਂ ਦੇ ਮਾਲਕ! ਹੇ ਪ੍ਰਮੇਸ਼ਰ! ਆਪ ਦੇ ਗੁਣ ਗਾਉਂਦਾ ਰਹਾਂ। ਹੁਣ ਮੈਂ ਪ੍ਰਮੇਸ਼ਰ ਦੇ ਗੁਣਾਂ ਤੇ ਬਿਨਾਂ ਹੋਰ ਕਿਸੇ ਦੇ ਗੁਣ ਨਾ ਗਾਵਾਂ। ਮੈਂ ਆਪ ਦਾ ਸਿਮਰਨ ਕਰਦਾ ਰਹਾਂ –

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥
(ਪੰਨਾ ੨੯੫)

ਜੀਵ ਦਾ ਅਧਾਰ ਏਥੇ ਜਾਕੇ ਹੋਣਾ ਹੈਗਾ। ਹੁਣ ਮੇਰੇ ਉੱਤੇ ਇਹ ਕਿਰਪਾ ਕਰੋ, ਮੇਰਾ ਮਨ, ਆਪ ਦੀ ਕਿਰਪਾ ਤੇ ਆਪ ਦੇ ਸਿਮਰਨ 'ਚ ਜੁੜਿਆ ਰਹੇ, ਨਾਮ 'ਚ ਜੁੜਿਆ ਰਹੇ, ਨਾਮ ਤੇ ਅਲਹਿਦਾ ਮੇਰਾ ਮਨ ਨਾ ਜਾਵੇ–

ਰਹਾਉ ॥

'ਰਹਾਉ' ਹੁੰਦੈ ਰਾਗੀਆਂ ਵਾਸਤੇ ਬਈ ਇਹ ਪੰਕਤੀ ਦੋ ਵਾਰੀ ਕਹਣੀ–

ਆਠ ਪਹਰ ਪ੍ਰਭੁ ਅਪਨਾ ਧਿਆਈਐ

ਜੋ ਆਪਣਾ ਪ੍ਰਭੂ, ਪ੍ਰਮੇਸ਼ਰ ਐ, ਅੱਠ ਪਹਿਰ ਉਹਦਾ ਧਿਆਨ

ਕਰੀਏ, ਆਪਣੇ ਪ੍ਰਮੇਸ਼ਰ ਨੂੰ ਛਿਣ ਮਾਤਰ ਨਾ ਭੁੱਲੀਏ-

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ॥

(ਪੰਨਾ ੨)

ਜੋ ਸਾਰੀ ਦੁਨੀਆਂ ਦਾ ਦਾਤਾ ਪ੍ਰਮੇਸ਼ਰ ਐ, ਉਹ ਮੈਨੂੰ ਭੁੱਲੇ ਨਾ ਕਦੇ। ਉਹ ਭੁੱਲਣੇ ਸੇ ਹੀ ਜੀਵ ਭੁੱਲਦਾ ਹੈਗਾ, ਹੋਰ ਜੀਵ 'ਚ ਕੋਈ ਬਾਤ ਨਹੀਂ। ਜਦ ਇਹ ਭੁੱਲ 'ਚ ਆਉਂਦੈ ਗਾ ਤਾਂ ਫੇਰ ਇਹ ਆਪਣੇ-ਆਪ ਨੂੰ ਭੁੱਲ ਜਾਂਦੈ ਤੇ ਆਪਣੇ ਪ੍ਰਮੇਸ਼ਰ, ਜਿਹੜਾ ਸਾਰਿਆਂ ਦੇ ਵਿੱਚ 'ਆਤਮਾ' ਰੂਪੇਣ ਬੈਠੈ ਅੰਤਰ-ਆਤਮਾ, ਪ੍ਰਮੇਸ਼ਰ, ਵਿਆਪਕ, ਸੋਹੰ-ਪ੍ਰਕਾਸ਼, ਸੁਤੇ-ਸਿੱਧ, ਉਹਨੂੰ ਨਾ ਮੈਂ ਭੁੱਲਾਂ ਓਸ ਪ੍ਰਮੇਸ਼ਰ ਨੂੰ। ਹੇ ਪ੍ਰਮੇਸ਼ਰ! ਆਪ ਨੂੰ ਕਦੇ ਮੈਂ ਭੁੱਲਾਂ ਨਾ-

ਗੁਰ ਪ੍ਰਸਾਦਿ ਭਉ ਤਰੀਐ ॥

ਜੇ ਗੁਰੂ ਦਾ 'ਪ੍ਰਸਾਦਿ' ਹੋ ਜੈ, ਤੇ ਪੂਰਣ 'ਭਉ' ਪ੍ਰੇਮ ਹੋ ਜੈ, ਜੇ ਜੀਵ ਦੇ ਹਿਰਦੇ ਵਿੱਚ ਪ੍ਰਮੇਸ਼ਰ ਦਾ ਪੂਰਣ ਪ੍ਰੇਮ ਹੋ ਜੈ ਤਾਂ ਫੇਰ ਗੁਰੂ ਦਾ ਹੋ ਜੈ ਉੱਤੇ 'ਪ੍ਰਸਾਦਿ' ਕਿਰਪਾ, ਤਾਂ ਜੀਵ ਤਰਦੈ। ਜੇ ਤੁਸੀਂ ਤਰਨੈ ਤਾਂ ਗੁਰੂ ਦੇ ਉੱਤੇ-

ਗੁਰੁ ਪਰਮੇਸਰੁ ਏਕੋ ਜਾਣੁ ॥ (ਪੰਨਾ ੮੬੪)

ਐਨ ਪੂਰੇ ਤੌਰ ਤੇ ਓਥੇ ਦਿਲ ਨੂੰ ਖੜਾਅ ਲਉ ਕਿ ਗੁਰੂ ਅੰਤਰਜਾਮੀ ਹੈ, ਸਰਬੱਗ ਹੈ। ਉਹ ਕਿਰਪਾ ਕਰ ਦੇਗਾ ਤੇ ਤੁਸੀਂ ਤਰਜੋਂਗੇ, ਤਰਨ ਦਾ ਉਪਾਅ ਏਹੀ ਹੈਗਾ-

ਆਪੁ ਤਿਆਗਿ ਹੋਈਐ ਸਭ ਰੇਣਾ

ਹੰਕਾਰ ਨੂੰ ਹਿਰਦੇ 'ਚੋਂ ਕੱਢ ਦੇਈਏ, ਸਭ ਦੀ ਚਰਣ ਧੂੜ ਹੋ ਜਾਈਏ। ਸਾਰਿਆਂ ਦੇ ਹਿਰਦਿਆਂ ਦੇ ਵਿੱਚ ਜੋ ਪ੍ਰਮੇਸ਼ਰ ਬੈਠਾ ਹੈ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਪੰਨਾ ੧੪੨੭)

ਜੇ ਤੈਂ ਸੰਸਾਰ ਤੋਂ ਪਾਰ ਹੋਣੈ ਤਾਂ ਸਾਰਿਆਂ ਦੇ ਹਿਰਦੇ 'ਚ ਅੰਤਰਜਾਮੀ ਜੋ ਨਿਯੰਤਾ ਪ੍ਰਮੇਸ਼ਰ ਐ, ਉਹਤੋਂ ਕਦੇ ਬੇਮੁੱਖ ਨਾ

ਹੋਈਂ। ਓਸ ਦੀ ਧੂੜ ਹੋ ਕੇ ਰਹੀਂ ਤੇ ਨਿੰਮਰਤਾ ਪੂਰਣ ਰੱਖੀਂ। ਨਿੰਮਰਤਾ ਐਸੀ ਹੋਵੇ, ਹੰਕਾਰ ਨਾ ਆਵੇ, ਹੰਕਾਰ ਦੀ ਨਵਿਰਤੀ ਤੇ ਇਹਦਾ ਅਧਾਰ ਹੋ ਜਾਂਦੈ–

ਜੀਵਤਿਆ ਇਉ ਮਰੀਐ ॥ ੨॥

ਕਹਿੰਦੇ, ਐਂ ਜਿਉਂਦੇ ਜਿਉਂਦੇ ਮੋਕਸ਼ ਹੋ ਜਾਂਦੀ ਐ। 'ਮਰੀਐ' ਦਾ ਅਰਥ ਐ ਮੋਕਸ਼। ਐਂ ਜੀਵ ਦੀ ਜਿਉਂਦੇ ਜਿਉਂਦੇ ਦੀ ਗੁਰੂ ਅਰਜਨ ਦੇਵ ਜੀ ਕਹਿੰਦੇ, ਭਾਈ! ਐਂ ਮੋਕਸ਼ ਹੋ ਜਾਂਦੀ ਐ। ਜੇ ਏਥੇ ਚਲਿਆ ਜਾਏ ਤਾਂ ਇਹਦੀ ਜਿਉਂਦੇ ਦੀ ਮੋਕਸ਼ ਹੋ ਜਾਂਦੀ ਹੈ। ਤੇ ਫੇਰ ਜੇ ਮਰੇ ਤੇ ਮੋਕਸ਼ ਹੋਈ ਤਾਂ ਉਹ ਤਾਂ ਫੇਰ ਉਧਾਰੀ ਮੋਕਸ਼ ਐ। ਖਬਰੈ ਕੀ ਹੋਏਗਾ? ਜਿਉਂਦੇ ਦੀ ਐਂ ਮੋਕਸ਼ ਹੋ ਜਾਂਦੀ ਐ–

ਸਫਲ ਜਨਮੁ ਤਿਸ ਕਾ ਜਗ ਭੀਤਰਿ

ਜੀਹਦੀ ਜਿਉਂਦੇ ਦੀ ਮੋਕਸ਼ ਹੋ ਗਈ, ਜੀਹਨੂੰ 'ਆਤਮ–ਗਿਆਨ' ਦੇ ਦੁਆਰਾ ਕਿਰਪਾ ਹੋ ਕੇ ਸਰੂਪ ਦੀ ਪ੍ਰਾਪਤੀ ਹੋ ਗੀ। ਐਂ ਐਸ ਲੋਟ ਕਹਿੰਦੇ ਨੇ। ਹੁਣ ਫੇਰ ਪੜ੍ਹ ਇਹ ਪੰਕਤੀ –

ਸਫਲ ਜਨਮੁ ਤਿਸ ਕਾ ਜਗ ਭੀਤਰਿ

ਉਹਦਾ ਜਗਤ ਦੇ ਵਿੱਚ ਜਨਮ ਸਫਲ ਹੋ ਗਿਆ, ਉਹਦਾ ਮਨੁੱਸ਼ ਸਰੀਰ ਸਫਲ ਹੋ ਗਿਆ, ਉਹਦਾ ਜਨਮ ਧਾਰਨਾ ਸਫਲ ਹੋ ਗਿਆ। ਐਸ ਵਾਸਤੇ, ਆਹ ਸ਼ਬਦ ਹੈ ਬਈ ਐਂ ਭਾਈ! ਥੁਆਡਾ ਜਨਮ ਸਫਲ ਹੋਏਗਾ। ਹੋਰ ਜਨਮ ਸਫਲ ਹੋਣ ਦਾ ਕੋਈ ਹੇਤੂ (ਕਾਰਣ) ਨਹੀਂ ਹੈ–

ਸਾਧਸੰਗਿ ਨਾਉ ਜਾਪੇ ॥

ਸਾਧੂਆਂ ਦੇ ਸੰਗ ਮਿਲ ਕੇ ਨਾਮ ਜਪਿਆ ਕਰੋ। 'ਸਾਧ' ਓਸ ਪੁਰਸ਼ ਦਾ ਨਾਉਂ ਐ, ਜਿਹੜਾ ਰੱਬ ਦੇ ਨਾਲ ਮਿਲ ਗਿਆ। ਜੀਹਦੇ ਤੇ ਬਖਸ਼ਿਸ਼ ਹੋ ਗੀ, ਉਹ ਸਾਧੂ ਹੋ ਜਾਂਦੈ। ਪ੍ਰਮੇਸ਼ਰ ਦੀ ਬਖਸ਼ਿਸ਼ ਤੇ ਸਾਧੂ ਵੀ ਹੋ ਜਾਂਦਾ ਹੈਗਾ, ਸੰਤ ਵੀ ਬਣ ਜਾਂਦੈ–

ਕੋਟਿ ਮਧੇ ਕੋਈ ਸੰਤੁ ਦਿਖਾਇਆ ॥
ਨਾਨਕੁ ਤਿਨ ਕੈ ਸੰਗਿ ਤਰਾਇਆ ॥ (ਪੰਨਾ

ਕਰੋੜਾਂ ਦੇ ਵਿੱਚ ਭਾਈ! ਕੋਈ ਸੰਤ ਵੀ ਹੋ ਜਾਂਦੈ, ਬਖਸ਼ਿਆ ਵਿਆ ਜਿਹੜਾ ਕੋਈ ਹੋਵੇ, ਕਿਤੇ ਕੋਈ ਬਖਸ਼ਿਆ ਜਾਵੇ। ਕੋਈ ਜਾਤੀ ਹੋਵੇ, ਕੋਈ ਮਜ਼੍ਹਬ ਹੋਵੇ, ਇਹਦੇ 'ਚ ਕੋਈ ਕਿਸੇ ਦਾ ਹੱਥ ਨਹੀਂ ਕੋਈ ਹੱਕ ਨਹੀਂ। ਚਾਹੇ ਰਵਿਦਾਸ ਹੋਵੇ, ਚਾਹੇ ਬਾਲਮੀਕ ਹੋਵੇ, ਚਾਹੇ ਨਾਮਾਂ ਛੀਂਬਾ ਹੋਵੇ, ਚਾਹੇ ਧੰਨਾ ਜੱਟ ਹੋਵੇ, ਚਾਹੇ ਜੈ ਦੇਵ ਬ੍ਰਾਹਮਣ ਹੋਵੇ, ਸ਼ਰਤ ਇਹਦੇ 'ਚ ਨਹੀਂ ਐ? ਚਾਹੇ ਕਬੀਰ ਜੁਲਾਹਾ ਹੋਵੇ, ਇਹਦੇ ਵਿੱਚ ਇਹ ਸ਼ਰਤ ਨਹੀਂ ਹੈ ਪਰ ਜਦ ਉਹ ਬਖਸ਼ਿਆ ਜਾਏਗਾ, ਉਹਦਾ ਜਨਮ ਸਫਲ ਹੋ ਜੇਗਾ, ਉਹ ਜਿਉਂਦਾ ਈ ਮੁਕਤ ਹੋ ਜੇਗਾ–

ਸਗਲ ਮਨੋਰਥ ਤਿਸ ਕੇ ਪੂਰਨ

ਸਾਰੇ ਮਨੋਰਥ, ਜਿੰਨੇ ਵੀ ਉਹਦੇ ਛੋਟੇ ਵੱਡੇ ਕਰਮ ਸੇ ਉਹ ਸਾਰੇ ਜਲ ਗੇ, ਨਵਿਰਤ ਹੋ ਗੇ। ਉਹਦੇ ਸਾਰੇ ਜਨਮਾਂ ਦੀ ਜਿਹੜੀ ਆਸਾ ਸੀ, ਪ੍ਰਮੇਸ਼ਰ ਦੀ ਪ੍ਰਾਪਤੀ ਦੀ, ਉਹ ਪੂਰਨ ਹੋ ਗੀ। ਉਹ ਹੁਣ ਪ੍ਰਾਪਤ ਹੋ ਗੀ, ਜਿਹੜੀ ਵਸਤੂ ਚਾਹੁੰਦਾ ਸੀ–

ਜਿਸੁ ਦਇਆ ਕਰੇ ਪ੍ਰਭੁ ਆਪੇ ॥ ੩॥

ਆਪ ਇਹ ਜੀਹਦੇ ਤੇ ਦਇਆ ਕਰੇ, ਜੀਵ ਅਲਪੱਗ ਕੀ ਕਰੂਗਾ? ਇਹਨੂੰ ਕੀ ਪਤੈ? ਇਹਨੂੰ ਤਾਂ ਪਤਾ ਹੀ ਨਹੀਂ ਹੈਗਾ ਬਈ ਕਿੱਧਰ ਨੂੰ ਚੱਲਣੈ, ਕਿਵੇਂ ਚੱਲਣੈ। ਉਹਦੀ ਦਇਆ ਨਾਲ ਸਾਰਾ ਈ ਕੰਮ ਬਣ ਜਾਊ–

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥ (ਪੰਨਾ ੨੧੯)

ਗੁਰੂ ਨੌਵੇਂ ਪਾਤਸ਼ਾਹ ਕਹਿੰਦੇ, ਓਏ! ਜੇ ਹਰੀ ਦਿਆਲੂ ਹੋ ਜੇ ਤੇਰੀਆਂ ਸਾਰੀਆਂ ਵਿਧੀਆਂ ਸਫਲ ਹੋ ਜਾਣਗੀਆਂ। ਤੂੰ ਇਹ ਗੱਲ ਮੰਨ, ਇੱਕ ਕੰਮ ਕਰ, ਤੂੰ ਹਰੀ ਨੂੰ ਆਪਣੇ ਉੱਤੇ ਦਿਆਲੂ ਕਰ, ਤੂੰ ਐਹਾ ਜਿਹਾ ਕੰਮ ਕਰ, ਜਿਸ ਕਰਕੇ ਤੇਰੇ ਤੇ ਪ੍ਰਮੇਸ਼ਰ ਦਇਆ ਕਰੇ, ਦਿਆਲੂ ਹੋ ਜੈ, ਤੇਰੀਆਂ ਸਾਰੀਆਂ ਵਿਧੀਆਂ ਸਫਲ ਹੋ

ਜਾਏਂਗੀਆਂ। ਤੇਰਾ ਜਨਮ ਸਫਲ ਹੋ ਜੂ। ਤੂੰ ਜਿਉਂਦਾ ਈ ਮੁਕਤ ਹੋ ਜੇਂਗਾ। ਹੰਕਾਰ ਦੀ ਨਵਿਰਤੀ ਹੋ ਜੂ। ਆਤਮਾ ਦੀ ਪ੍ਰਾਪਤੀ ਹੋਣੇ ਸੇ, ਤੂੰ ਬਖਸ਼ਿਆ ਗਿਆ।ਇਹ ਆਪੇ ਈ ਸਾਰਾ ਕੰਮ ਤੇਰਾ ਸਫਲ ਹੋ ਜੂ ਪਰ ਪ੍ਰਮੇਸ਼ਰ ਦੀ ਦਇਆ ਤੇ ਹੋਊਗਾ, ਤੂੰ ਐਹੇ ਜਿਹੇ ਕੰਮ ਕਰ, ਜਿਸ ਕਰਕੇ ਪ੍ਰਮੇਸ਼ਰ ਤੇਰੇ ਤੇ ਦਇਆ ਕਰੇ-

ਦੀਨ ਦਇਆਲ ਕ੍ਰਿਪਾਲ ਪ੍ਰਭ ਸੁਆਮੀ

ਦੀਨਾਂ ਦੇ ਉੱਤੇ ਦਇਆ ਕਰਨ ਵਾਲੇ ਹੇ ਪ੍ਰਭੂ! ਹੇ ਸੁਆਮੀ! ਹੇ ਮਾਲਕ!-

ਤੇਰੀ ਸਰਣਿ ਦਇਆਲਾ ॥

ਹੇ ਦਿਆਲੂ! ਮੈਂ ਆਪ ਦੀ ਸ਼ਰਣ ਆਇਆਂ ਗਾ। ਓਹੀ ਜਿੱਥੋਂ ਚੱਲਿਆ ਸੀ ਸ਼ਰਣ ਤੋਂ, ਓਥੇ ਹੀ ਫੇਰ ਆ ਗਏ। ਮੈਂ ਹੁਣ ਆਪ, ਹੇ ਗੁਰੂ ਰਾਮਦਾਸ ਮਹਾਰਾਜ! ਪ੍ਰਮੇਸ਼ਰ, ਅੰਤਰਜਾਮੀ! ਗੁਰੂ ਅਰਜਨ ਦੇਵ ਕਹਿੰਦੇ, ਮੈਂ ਆਪ ਦੀ ਸ਼ਰਣ ਆਇਆਂ। ਉਨ੍ਹਾਂ ਦੀ ਸ਼ਰਣ ਤੇ ਮੈਨੂੰ ਆਹ ਸਫਲਤਾ ਪ੍ਰਾਪਤ ਹੋਈ, ਜਿਹੜੀ ਥੁਆਨੂੰ ਸੁਣਾਈ ਐ-

ਕਰਿ ਕਿਰਪਾ ਅਪਨਾ ਨਾਮੁ ਦੀਜੈ

ਕਿਰਪਾ ਕਰਕੇ ਆਪਣਾ ਨਾਮ ਦੇ ਦਿਉ ਹੇ ਪ੍ਰਮੇਸ਼ਰ! ਜਦ ਮੰਗ ਮੰਗੋ ਤਾਂ ਨਾਮ ਤੇ ਮੰਗੋ। ਇੱਕ, ਉਹ ਮਾਲਵੇ ਦੇ ਮੁੰਡੇ ਪੜ੍ਹਦੇ ਹੁੰਦੇ ਨੇ ਟਿੱਬਿਆਂ ਵਿੱਚ। ਮੈਂ ਪੜ੍ਹਦੇ ਸੁਣਿਐਂ, ਮੈਂ ਪਿਆ ਸੀ ਓਥੇ। ਉਹ ਬਹੁਤਾ ਈ ਇਹ ਪੜ੍ਹਨ, ਸਾਰੀਆਂ ਪੰਕਤੀਆਂ ਲਾ ਕੇ "ਨਾਮ ਦਾਨ ਦੇਣਾ ਦਾਤਾ ਜੀ, ਕਿਤੇ ਜਾਈਏ ਨਾ ਜਹਾਨ ਵਿੱਚੋਂ ਖਾਲੀ" ਉਨ੍ਹਾਂ ਦੀ ਲੈਅ ਵੀ ਹੋਰ ਹੁੰਦੀ ਐ। ਉਹ ਬੜੀ ਈ ਸੋਹਣੀ ਪੜ੍ਹਨ "ਨਾਮ ਦਾਨ ਦੇਣਾ ਦਾਤਾ ਜੀ, ਕਿਤੇ ਜਾਈਏ ਨਾ ਜਹਾਨ ਵਿੱਚੋਂ ਖਾਲੀ", ਬੜਾ ਸੋਹਣਾ ਲੈਅ ਨਾਲ ਪੜ੍ਹਨ। ਪਿੱਛੋਂ ਫੇਰ ਇਹ ਸ਼ਬਦ ਲਾਉਣ, ਫੇਰ ਏਹੀ ਪੜ੍ਹਨ, ਉਨ੍ਹਾਂ ਦੀ ਧਾਰਣਾ ਸੀਗੀ। ਮੈਂ ਵੀ ਸੁਣਿਐਂ, ਮੈਂ ਆਖਿਆ ਬਈ! ਬੜੀ ਸੋਹਣੀ ਮੰਗ ਐ ਇਨ੍ਹਾਂ ਦੀ। ਪਰ ਮੰਗ ਨਾਮ ਦਾਨ ਦੀ ਹੋਵੇ, ਦੁਨੀਆਂ ਦੀਆਂ ਮੰਗਾਂ ਜਿਹੜੀਆਂ ਹਨ, ਉਨ੍ਹਾਂ ਨੇ ਤੁਹਾਡੇ ਨਾਲ ਤਾਂ ਤੁਰਨਾਂ ਨਹੀਂ, ਨਾ ਉਨ੍ਹਾਂ ਮੰਗਾਂ ਨੇ ਕੁੱਛ ਸਾਰਨੈ । ਜੇ ਉਨ੍ਹਾਂ ਮੰਗਾਂ ਤੇ

ਕੁੱਛ ਮਿਲਜੇ, ਕੰਮ ਥੁਆਡਾ ਮੋਕਸ਼ ਦਾ ਤਾਂ ਵੀ ਨਹੀਂ ਨਿਕਲਣਾ, ਚਾਹੇ ਤੁਸੀਂ ਜੋਰ ਲਾ ਲਿਉ। ਸਿਕੰਦਰ ਨੂੰ ਅੰਤ ਨੂੰ ਕਹਿਣਾ ਪਿਆ, ਉਹ ਸਮਾਨ ਮੇਰੇ ਸਾਹਮਣੇ ਕਰ ਦਿਉ ਓਏ, ਮੈ ਗਿਆ, ਮੇਰੇ ਸਾਹਮਣੇ ਸਮਾਨ ਕਰਦੋ। ਮੈ ਹੋਰ ਨਹੀਂ, ਮੈ ਅੱਖਾਂ ਨਾਲ ਦੇਖ ਤਾਂ ਲਾਂ, ਕੀ ਕੀਤਾ ਸੀ ? ਉਹ ਰੱਖ ਦੀਆ। ਕਹਿੰਦਾ, ਅਗਾਹਾਂ ਨੂੰ ਮੇਰਾ ਜਨਾਜਾ ਜਦ ਕੱਢੋਂਗੇ, ਹੱਥ ਬਾਹਰ ਕਰ ਦਿਉ। ਲੋਕਾਂ ਨੂੰ ਇਹ ਭਰਮ ਨਾ ਰਹੇ ਬਈ ਸਿਕੰਦਰ ਵੀ ਕੁੱਛ ਨਾਲ ਲੈ ਗਿਆ ਜਾਂਦਾ ਹੋਇਆ। ਕਹਿੰਦਾ, ਮੈਂ ਵੀ ਐਵੇਂ ਬਿਰਥਾ ਈ ਲੜਿਆ, ਬੇਅਰਥ ਲੜਿਆ, ਬੇਅਰਥ ਮੈਂ ਕੀਤਾ, ਦੁਨੀਆਂ ਨੂੰ ਦੁੱਖ ਦਿੱਤਾ, ਗਲਤ ਕਰਿਆ। ਪਰ ਲੋਕਾਂ ਨੂੰ ਹੁਣ ਪਤਾ ਲੱਗ ਜਾਏ, ਸਿਕੰਦਰ ਕੁੱਛ ਲੈ ਕੇ ਨਹੀਂ ਗਿਆ, ਇਹ ਤਾਂ ਸਮਝ ਜਾਣਗੇ। ਪਰ ਓਹੋ ਜਿਹੇ ਸਿਕੰਦਰ ਤਾਂ ਹੋਰ ਵੀ ਬਹੁਤ ਹੋ ਗੇ। ਏਸ ਕਰਕੇ, ਪ੍ਰਮੇਸ਼ਰ ਦੀ ਦਇਆ ਤੇ ਬਿਨਾਂ ਕੰਮ ਨਹੀਂ ਬਣੇਗਾ। ਪ੍ਰਮੇਸ਼ਰ ਦੀ ਕਿਰਪਾ ਤੇ ਬਿਨਾਂ ਭਾਈ! ਨਹੀਂ ਕੰਮ ਬਣੇਗਾ–

ਨਾਨਕ ਸਾਧ ਰਵਾਲਾ ॥

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਮੈਂ ਗੁਰੂ ਰਾਮਦਾਸ ਦੇ ਚਰਨਾਂ ਦੀ ਧੂੜ ਹਾਂ। ਮੈਨੂੰ ਗੁਰੂ ਰਾਮਦਾਸ ਦੇ ਚਰਨਾਂ ਦੀ ਧੂੜ ਪ੍ਰਾਪਤ ਹੋਈ। ਆਹ ਸਾਰੀ ਪਦਵੀ ਮੈਨੂੰ ਐਸ ਕਰਕੇ ਪ੍ਰਾਪਤ ਹੋਈ ਐ।

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

ਸਤਿਗੁਰ ਪ੍ਰਸਾਦਿ॥

੫੩

ਧਨਾਸਰੀ ਮਹਲਾ ੧ ਛੰਤ ਸਤਿਗੁਰ ਪ੍ਰਸਾਦਿ॥
ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥
ਤੀਰਥੁ ਸਬਦ ਬੀਚਾਰੁ ਅੰਤਰਿ ਗਿਆਨੁ ਹੈ ॥
ਗੁਰ ਗਿਆਨੁ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ॥
ਹਉ ਨਾਮੁ ਹਰਿ ਕਾ ਸਦਾ ਜਾਚਉ ਦੇਹੁ ਪ੍ਰਭ ਧਰਣੀਧਰਾ ॥
ਸੰਸਾਰੁ ਰੋਗੀ ਨਾਮੁ ਦਾਰੂ ਮੈਲੁ ਲਾਗੈ ਸਚ ਬਿਨਾ ॥
ਗੁਰ ਵਾਕੁ ਨਿਰਮਲੁ ਸਦਾ ਚਾਨਣੁ ਨਿਤ ਸਾਚੁ ਤੀਰਥੁ ਮਜਨਾ ॥ ੧॥
ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥
ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥
ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥ ੨॥
ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥
ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥
ਸਾਲਾਹਿ ਸਾਚੇ ਮੰਨਿ ਸਤਿਗੁਰੁ ਪੁੰਨ ਦਾਨ ਦਇਆ ਮਤੇ ॥
ਪਿਰ ਸੰਗਿ ਭਾਵੈ ਸਹਜਿ ਨਾਵੈ ਬੇਣੀ ਤ ਸੰਗਮੁ ਸਤ ਸਤੇ ॥
ਆਰਾਧਿ ਏਕੰਕਾਰੁ ਸਾਚਾ ਨਿਤ ਦੇਇ ਚੜੈ ਸਵਾਇਆ ॥
ਗਤਿ ਸੰਗਿ ਮੀਤਾ ਸੰਤਸੰਗਤਿ ਕਰਿ ਨਦਰਿ ਮੇਲਿ ਮਿਲਾਇਆ ॥ ੩॥
ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥
ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ ਤਿਤੁ ਮਨੁ ਮਾਨਿਆ ਮੇਰਾ ॥
ਕੂਚੁ ਕਰਹਿ ਆਵਹਿ ਬਿਖੁ ਲਾਦੇ ਸਬਦਿ ਸਚੈ ਗੁਰੁ ਮੇਰਾ ॥
ਆਖਣਿ ਤੋਟਿ ਨ ਭਗਤਿ ਭੰਡਾਰੀ ਭਰਿਪੁਰਿ ਰਹਿਆ ਸੋਈ ॥
ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥ ੪॥

(ਪੰਨਾ ੬੮੭)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਧਨਾਸਰੀ ਮਹਲਾ ੧ ਛੰਤ

ਧਨਾਸਰੀ ਰਾਗ ਦੇ ਵਿੱਚ ਪਹਿਲੀ ਪਾਤਸ਼ਾਹੀ 'ਛੰਤ' ਉਚਾਰਣ ਕਰਦੀ ਐ। 'ਛੰਤ' ਨਾਉਂ ਹੁੰਦੈ ਜਸ ਦਾ।ਪ੍ਰਮੇਸ਼ਰ ਦਾ ਜਸ ਉਚਾਰਣ ਕਰਦੇ ਨੇ, ਗੁਰੂ ਨਾਨਕ ਦੇਵ ਮਹਾਰਾਜ–

ੴ ਸਤਿਗੁਰ ਪ੍ਰਸਾਦਿ ॥

ਇੱਕ ਜੋ ਪ੍ਰਮੇਸ਼ਰ ਹੈ, ਉਹ ਪੂਰਨ ਸਤਿਗੁਰੂ ਦੀ ਕਿਰਪਾ ਤੇ ਪ੍ਰਾਪਤ ਹੁੰਦੈਗਾ–

ਤੀਰਥਿ ਨਾਵਣ ਜਾਉ ਤੀਰਥੁ ਨਾਮੁ ਹੈ ॥

ਤੁਸੀਂ ਤੀਰਥਾਂ ਤੇ ਨ੍ਹਾਉਣ ਜਾਂਨੇ ਹੋਂ, ਠੀਕ ਹੈ, ਆਸਤਿਕਤਾ ਹੁੰਦੀ ਐ, ਸ਼ਰਧਾ ਵਧਦੀ ਐ। ਪਰ 'ਤੀਰਥਿ' ਤਾਂ ਗੁਰੂ ਸਾਹਿਬ ਕਹਿੰਦੇ ਭਾਈ! 'ਨਾਮੁ' ਹੈ। ਗੁਰੂ ਕਾ ਸਿਧਾਂਤ ਇੱਕੋ ਈ ਹੈ ਗੁਰਮੁਖ। ਗੁਰਮੁਖ ਉਹਨੂੰ ਕਹਿੰਦੇ ਨੇ, ਜੀਹਦਾ ਨਾਮ ਦੇ ਨਾਲ ਮਨ ਇੱਕ ਹੋ ਜੈ, ਨਾਮ ਉਹਨੂੰ ਪ੍ਰਾਪਤ ਹੋ ਜੈ। ਮਨ, ਨਾਮ ਦੇ ਵਿੱਚ ਲੀਨ ਹੋ ਜੈ, ਉਹਨੂੰ ਪੂਰਣ ਪਵਿੱਤ੍ਰਤਾ ਪ੍ਰਾਪਤ ਹੋ ਜੇਗੀ, ਪ੍ਰਮੇਸ਼ਰ ਪ੍ਰਾਪਤ ਹੋਜੇਗਾ। ਲੋਕ ਬਾਹਜ ਸਾਧਨ ਕਰਦੇ ਨੇ, ਅੰਤਰੰਗ ਸਾਧਨ ਨਾਮ ਦਾ ਅਭਿਆਸ ਹੈ। ਨਾਮ ਦੇ ਨਾਲ ਜਦ ਤੱਕ ਮਨ ਇੱਕ ਨਹੀਂ ਹੁੰਦਾ, ਤਦ ਤੱਕ ਉਹ ਗੁਰਮੁਖ ਨਹੀਂ ਬਣੇਗਾ। ਕਿਉਂ? ਗੁਰੂ ਸਾਹਿਬ ਨੇ ਲਿਖਿਐਗਾ–

ਤੇਰਾ ਕਵਣੁ ਗੁਰੂ (ਪੰਨਾ ੯੪੨)

ਤੇਰਾ ਗੁਰੂ ਕੌਣ ਹੈ ?–

ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥ (ਪੰਨਾ ੯੪੩)

'ਸਬਦੁ' ਗੁਰੂ ਐ, ਸ਼ਬਦ ਦੇ ਵਿੱਚ ਪ੍ਰਮੇਸ਼ਰ ਹੁੰਦੈ। ਜਦ ਥੁਆਡਾ ਸ਼ਬਦ ਦੇ ਨਾਲ ਮਨ ਇੱਕ ਹੋ ਜੇਗਾ, ਪ੍ਰਮੇਸ਼ਰ ਦੀ ਥੁਆਨੂੰ ਪ੍ਰਾਪਤੀ ਹੋਜੇਗੀ, ਇਹ ਸਭ ਤੇ ਉੱਚਾ ਪਵਿੱਤ੍ਰਤਾ ਦਾ ਅਸਥਾਨ ਹੈ। ਉਹ 'ਨਾਮੁ' ਤੀਰਥ ਐ ਭਾਈ! ਆਪਣੇ ਮਨ ਨੂੰ, ਨਾਮ ਦੇ ਨਾਲ ਜੋੜੋ। ਪੂਰਣ ਗੁਰੂ ਤੇ ਨਾਮ ਲਉ, ਓਸ ਨਾਮ ਨਾਲ ਮਨ ਨੂੰ ਜੋੜੋ। ਨਾਮ ਦੁਆਰੇ ਥੁਆਨੂੰ ਨਾਮੀ ਪ੍ਰਾਪਤ ਹੋ ਜੇਗਾ। ਐਦੂੰ ਬੜੀ ਪਵਿੱਤ੍ਰਤਾ ਹੋਰ ਕੋਈ ਨਹੀਂ ਹੈ–

ਤੀਰਥੁ ਸਬਦ ਬੀਚਾਰੁ

'ਤੀਰਥੁ' ਮੇਂ 'ਸਬਦ' ਦਾ ਵਿਚਾਰ ਕਰੋ। ਉਹ ਸ਼ਬਦ ਦੁਆਰਾ ਕੀ ਵਿਚਾਰ ਕਰਨੈ? ਉਹ ਸ਼ਬਦ ਜਿਸ ਨੂੰ ਸਤਿ, ਚਿੱਤ, ਆਨੰਦ, ਵਿਆਪਕ, ਪਰੀਪੂਰਣ ਕਹੀਦੈ, ਓਸ ਨੂੰ ਆਪਣੇ ਅੰਦਰ ਦੇਖੋ–

ਸਭਨਾ ਜੀਆ ਕਾ ਇਕੁ ਦਾਤਾ
ਸੋ ਮੈ ਵਿਸਰਿ ਨ ਜਾਈ ॥ (ਪੰਨਾ ੨)

ਉਹ ਸਾਰੇ ਜੀਆਂ ਦਾ ਦਾਤਾ ਇੱਕੋ ਈ ਹੈ, ਉਹਨੂੰ ਕਦੇ ਭੁੱਲਣਾ ਨਹੀਂ। ਉਹ ਨਾ ਭੁੱਲਣਾ ਹੀ–

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਪੰਨਾ ੧੪੨੭)

ਜੇ ਤੂੰ ਓਸ ਪੂਰੇ 'ਤੀਰਥਿ' ਤੇ ਨਾਮ ਦੁਆਰਾ ਨਾਮੀ ਨੂੰ ਮਿਲ ਜੈਂ, ਉਹ ਈਸ਼ਰ ਤੇਰੇ ਹਿਰਦੇ ਦੇ ਵਿੱਚ ਬੈਠਾ ਹੈ। ਗੁਰੂ ਸਾਹਿਬ ਨੇ ਲਿਖਿਐ –

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ (ਪੰਨਾ ੮੯੫)

ਜੀਹਨੂੰ ਤੁਸੀਂ ਰੱਬ ਜਾਣਦੇ ਹੋਂ, ਉਹ ਰੱਬ ਨਹੀਂ ਹੈਗਾ। ਉਹ ਤ੍ਰਿਕੁਟੀ ਹੈ ਗਿਆਤਾ, ਗਿਆਨ, ਗੇਅ, ਧਿਆਤਾ, ਧਿਆਨ, ਧੇਅ। ਇਹ ਰੱਬ ਤਾਂ ਨਹੀਂ ਹੈਗਾ, ਇਹ ਤਾਂ ਰਜੋ, ਤਮੋ, ਸਤੋ, ਤਿੰਨਾਂ ਗੁਣਾਂ ਦੀ ਤ੍ਰਿਕੁਟੀ ਹੈ। ਗਿਆਤਾ, ਗਿਆਨ, ਗੇਅ।

ਧਿਆਤਾ, ਧਿਆਨ, ਧੇਅ ਇਹਦੇ ਵਿੱਚ ਰੱਬ ਤਾਂ ਕੋਈ ਨਹੀਂ-

ਜੋ ਇਹੁ ਜਾਣਹੁ ਸੋ ਇਹੁ ਨਾਹਿ ॥
ਜਾਨਣਹਾਰੇ ਕਉ ਬਲਿ ਜਾਉ ॥ (ਪੰਨਾ ੮੮੫)

ਥੁਆਡੇ ਅੰਦਰ ਕੋਈ ਜਾਨਣਹਾਰ ਵਸਤੂ ਵੀ ਤਾਂ ਹੈ, ਜਿਹੜਾ ਥੁਆਡੇ ਅੰਦਰ , ਸੱਤਾ ਸਫੁਰਤੀ ਚੇਤਨ ਹੈ, ਉਹ ਥੁਆਡੇ ਹਿਰਦੇ 'ਚ ਐ, ਉਹ ਗਿਆਨ ਥੁਆਡੇ ਹਿਰਦੇ 'ਚ ਐ। ਉਹ ਜਿਹੜਾ ਥੁਆਡੇ 'ਚ ਐ, ਓਸ ਤੋਂ ਬਲਿਹਾਰ ਜਾਉ-

ਜਾਨਣਹਾਰੇ ਕਉ ਬਲਿ ਜਾਉ ॥ (ਪੰਨਾ ੮੮੫)

ਜਿਹੜਾ ਸਾਰੀ ਸ੍ਰਿਸ਼ਟੀ ਨੂੰ ਬਣਾਉਣ ਵਾਲਾ, ਪਾਲਣੇ ਵਾਲਾ, ਲੈਅ ਕਰਨੇ ਵਾਲਾ, ਜਿਹੜਾ ਸਭ ਨੂੰ ਜਾਨਣੇ ਵਾਲਾ ਜਾਨਣਹਾਰਾ ਦਾਨਾ-ਬੀਨਾ, ਉਹਦੇ ਉੱਤੋਂ ਦੀ ਕੁਰਬਾਨ ਜਾਉ। ਉਹ ਕੀ ਐ?-

ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥ (ਪੰਨਾ ੨੬੯)

ਉਹ ਸਤਿ ਵਸਤੂ ਐ। ਹੋਰ ਤਾਂ ਸਭ ਤਿੰਨ ਗੁਣ, ਪੰਜ ਤੱਤ ਜੜ੍ਹ ਹੈ। ਜੜ੍ਹ ਤਾਂ ਜਾਨਣਹਾਰ ਨਹੀਂ ਹੁੰਦਾ, ਜਾਨਣਹਾਰ ਇੱਕ ਪ੍ਰਮੇਸ਼ਰ ਹੈ-

ਜਾਨਣਹਾਰੇ ਕਉ ਬਲਿ ਜਾਉ ॥ (ਪੰਨਾ ੮੮੫)
ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥

ਬਾਹਰਲੇ ਭੇਖਾਂ ਤੇ ਰੱਬ ਨਹੀਂ ਭਿੱਜਦਾ ਹੁੰਦਾ। ਭੇਖ ਬਣਾ ਕੇ ਤਾਂ ਲੋਕ ਠੱਗੀ ਕਰੀ ਜਾਂਦੇ ਨੇ, ਭੇਖ ਬਣਾ ਕੇ ਤਾਂ ਬੇਈਮਾਨੀਆਂ ਕਰਦੇ ਨੇ, ਭੇਖ ਬਣਾ ਕੇ ਤਾਂ ਰਾਗ-ਦਵੈਸ਼ ਕਰਦੇ ਨੇ। ਬਾਹਰਲੇ ਭੇਖਾਂ ਨਾਲ ਰੱਬ ਨਹੀਂ ਭਿੱਜਦਾ ਹੁੰਦਾ। ਜਿਹੜੇ ਆਹ ਬਾਹਰਲੇ ਭੇਖਾਂ ਦੇ ਨਾਲ ਸਮਝਦੇ ਨੇ ਬਈ ਰੱਬ ਭਿੱਜ ਗਿਆ।ਕਹਿੰਦੇ ਨਹੀਂ, ਬਈ ਉਹ ਤਾਂ ਧੋਖੇ 'ਚ ਆ ਗਿਆ, ਉਹ ਤਾਂ ਗਲਤ ਚਲਿਆ ਗਿਆ, ਉਹ ਤਾਂ ਉਰ੍ਹੇ ਖੜ੍ਹ ਗਿਆ-

ਜਾਨਣਹਾਰੇ ਕਉ ਬਲਿ ਜਾਉ ॥ (ਪੰਨਾ ੮੮੫)

ਥੁਆਡੇ ਅੰਦਰ ਜਾਨਣਹਾਰ, ਸੱਤਾ ਸਫੁਰਤੀ ਦੇਣ ਵਾਲਾ ਪ੍ਰਮੇਸ਼ਰ ਅੰਦਰ ਬੈਠਾ ਹੈਗਾ। ਉਹ ਚੇਤਨ ਸੱਤਾ ਨਹੀਂ ਥੁਆਡੇ ਅੰਦਰ, ਜਿਹੜੀ ਸਭ ਨੂੰ ਜਾਣਦੀ ਐ? ਚੇਤਨ ਨੂੰ ਗਿਆਨ ਕਹਿੰਦੇ ਨੇ। ਉਹ ਗਿਆਨ ਦੇ ਉੱਤੇ ਕੁਰਬਾਨ ਹੋ ਜਾਉ ਤੁਸੀਂ, ਉਹ ਹੈ ਪ੍ਰਮੇਸ਼ਰ। ਵਾਕ ਦੁਆਰੇ ਉਹਨੂੰ ਸਮਝੋ, ਗੁਰੂ ਦੁਆਰੇ ਉਹਨੂੰ ਸਮਝੋ, ਅਭਿਆਸ ਦੁਆਰਾ ਉਹਨੂੰ ਸਮਝੋ–

ਅੰਤਰਿ ਗਿਆਨੁ ਹੈ ॥

ਉਹ 'ਅੰਤਰਿ ਗਿਆਨੁ' ਨਹੀਂ ਹੈ ਥੁਆਡੇ? ਘਟ ਘਟ ਮੇਂ ਹਰਿ ਜੀ ਵਸਦੈ, ਜਿਹੜਾ ਹਰੀ, ਉਹ ਗਿਆਨ ਸਰੂਪ ਨਹੀਂ ਹੈ? ਉਹ ਅੰਦਰ ਥੁਆਡੇ ਗਿਆਨ ਹੈ। ਤੁਸੀਂ ਸ਼ਬਦ ਦੁਆਰਾ ਗਿਆਨ ਨੂੰ ਫੜਨੈ ਗਾ। ਤੁਸੀਂ ਪੁੱਗ ਜੋਂਗੇ, ਸਿਰੇ ਪਹੁੰਚ ਜੋਂਗੇ । ਬਾਹਰਲੇ ਜਿਹੜੇ ਸਾਧਨ ਨੇ, ਇਹ ਤਾਂ ਪੁਰਾਣਾਂ ਆਦਿ ਵਿੱਚ ਪਿੱਛੋਂ ਲਿਖੇ ਨੇ, ਸਿੰਮ੍ਰਿਤੀਆਂ ਫਲਾਨੇ, ਧਿਮਕੇ। ਉਹ ਜਿਹੜਾ ਵੇਦ ਹੈ, ਓਹਨੇ ਇੱਕ ਲਿਖਿਐ। ਪ੍ਰਮੇਸ਼ਰ ਇੱਕ ਹੈ, ਗੁਰੂ ਸਾਹਿਬ ਨੇ ਏਕਾ ਲਿਖਿਆ–

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਉਹ ਤਾਂ ਸਾਰਿਆਂ ਦੇ ਹਿਰਦੇ 'ਚ ਐ–

ਈਸ਼ਵਰ: ਸਰਵ ਭੂਤਾਨਾਂ ਹਿਰਦੇ ਦੇਸ਼ੇ ਅਰਜੁਨ ਤਿਸ਼ਠਤਿ।
ਭ੍ਰਾਮਯਨ ਸਰਵ ਭੂਤਾਨਿ ਯੰਤ੍ਰਾ ਰੂਢਾਨਿ ਮਾਯਯਾ।

(ਗੀਤਾ ੧੮/੬੧)

ਹੇ ਅਰਜਨ! ਉਹ ਸਾਰਿਆਂ ਦੇ ਹਿਰਦੇ ਦੇਸ਼ ਮੇਂ ਬੈਠੈ ਗਾ, ਓਸ ਈਸ਼ਰ ਦੀ ਤੂੰ ਉਪਾਸ਼ਨਾ ਕਰ। ਓਸ ਈਸ਼ਰ ਦੇ ਨਾਲ ਤੂੰ ਮਨ ਨੂੰ ਜੋੜ–

ਗੁਰ ਗਿਆਨੁ ਸਾਚਾ ਥਾਨੁ ਤੀਰਥੁ

ਗੁਰੂ ਦਾ ਜਿਹੜਾ ਗਿਆਨ ਤੈਨੂੰ ਦਿੱਤਾ ਹੈਗਾ, ਅਸਲੀ ਉਹ

ਸੱਚਾ ਐ। ਇਹ ਬੜਾ ਤੀਰਥ ਐ, ਇਹ 'ਥਾਨੁ ਤੀਰਥੁ' ਐ। ਅਸਲੀ ਤੀਰਥ ਇਹ ਹੈਗਾ-

ਦਸ ਪੁਰਬ ਸਦਾ ਦਸਾਹਰਾ ॥

ਫਿਰ ਤੇਰਾ ਸਦਾ ਦਸਹਿਰਾ ਹੋ ਜੂ। ਦਸ (੧੦) ਪੁਰਬ ਨੇ ਬੜੇ, ਉਨ੍ਹਾਂ ਸਾਰਿਆਂ ਦੀ ਪ੍ਰਾਪਤੀ ਹੋ ਜੂ ਤੈਨੂੰ, ਇੱਕ ਤੀਰਥ ਦੀ ਕੀ? ਉਹ ਤੇਰਾ ਦਸਹਿਰਾ ਬਣਜੇਗਾ, ਉਹ ਖੁਸ਼ੀ ਦਾ ਦਿਨ ਬਣਜੇਗਾ-

ਹਉ ਨਾਮੁ ਹਰਿ ਕਾ ਸਦਾ ਜਾਚਉ

ਮੈਂ, ਗੁਰੂ ਸਾਹਿਬ ਕਹਿੰਦੇ, ਇੱਕ ਚੀਜ ਮੰਗਦਾਂ ਗਾ, ਹਰੀ ਦਾ 'ਨਾਮੁ'। ਮੈਨੂੰ ਨਾਮ ਪ੍ਰਾਪਤ ਹੋ ਜੈ ਨਾਮੀ ਦਾ, ਕੋਈ ਫਿਕਰ ਨਹੀਂ। ਬੱਸ! ਨਾਮ ਪ੍ਰਾਪਤ ਹੋ ਜੈ-

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਜਦ 'ਨਾਮੁ' ਮਿੱਠਾ ਲੱਗਿਆ, ਨਾਮ ਦੇ ਨਾਲ ਮਨ ਜੁੜ ਗਿਆ, ਨਾਮੀ ਪ੍ਰਾਪਤ ਹੋਜੇਗਾ। ਏਸ ਕਰਕੇ, ਮੈਂ ਇੱਕੋ ਈ ਚੀਜ ਮੰਗਦਾਂ ਦੁਨੀਆਂ ਤੇ, ਪ੍ਰਮੇਸ਼ਰ ਦਾ ਨਾਮ, ਜਿਹੜਾ ਮੈਨੂੰ ਨਾਮੀ ਦੀ ਪ੍ਰਾਪਤੀ ਦੇ ਦਵੇ ਤੇ ਮੇਰਾ ਜਨਮ-ਮਰਨ ਕੱਟਿਆ ਜਾਵੇ-

ਦੇਹੁ ਪ੍ਰਭ ਧਰਣੀਧਰਾ ॥

ਹੇ ਸਾਰੀ ਪ੍ਰਿਥਵੀ ਨੂੰ ਧਾਰਨ ਵਾਲੇ! ਹੇ ਸਾਰੀ ਸ੍ਰਿਸ਼ਟੀ ਨੂੰ ਧਾਰਣ ਵਾਲੇ! ਪਾਲਣ ਕਰਨ ਵਾਲੇ! ਲੈਅ ਕਰਨ ਵਾਲੇ! ਹੇ ਪ੍ਰਮੇਸ਼ਰ! ਇਹ ਬਾਤ ਮੈਨੂੰ ਇੱਕ ਦੇ ਦੋ, ਇਹ ਮੇਰੀ ਮੰਗ ਹੈ। ਗੁਰੂ ਸਾਹਿਬ ਕਹਿੰਦੇ, ਮੇਰੀ ਹੋਰ ਕੋਈ ਮੰਗ ਨਹੀਂ ਹੈ-

ਸੰਸਾਰੁ ਰੋਗੀ ਨਾਮੁ ਦਾਰੂ

ਸਾਰਾ ਸੰਸਾਰ ਹੰਕਾਰ ਕਰਕੇ ਮੰਗੀਦੈ-

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥
ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥

(ਪੰਨਾ ੪੬੬)

ਇੱਕ, ਮੈਂ ਦਵਾਈ ਮੰਗਦਾਂ ਨਾਮ, ਹੰਕਾਰ ਸਭ ਨੂੰ ਚਿੰਬੜਿਆ

ਵਿਐ, ਕਿਸੇ ਨੂੰ ਕਿਸੇ ਪੰਥ ਦਾ, ਮਜ਼ਬ ਦਾ, ਹੋਰ ਫਲਾਨੇ ਦਾ ਧਿਮਕੇ ਦਾ, ਸਾਰਿਆਂ ਨੂੰ ਹੰਕਾਰ ਚਿੰਬੜਿਆ ਹੋਇਐ। ਜਿੰਨਾਂ ਚਿਰ ਹੰਕਾਰ ਚਿੰਬੜਿਆ ਵਿਐ, ਇਹ ਜੀਵ ਐ। ਹੰਕਾਰ ਜੋ ਹੈ ਇਹ ਬੜਾ ਭਾਰੀ ਰੋਗ ਹੈ–

ਦਾਰੂ ਭੀ ਇਸੁ ਮਾਹਿ ॥

ਏਸੇ ਦੇ ਵਿੱਚ, ਤੁਹਾਡੇ ਅੰਤਹਕਰਣ 'ਚ ਇੱਕ ਇਹਦੀ ਦਾਰੂ ਵੀ ਹੈ, ਉਹ ਨਾਮ ਹੈ। ਉਹ ਨਾਮ ਮੈਂ ਮੰਗਦਾਂ ਗਾ, ਉਹ ਨਾਮ ਪ੍ਰਾਪਤ ਹੋ ਜੈ–

ਮੈਲੁ ਲਾਗੈ ਸਚ ਬਿਨਾ ॥

ਨਾਮ ਹੈ ਦਾਰੂ–

ਸਰਬ ਰੋਗ ਕਾ ਅਉਖਦੁ ਨਾਮੁ ॥
ਕਲਿਆਣ ਰੂਪ ਮੰਗਲ ਗੁਣ ਗਾਮ ॥ (ਪੰਨਾ ੨੭੪)

ਇੱਕ ਦਵਾਈ–

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

(ਪੰਨਾ ੪੬੮)

ਸੱਚ ਵੀ ਨਾਲ ਚਾਹੀਦੈ। ਜਦ ਇਹਦੇ ਅੰਦਰ ਸੱਚ ਆ ਜੇਗਾ, ਸੱਚ ਐ ਪ੍ਰਮੇਸ਼ਰ–

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ ੧॥ (ਪੰਨਾ ੧)

ਜਦ ਉਹ ਇਹਦੇ ਅੰਦਰ ਸੱਚ ਆ ਗਿਆ ਤੇ ਨਾਮ ਦੇ ਨਾਲ ਸੱਚ ਆਉਣਾ ਹੈਗਾ। ਦੋ ਦਵਾਈਆਂ ਨੇ ਗੁਰੂ ਗ੍ਰੰਥ ਸਾਹਿਬ ਵਿੱਚ, ਇੱਕ ਨਾਮ, ਇੱਕ ਸੱਚ। ਉਹ ਜੇ ਸੱਚ ਨਾ ਆਇਆ ਤਾਂ 'ਮੈਂ' ਆ ਜਾਊ ਤੇ ਮਾਇਆ ਆ ਜਾਏਗੀ। ਮਾਇਆ ਦੇ ਫੁਰਨੇ ਆ ਜਾਣਗੇ, ਫਿਰ ਤਾਂ ਮੈਲ ਲੱਗ ਜੂ ਮਨ ਨੂੰ। ਉਹ ਸੰਸਕਾਰ ਮਨ ਦੇ ਵਿੱਚ ਰਹਿ ਜਾਏਂਗੇ ਫਿਰ ਤਾਂ ਮਨ ਅੰਨ੍ਹਾਂ ਜਿਹਾ ਹੋ ਜੇਗਾ, ਬੈਹਰਾ (ਬੋਲ਼ਾ) ਜਿਹਾ ਹੋ ਜੇਗਾ। ਇੱਕ ਸਤਿ ਵੀ ਚਾਹੀਦੈ, ਨਾਮ ਤੇ ਸਤਿ ਪ੍ਰਮੇਸ਼ਰ,

ਇਹ ਦੋ ਚੀਜਾਂ ਏਸ ਨੂੰ, ਜੀਵ ਨੂੰ ਚਾਹੀਦੀਆਂ ਨੇ ਫੇਰ ਇਹਦੀ ਮੋਕਸ਼ ਹੋ ਜੇਗੀ–

ਗੁਰ ਵਾਕੁ ਨਿਰਮਲੁ ਸਦਾ ਚਾਨਣੁ

ਹੁਣ, ਜਿਹੜਾ ਗੁਰੂ ਦਾ ਸੱਚਾ 'ਵਾਕੁ' ਹੈਗਾ ਨਾਮ ਪ੍ਰਮੇਸ਼ਰ ਸੰਬੰਧੀ, ਉਹ ਸਦਾ ਚਾਨਣ ਕਰਨ ਵਾਲਾ ਹੈਗਾ–

ਗੁਰਬਾਣੀ ਇਸੁ ਜਗ ਮਹਿ ਚਾਨਣੁ ਕਰਮਿ ਵਸੈ ਮਨਿ ਆਏ ॥ (ਪੰਨਾ ੬੭)

ਗੁਰੂ ਦੀ ਬਾਣੀ ਜੋ ਹੈ, ਉਹ 'ਚਾਨਣੁ' ਹੈ। ਆਹ ਸਾਰੀ ਬਾਣੀ ਚਾਨਣ ਐਂ। ਚਾਹੇ ਰਵਿਦਾਸ ਦੀ, ਚਾਹੇ ਨਾਮਦੇਵ ਦੀ, ਚਾਹੇ ਧੰਨੇ ਦੀ ਐ, ਚਾਹੇ ਜੈ ਦੇਵ ਦੀ ਐ, ਚਾਹੇ ਦਸਾਂ ਗੁਰੂਆਂ ਦੀ ਐ, ਇਹ ਸਾਰੀ ਚਾਨਣ ਈ ਚਾਨਣ ਐਂ–

ਗੁਰਬਾਣੀ ਇਸੁ ਜਗ ਮਹਿ ਚਾਨਣੁ

ਗੁਰਬਾਣੀ 'ਚਾਨਣੁ' ਹੈ–

ਕਰਮਿ ਵਸੈ ਮਨਿ ਆਏ ॥ (ਪੰਨਾ ੬੭)

ਜਦ ਪ੍ਰਮੇਸ਼ਰ ਦੀ ਕਿਰਪਾ ਹੋਵੇ ਤਾਂ ਇਹ ਮਨ ਦੇ ਵਿੱਚ ਵੱਸਦੀ ਐ ਤਾਂ ਮਨ ਦੇ ਵਿੱਚ ਚਾਨਣ ਹੋਏਗਾ–

ਨਿਤ ਸਾਚੁ ਤੀਰਥੁ ਮਜਨਾ ॥

ਇਹ ਸੱਚਾ 'ਤੀਰਥੁ' ਐ। ਇਹਦੇ ਵਿੱਚ ਰੋਜ ਗੋਤੇ ਮਾਰਿਆ ਕਰੋ। 'ਮਜਨ' ਨਾਮ ਐ ਗੋਤਾ ਮਾਰਨ ਦਾ। ਇਹਦੇ ਵਿੱਚ ਰੋਜ ਗੋਤੇ ਮਾਰਿਆ ਕਰੋ। ਏਸ ਬਾਣੀ ਨੂੰ ਸਮਝ ਕੇ, ਆਪਣੇ ਮਨ ਦਾ ਗੋਤਾ ਰੂਪ ਨਾਮ ਦੁਆਰੇ, ਨਾਮੀ ਦੇ ਵਿੱਚ ਮਾਰਿਆ ਕਰੋ–

ਸਾਚਿ ਨ ਲਾਗੈ ਮੈਲੁ

ਓਸ ਸੱਚ ਨੂੰ ਕਦੇ 'ਮੈਲੁ' ਨਹੀਂ ਲੱਗਦੀ। ਸੱਚਾ ਜੋ ਹੈ ਅੰਦਰ, ਚੇਤਨ, ਪ੍ਰਮੇਸ਼ਰ, ਸਾਖਸ਼ੀ। ਤੁਸੀਂ ਜਾਣਦੇ ਹੋਂ ਇੱਕ ਇਹਦੇ ਅੰਦਰ ਚੇਤਨ ਐ, ਸਾਖਸ਼ੀ। ਉਹ ਸਾਰੀ ਦੁਨੀਆਂ ਦੇ ਪਦਾਰਥਾਂ ਨੂੰ ਜਾਣਦੈ। ਜਦ ਥੁਆਡਾ ਮਨ, ਕੋਈ ਪਦਾਰਥ ਜਿਹੜਾ ਥੁਆਡਾ ਹੈ, ਕੋਈ ਵੀ ਪਦ ਹੈ, ਜਦ ਉਹਦੇ ਨਾਲ ਸਾਖਸ਼ੀ ਜੁੜੇਗਾ, ਉਦੋਂ ਥੁਆਨੂੰ ਗਿਆਨ

ਹੋ ਜੂ। ਪਹਿਲੇ ਤਾਂ ਉਹ ਜੜ੍ਹ ਹੈ, ਉਹ ਸਾਖਸ਼ੀ ਦੇ ਮਿਲਣੇ ਸੇ ਗਿਆਨ ਹੋ ਜੇਗਾ। ਸਾਖਸ਼ੀ, ਚੇਤਨ ਹੈ, ਪ੍ਰਮੇਸ਼ਰ ਹੈ। ਉਹ ਸਾਰੇ ਜਿਤਨੇ ਵੀ ਦੁਨੀਆਂ ਦੇ ਪਦਾਰਥ ਨੇ, ਉਨ੍ਹਾਂ ਸਾਰਿਆਂ ਨੂੰ ਜਾਨਣ ਵਾਲੈ–

ਦਾਨਾ ਬੀਨਾ ਸਾਈ ਮੈਡਾ (ਪੰਨਾ ੫੨੦)

ਦਾਨਾ ਬੀਨਾ ਸਾਈ ਮੈਡਾ ਹੈ। ਉਹ ਸਾਈਂ ਹੈ, ਓਸ ਨੂੰ ਕਦੇ ਮੈਲ ਨਹੀਂ ਲੱਗਦੀ ਹੁੰਦੀ–

ਸਾਚਿ ਨ ਲਾਗੈ ਮੈਲੁ ਕਿਆ ਮਲੁ ਧੋਈਐ ॥

ਤੇ ਹੁਣ ਤੀਰਥਾਂ ਤੇ ਮਲ ਕੇ ਕੀ ਧੋਵੋਂਗੇ? ਸੱਚ ਨੂੰ ਤਾਂ ਮੈਲ ਲੱਗਣੀ ਨਹੀਂ ਹੈ। ਪ੍ਰਕਰਣ ਤਾਂ ਏਥੋਂ ਚੱਲਿਆ ਵਾ ਹੈਗਾ। ਸੱਚ ਨੂੰ ਤਾਂ ਮੈਲ ਲੱਗਣੀ ਨਹੀਂ। ਪਿੰਡਾ (ਸਰੀਰ) ਧੋਣੇ ਸੇ, ਉਹ ਜਿਹੜੀ ਅੰਤਹਕਰਣ ਦੀ ਮਲ, ਵਿਖਸ਼ੇਪ ਐ, ਉਹ ਵੀ ਨਵਿਰਤ ਨਹੀਂ ਹੋਣੀ।ਜਦ ਨਾਮ ਦੁਆਰਾ ਨਾਮੀ ਦੇ ਨਾਲ ਮਨ ਇੱਕ ਹੋ ਜੇਗਾ, ਜੁੜ ਜੇਗਾ, ਤਦਾਕਾਰ ਹੋ ਜੇਗਾ ਫੇਰ ਥੁਆਨੂੰ ਪਤਾ ਲੱਗ ਜੂ–

ਅਸੰਗੋ ਹਯਮ ਪੁਰਸ਼ਾ।

(ਬ੍ਰਿਹਦਾਰਣਯਕ ਉਪਨਿਸ਼ਦ ਅ: ੪, ਬ੍ਰਾ: ੩ ਮੰਤ੍ਰ ੧੫)

ਅਸੰਗੋ ਨ ਹੀ ਸਜਯਤੇ।

(ਬ੍ਰਿਹਦਾਰਣਯਕ ਉਪਨਿਸ਼ਦ ਅ: ੪, ਬ੍ਰਾ: ੨ ਮੰਤ੍ਰ ੪)

ਉਹ ਪੁਰਸ਼ ਅਸੰਗ ਹੈ, ਅਸੰਗ ਕਦੇ ਸੰਬੰਧ ਵਾਲਾ ਨਹੀਂ ਹੋਇਆ, ਉਹ ਤਾਂ ਅਸੰਗ ਹੈਗਾ। ਉਹ ਤਾਂ ਨਾਮ ਓਸ ਨੂੰ ਕਹਿੰਦੇ ਨੇ–

ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥

(ਪੰਨਾ ੨)

ਉਹਨੂੰ ਭੁੱਲਣਾ ਨਹੀਂ ਕਦੇ ਪ੍ਰਮੇਸ਼ਰ ਨੂੰ–

ਗੁਣਹਿ ਹਾਰੁ ਪਰੋਇ ਕਿਸ ਕਉ ਰੋਈਐ ॥

ਜਦ ਸਤਿ ਸੰਤੋਖ ਆਦੀ ਗੁਣਾਂ ਦਾ 'ਹਾਰੁ' ਤੈਂ ਪਰੋ ਲਿਆ, ਜਦ ਤੈਨੂੰ ਓਸ ਨਾਮੀ ਦੀ ਪ੍ਰਾਪਤੀ ਹੋ ਗੀ, ਉਹ ਸਾਰੇ ਗੁਣ ਤੇਰੇ

ਅੰਤਹਕਰਣ ਦੇ ਵਿੱਚ ਡੇਰਾ ਲਾ ਦੇਣਗੇ। ਫੇਰ ਤੂੰ ਕੀਹਨੂੰ ਧੋਵੇਂਗਾ? ਹੁਣ ਤਾਂ ਕੋਈ ਤੈਨੂੰ ਧੋਣ ਦੀ ਜਗ੍ਹਾ ਈ ਨਾ ਰਹੀ, ਹੁਣ ਤਾਂ ਤੀਰਥਾਂ ਦਾ ਕੋਈ ਮਤਲਬ ਨਾ ਬਾਹਜ ਦਾ ਰਿਹਾ, ਹੁਣ ਤਾਂ ਅੰਤਰੰਗ ਤੀਰਥ –

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ (ਪੰਨਾ ੪)

ਹੁਣ ਤਾਂ 'ਅੰਤਰਗਤਿ' ਜਿਹੜਾ 'ਤੀਰਥਿ' ਐ 'ਆਤਮਾ', ਉਹਦੇ ਵਿੱਚ ਮਨ ਲੀਨ ਹੋ ਗਿਆ, ਇੱਕ ਹੋ ਗਿਆ, ਹੁਣ ਤਾਂ ਉਹ ਤੀਰਥ ਪ੍ਰਾਪਤ ਹੋ ਗਿਆ। ਓਸ ਦੇ ਵਿੱਚ ਮਨ ਦਾ ਗੋਤਾ ਲਵਾਉਣੈ, ਓਸ ਦੇ ਵਿੱਚ ਮਨ ਨੂੰ ਤਦਾਕਾਰ ਕਰਨੈ ਗਾ–

ਵੀਚਾਰਿ ਮਾਰੈ ਤਰੈ ਤਾਰੈ

ਜੇ ਵਿਚਾਰ ਦੁਆਰਾ ਏਸ ਸਾਰੇ ਅਗਿਆਨ ਨੂੰ, ਹੰਕਾਰ ਨੂੰ ਮਾਰ ਦਵੇਂ ਤਾਂ ਆਪ ਵੀ ਤਰੇਂਗਾ ਤੇ ਲੋਕਾਂ ਨੂੰ ਵੀ ਤਾਰਨ ਵਾਲਾ ਹੋ ਜੇਂਗਾ–

ਉਲਟਿ ਜੋਨਿ ਨ ਆਵਏ ॥

ਫੇਰ ਤੈਨੂੰ ਜਨਮ ਵਿੱਚ ਨਹੀਂ ਆਉਣਾ ਪਊ, ਉਲਟਾ ਹੋਕੇ, ਪੁੱਠਾ ਹੋਕੇ ਲਟਕਣਾ ਨਹੀਂ ਪਏਗਾ। ਤੇਰਾ ਜਨਮ-ਮਰਨ ਕੱਟਿਆ ਜਾਏਗਾ। ਫੇਰ ਜਨਮ-ਮਰਨ ਨਹੀਂ ਹੋਏਗਾ–

ਆਪਿ ਪਾਰਸੁ ਪਰਮ ਧਿਆਨੀ

ਕਹਿੰਦੇ, ਆਪ ਪ੍ਰਮੇਸ਼ਰ 'ਪਾਰਸੁ' ਐ। ਪਾਰਸ ਦੇ ਨਾਲ ਲੋਹਾ ਲੱਗ ਜਾਏ, ਪਿੱਤਲ ਲੱਗ ਜਾਏ, ਤਾਂਬਾ ਲੱਗ ਜਾਏ ਸੋਨਾ ਬਣ ਜਾਂਦੈ। ਉਹ ਆਪ 'ਪਾਰਸੁ' ਹੈ। ਉਹਨੂੰ ਤੁਸੀਂ 'ਪਰਮ ਧਿਆਨੀ' ਕਹੋ, ਜੀਹਦਾ ਮਨ ਓਸ ਪ੍ਰਮੇਸ਼ਰ ਦੇ ਨਾਲ ਜੁੜ ਗਿਆ, ਉਹਨੂੰ ਪਰਮ ਧਿਆਨੀ ਕਹੋ। ਨੇਤੀ-ਨੇਤੀ ਵਿੱਚ ਉਹ ਸਾਰਿਆਂ ਨੂੰ ਕੱਟ ਦਏਗਾ। ਇਹ ਸਥੂਲ ਪ੍ਰਮੇਸ਼ਰ ਨਹੀਂ, ਸੂਖਮ ਪ੍ਰਮੇਸ਼ਰ ਨਹੀਂ, ਕਾਰਨ, ਅਗਿਆਨ ਪ੍ਰਮੇਸ਼ਰ ਨਹੀਂ, ਇਨ੍ਹਾਂ ਤੇ ਜੋ ਪਰੇ ਹੈ, ਉਹ ਇੱਕ ਪ੍ਰਮੇਸ਼ਰ ਹੈ। ਓਸ ਦੇ ਨਾਲ ਜਦ ਤੇਰਾ ਮਨ ਮਿਲ ਗਿਆ, ਤੂੰ

ਆਪ ਵੀ ਤਰਜੇਂਗਾ ਤੇ ਤਾਰਨ ਵਾਲਾ ਵੀ ਹੋ ਜੇਂਗਾ–

ਸਾਚੁ ਸਾਚੇ ਭਾਵਏ ॥

ਤੇਰੇ ਸੱਚ ਦੇ ਨਾਲ, ਜਦ ਤੈਨੂੰ ਸਚਾ ਭਾਅ ਜਾਏ, ਜਦ ਸੱਚ ਦੇ ਨਾਲ ਤੇਰਾ ਮਨ ਮਿਲ ਗਿਆ, ਤੈਨੂੰ ਸੱਚਾ ਪ੍ਰਮੇਸ਼ਰ ਪ੍ਰਾਪਤ ਹੋ ਗਿਆ–

ਆਨੰਦੁ ਅਨਦਿਨੁ ਹਰਖੁ ਸਾਚਾ

ਰਾਤਰੀ ਦਿਨ ਤੈਨੂੰ 'ਆਨੰਦੁ' ਹੋ ਜੂ। 'ਹਰਖੁ' ਕਹੀਏ, ਅਤਿਅੰਤ ਖੁਸ਼ੀ ਹੋਜੇਗੀ। ਉਹ ਤੈਨੂੰ 'ਆਨੰਦੁ', ਤੈਨੂੰ ਪ੍ਰਮੇਸ਼ਰ ਪ੍ਰਾਪਤ ਹੋ ਜੇਗਾ। ਉਹ ਜਿਹੜਾ ਬ੍ਰਹਮ ਅਨੰਦ–ਸਰੂਪ ਐ, ਉਹ ਤੈਨੂੰ ਪ੍ਰਾਪਤ ਹੋਜੇਗਾ–

ਦੂਖ ਕਿਲਵਿਖ ਪਰਹਰੇ ॥

ਜਿੰਨੇ ਵੀ ਦੁੱਖ ਸੇ, ਛੋਟੇ ਵੱਡੇ ਪਾਪ, ਸਾਰੇ ਤੇਰੇ ਕੱਟੇ ਜਾਣਗੇ, ਜਨਮ–ਮਰਨ ਵੀ ਕੱਟਿਆ ਜਾਏਗਾ–

ਸਚੁ ਨਾਮੁ ਪਾਇਆ ਗੁਰਿ ਦਿਖਾਇਆ

ਸੱਚੇ 'ਨਾਮੁ' ਦੁਆਰੇ ਮੈਂ ਪ੍ਰਮੇਸ਼ਰ ਪਾਇਆ, ਪਹਿਲੀ ਪਾਤਸ਼ਾਹੀ ਕਹਿੰਦੇ। ਇਹ ਮੇਰੇ ਗੁਰੂ ਨੇ, ਮੈਨੂੰ ਇਹ ਪ੍ਰਮੇਸ਼ਰ ਦਿਖਾਲਿਆ ਤੇ ਗੁਰੂ ਉਨ੍ਹਾਂ ਦਾ ਥੁਆਨੂੰ ਪਤਾ ਹੈਗਾ ?

ਅਪਰੰਪਰ ਪਾਰਬ੍ਰਹਮੁ ਪ੍ਰਮੇਸਰੁ ਨਾਨਕ ਗੁਰੁ ਮਿਲਿਆ ਸੋਈ ਜੀਉ ॥

(ਪੰਨਾ ੫੯੯)

ਐਸਾ ਲਿਖਿਆ ਹੋਇਐ, ਗੁਰੂ ਗ੍ਰੰਥ ਸਾਹਿਬ ਦੇ ਵਿੱਚ। ਉਹ ਗੁਰੂ ਮੈਨੂੰ ਅਕਾਲ ਪੁਰਖ ਪ੍ਰਮੇਸ਼ਰ ਮਿਲਿਆ। ਸ਼ਬਦ, ਗੁਰੂ ਉਹਦੇ ਕੋਲੋਂ ਮਿਲਿਆ ਤੇ ਮੈਨੂੰ ਪ੍ਰਮੇਸ਼ਰ ਦੀ ਪ੍ਰਾਪਤੀ ਐਸ ਰਾਹ (ਰਸਤੇ) ਹੋਈ ਐ। ਨਾਮ ਦੁਆਰੇ ਭਾਈ! ਮੈਨੂੰ ਨਾਮੀ ਪ੍ਰਾਪਤ ਹੋਇਐ। ਓਸ ਸੰਤ ਦੇ ਸੰਗ ਨਾਲ, ਉਹ ਮਹਾਂਪੁਰਸ਼ ਪ੍ਰਮੇਸ਼ਰ ਦੇ ਸੰਗ ਨਾਲ–

ਗੁਰੁ ਪਰਮੇਸਰੁ ਏਕੋ ਜਾਣੁ ॥ (ਪੰਨਾ ੮੬੪)

ਉਹ ਮੈਨੂੰ ਪ੍ਰਮੇਸ਼ਰ ਦਾ ਨਾਮ ਪ੍ਰਾਪਤ ਹੋਇਐ, ਨਾਮ ਦੇ ਨਾਲ

ਮੈਨੂੰ ਪ੍ਰਮੇਸ਼ਰ ਪ੍ਰਾਪਤ ਹੋਇਐ–

ਮੈਲੁ ਨਾਹੀ ਸਚ ਮਨੇ ॥

ਕਹਿੰਦੇ, ਉਹਨੂੰ ਕੋਈ ਮੈਲ ਨਹੀਂ ਲੱਗਦੀ। ਉਹ ਮਨ ਦੇ ਵਿੱਚ ਜਿਹੜਾ ਸੱਚ ਹੈ–

ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥

(ਪੰਨਾ ੪੪੧)

ਉਹ ਮਨ ਦੇ ਵਿੱਚ 'ਜੋਤਿ' ਹੈ–

ਮਨ ਮਹਿ ਆਪਿ ਮਨ ਅਪੁਨੇ ਮਾਹਿ ॥

ਨਾਨਕ ਕੀਮਤਿ ਕਹਨੁ ਨ ਜਾਇ ॥ (ਪੰਨਾ ੨੭੯)

ਮਨ ਦੇ ਵਿੱਚ ਪ੍ਰਮੇਸ਼ਰ ਬੈਠੈ ਗਾ, ਜਿਹੜਾ ਮਨ ਨੂੰ ਜਾਣਦਾ ਤੇ ਦੇਖਦਾ ਹੈਗਾ। ਇਹ ਓਹੀ ਪ੍ਰਮੇਸ਼ਰ ਮਨ ਦੇ ਵਿੱਚ ਹੈ ਤੇ ਮਨ ਉਹਦੇ ਆਸਰੇ ਹੈ। ਉਹ ਜਿਹੜਾ ਪ੍ਰਮੇਸ਼ਰ ਐ, ਉਹਦੀ ਕੀਮਤ ਨਹੀਂ ਕਹੀ ਜਾਂਦੀ। ਉਹਦੀ ਬਾਬਤ ਖੋਲ੍ਹ ਕੇ ਕੁੱਛ ਮਨ ਬਾਣੀ ਕਹਿ ਨਹੀਂ ਸਕਦੀ। ਉਹ ਜੇ ਪ੍ਰੇਮ 'ਚ ਹੋ ਜੈ ਤਾਂ ਸੱਚ ਨੂੰ ਪ੍ਰਾਪਤ ਹੋ ਜਾਂਦੈ–

ਸੰਗਤਿ ਮੀਤ ਮਿਲਾਪੁ ਪੂਰਾ ਨਾਵਣੋ ॥

ਜਿਹੜਾ ਸੰਗਤ ਦਾ, ਪਿਆਰੇ ਦੀ ਸੰਗਤ ਦਾ ਮਿਲਾਪ ਹੈ, ਏਹੀ ਨ੍ਹਾਉਣੈ। ਜਿਹੜਾ ਪੂਰਣ ਪੁਰਸ਼ਾਂ ਦੀ ਸੰਗਤ ਕਰਨੀ ਐਂ ਤੇ ਉਹਦੇ ਨਾਲ ਮਿਲਾਪ ਕਰਨਾ ਹੈਗਾ, ਉਹ ਪ੍ਰਮੇਸ਼ਰ ਦੇ ਮਿਲਾਪ ਦੇ ਨਾਲ, ਇਹਦਾ ਪੂਰਾ ਨ੍ਹਾਉਣ ਹੋਜੂਗਾ। ਏਸ ਨੂੰ ਕੋਈ ਮੈਲ ਨਹੀਂ ਲੱਗੇਗੀ, ਇਹ ਸ਼ੁੱਧ ਹੋਜੇਗਾ, ਇਹਨੂੰ 'ਆਤਮ ਤੀਰਥ' ਪ੍ਰਾਪਤ ਹੋ ਜੇਗਾ–

ਗਾਵੈ ਗਾਵਣਹਾਰੁ ਸਬਦਿ ਸੁਹਾਵਣੋ ॥

ਕਹਿੰਦੇ, ਸ਼ਬਦ ਬੜਾ ਸ਼ੋਭਨੀਕ ਐ ਪਰ ਗਾਉਣ ਵਾਲੇ ਈ ਉਹਨੂੰ ਗਾਉਂਣਗੇ। ਨਾਮ ਦੇ ਨਾਲ ਜਦ ਮਨ ਜੋੜ ਕੇ ਗਾਵੋਂਗੇ, ਥੁਆਨੂੰ ਵੀ ਰਸ ਆਏਗਾ ਤੇ ਜਿਹੜੇ ਸੁਣਨਗੇ ਉਨ੍ਹਾਂ ਨੂੰ ਵੀ ਰਸ ਆਏਗਾ–

ਸਾਲਾਹਿ ਸਾਚੇ ਮੰਨਿ

ਪਰ ਮਨ ਨੂੰ ਸ਼ੁੱਧ ਕਰਕੇ ਉਹਦੀ ਸਲਾਹਣਾ ਕਰੋ। ਪਹਿਲੇ ਮਨ

ਨੂੰ ਸ਼ੁੱਧ ਕਰੋ। ਜਦ ਮਨ ਜੁੜ ਜੇਗਾ, ਉਹ ਮਨ ਸ਼ੁੱਧ ਹੋਜੇਗਾ, ਤੇ ਮਨ ਪਵਿੱਤ੍ਰ ਹੋਜੇਗਾ। ਫੇਰ ਭਾਈ, ਓਸ ਨੂੰ ਗਾਉਣ ਵਾਲੇ ਹੋ ਕੇ ਗਾਇਆ ਕਰੋ, ਓਸ ਦਾ ਅਭਿਆਸ ਕਰਿਆ ਕਰੋ, ਨਾਮ ਦਾ ਸਿਮਰਨ ਕਰਿਆ ਕਰੋ–

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ (ਪੰਨਾ ੨੯੫)

ਸਤਿਗੁਰੂ ਪੁੰਨ ਦਾਨ ਦਇਆ ਮਤੇ ॥

ਜਦ ਸਤਿਗੁਰੂ ਦੀ ਦਇਆ ਹੋ ਜੈ, ਉਹ ਮਤੀ ਪ੍ਰਾਪਤ ਹੋ ਜੈ। ਉਹ ਮਹਾਂ ਪੁੰਨਾਂ ਦਾ ਫਲ ਹੈ–

ਪਿਰ ਸੰਗਿ ਭਾਵੈ ਸਹਜਿ ਨਾਵੈ

ਜਦ ਪਤੀ ਦੇ 'ਸੰਗਿ' ਦੇ ਨਾਲ ਮਨ ਮਿਲ ਗਿਆ, ਫੇਰ ਇਹਦਾ ਨ੍ਹਾਉਣ ਹੋ ਜੇਗਾ, ਇਸ਼ਨਾਨ ਹੋ ਜੇਗਾ, ਪਵਿੱਤ੍ਰ ਹੋ ਜੇਗਾ–

ਬੇਣੀ ਤ ਸੰਗਮੁ ਸਤ ਸਤੇ ॥

ਇਹ ਜਿਹੜਾ ਬੇਣੀ ਸੰਗਮ ਹੈ ਇੜਾ, ਪਿੰਗਲਾ, ਸੁਖਮਨਾ। ਓਸ ਦੇ ਸੰਗ ਦੇ ਨਾਲ ਤੇ ਓਸ ਜਗ੍ਹਾ ਤੇ ਜਦ ਦਸਮੇਂ ਦੁਆਰ ਮੇਂ ਇੱਕ ਹੋਏਗਾ, ਇਹਦਾ ਇਸ਼ਨਾਨ ਹੋ ਜੇਗਾ, ਫੇਰ ਇਹਦਾ ਨ੍ਹਾਉਣ ਹੋ ਜੇਗਾ। ਉਹ ਮਨ, ਬਾਣੀ, ਸਰੀਰ ਤੇ ਪਰੇ ਜੋ ਪ੍ਰਮੇਸ਼ਰ ਹੈ, ਓਸ ਦੇ ਨਾਲ ਜਦ ਮਿਲ ਗਿਆ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥

(ਪੰਨਾ ੨੮੧)

ਜਦ ਨਾਮ ਦੇ ਨਾਲ ਇਹਦਾ ਮਨ ਮਿਲ ਗਿਆ, ਉਹ ਤਿੰਨਾਂ ਤੇ ਅਲਹਿਦਾ ਜੋ ਹੈ ਜਾਗਰਣ, ਸੁਪਨ ਤੇ ਵੀ ਅਲਹਿਦੈ ਗਾ, ਤਿੰਨਾਂ ਅਵਸਥਾ ਤੇ ਵੀ ਅਲਹਿਦੈ ਗਾ, ਤਿੰਨਾਂ ਸਰੀਰਾਂ ਤੇ ਵੀ ਅਲਹਿਦੈ ਗਾ। ਓਸ ਦੇ ਨਾਲ ਜਦ ਇਹਦਾ ਮਿਲਾਪ ਹੋ ਗਿਆ, ਇਸ਼ਨਾਨ ਹੋ ਗਿਆ ਤਾਂ ਇਹਦਾ ਨ੍ਹਾਉਣ ਹੋ ਗਿਆ ਪੂਰਣ, ਅੱਗੇ ਵਾਸਤੇ ਪਵਿੱਤ੍ਰ ਹੋ ਗਿਆ–

ਆਰਾਧਿ ਏਕੰਕਾਰੁ ਸਾਚਾ

ਤੇ ਕਹਿੰਦੇ ਨੇ ਇੱਕ ਜੋ ਹੈ ਨਾ ਸੱਚਾ, ਉਹਦਾ ਅਰਾਧਨ ਕਰਿਆ ਕਰੋ–

ਏਕਮ ਏਕੰਕਾਰੁ ਨਿਰਾਲਾ ॥ ਅਮਰੁ ਅਜੋਨੀ ਜਾਤਿ ਨ ਜਾਲਾ ॥

ਅਗਮ ਅਗੋਚਰੁ ਰੂਪੁ ਨ ਰੇਖਿਆ ॥

ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਉਹ ਇੱਕ ਜੋ ਹੈ ਸਾਰਿਆਂ ਦੇ ਵਿੱਚ, ਉਹ ਚਾਰ ਖਾਣੀਆਂ ਦੇ ਹਿਰਦਿਆਂ 'ਚ ਇੱਕ ਪ੍ਰਮੇਸ਼ਰ ਹੈ ਪਰ ਉਹਦੀ ਇੱਕਤਾ ਮੇਂ ਕਦੇ ਫਰਕ ਨਹੀਂ ਪਿਆ, ਅੰਤਹਕਰਣ ਭਿੰਨ-ਭਿੰਨ ਨੇ। ਰਜੋ, ਤਮੋ, ਸਤੋ ਦੁਆਰਾ ਬਿਰਤੀਆਂ ਭਿੰਨ-ਭਿੰਨ ਨੇ, ਸੰਸਾਰ ਪੰਜਾਂ ਤੱਤਾਂ ਦਾ ਬਣਿਆ ਵਿਐ ਭਿੰਨ-ਭਿੰਨ ਐ ਪਰ ਏਕੇ 'ਚ ਤਾਂ ਫਰਕ ਨਹੀਂ ਪਿਆ। ਉਹ ਉਤਪਤੀ, ਪਾਲਣਾ, ਲੈਅ ਕਰਦਾ ਜੋ ਇੱਕ ਹੈ, ਓਸ ਦਾ ਅਰਾਧਨ ਕਰਿਆ ਕਰ, ਇੱਕ ਪ੍ਰਮੇਸ਼ਰ ਦਾ ਨਾਮ ਜਪਿਆ ਕਰ, ਅਭਿਆਸ ਕਰਿਆ ਕਰ–

ਨਿਤ ਦੇਇ ਚੜੈ ਸਵਾਇਆ ॥

ਤੇ 'ਨਿਤ' ਹੀ ਤੈਨੂੰ ਇਹ 'ਸਵਾਇਆ' ਚੜ੍ਹ ਕੇ ਪ੍ਰਾਪਤ ਹੋਵੇਗਾ। ਨਿੱਤ ਤੇਰਾ ਉੱਚੇ ਤੇ ਉੱਚਾ, ਬੜੇ ਤੇ ਬੜਾ ਮਨ ਤੇਰਾ ਪ੍ਰਮੇਸ਼ਰ ਨਾਲ ਮਿਲ ਕੇ, ਉੱਚੇ ਦੇ ਨਾਲ ਮਿਲ ਕੇ ਉੱਚਾ ਹੋ ਜੇਗਾ–

ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥ (ਪੰਨਾ ੫)

ਉਹ ਉੱਚੇ ਨਾਲ ਤੂੰ ਮਿਲਜੇਂਗਾ–

ਗਤਿ ਸੰਗਿ ਮੀਤਾ ਸੰਤਸੰਗਤਿ

ਸੰਤਾਂ ਦੀ ਸੰਗਤ ਕਰਨੇ ਸੇ, ਉਹ ਗਤੀ ਤੈਨੂੰ ਪ੍ਰਾਪਤ ਹੋਏਗੀ, ਉਹ ਮਿੱਤਰ ਸੰਤ ਤੈਨੂੰ ਪੂਰਨ ਮਿਲੇਂਗੇ, ਉਨ੍ਹਾਂ ਦੁਆਰੇ ਤੇਰੀ ਵੀ

ਗਤੀ ਹੋਜੇਗੀ-

ਕਰਿ ਨਦਰਿ ਮੇਲ ਮਿਲਾਇਆ ॥

ਤੇ ਮੈਨੂੰ ਕਿਰਪਾ ਕਰਕੇ ਓਸ ਪ੍ਰਮੇਸ਼ਰ ਰੂਪ ਗੁਰੂ ਨੇ, ਪ੍ਰਮੇਸ਼ਰ ਦੇ ਮੇਲ ਦੇ ਵਿੱਚ, ਸ਼ਬਦ ਦੁਆਰਾ ਮਿਲਾਇਐ ਗਾ। ਮੇਲ ਇਹਦਾ ਸ਼ਬਦ ਦੁਆਰਾ ਈ ਹੋਏਗਾ, ਜਦ ਸ਼ਬਦ ਦੇ ਨਾਲ ਇਹ ਇੱਕ ਹੋ ਜੇਗਾ, ਇਹਨੂੰ ਗੁਰਮੁਖ ਕਹਿੰਦੇ ਨੇ। ਫੇਰ ਇਹਦਾ ਨਾਉਂ ਗੁਰਮੁਖ ਪੈ ਜਾਂਦੈ, ਗੁਰੂ ਘਰ ਮੇਂ-

ਕਹਣੁ ਕਹੈ ਸਭੁ ਕੋਇ ਕੇਵਡੁ ਆਖੀਐ ॥

ਵਖਿਆਨਾਂ ਦੁਆਰੇ ਸਭ ਬੜਾ ਕਹਿੰਦੇ ਨੇ ਪਰ ਉਹਨੂੰ ਕਿੱਡਾ ਕੁ ਬੜਾ ਕਹੀਏ, ਕਹਿਣੇ 'ਚ ਤਾਂ ਉਹ ਆਉਂਦਾ ਨਹੀਂ ਹੈ, ਮਨ ਬਾਣੀ ਦਾ ਤਾਂ ਉਹ ਵਿਸ਼ੇ ਨਹੀਂ। ਬੜਿਆਂ ਤੇ ਬੜਾ, ਅਖੀਰੀ ਬੜਾ ਕਹਿ ਸਕਦੇ ਹਾਂ ਸਭ ਸੇ ਬੜਾ ਭਾਈ, ਪ੍ਰਮੇਸ਼ਰ ਹੈ-

ਹਉ ਮੂਰਖੁ ਨੀਚੁ ਅਜਾਣੁ ਸਮਝਾ ਸਾਖੀਐ ॥

ਅਸੀਂ ਤਾਂ ਮੂਰਖ ਹਾਂ, ਅਣਜਾਣ ਹਾਂ ਪਰ ਉਹ ਸਿੱਖਿਆ ਦੁਆਰੇ ਈ ਸਮਝ ਆਈ ਐ। ਉਹ ਪੂਰਣ ਜਦ ਪ੍ਰਮੇਸ਼ਰ ਗੁਰੂ ਮਿਲਿਆ ਤਾਂ ਉਹਦੀ ਸਿੱਖਿਆ ਦੁਆਰੇ ਸਾਨੂੰ ਸਮਝ ਆਈ ਐ। ਅਸੀਂ ਤਾਂ ਮੂਰਖਾਂ ਦੇ ਮੂਰਖ ਸੇ ਤੇ ਅਣਜਾਣ ਸੇ-

ਸਚੁ ਗੁਰ ਕੀ ਸਾਖੀ ਅੰਮ੍ਰਿਤ ਭਾਖੀ

ਉਹ ਸਤਿਗੁਰਾਂ ਦੀ ਜੋ ਸਿੱਖਿਆ ਹੈ, ਉਹ ਅੰਮ੍ਰਿਤ ਦੁਆਰਾ ਭਿੱਜੀ ਵੀ ਐ। ਉਹ ਅੰਮ੍ਰਿਤ ਦੇਣੇ ਵਾਲੀ ਐ, ਜੀਵ ਅਮਰ ਹੋ ਜਾਂਦੈ। ਇਹ ਮਨੁੱਸ਼ ਅਮਰ ਹੋ ਜਾਏ ਜੇ ਇਹ ਗੁਰੂ ਦੀ ਸਿੱਖਿਆ ਦੁਆਰੇ ਚੱਲੇ-

ਤਿਤੁ ਮਨੁ ਮਾਨਿਆ ਮੇਰਾ ॥

ਏਸ ਦੇ ਉੱਤੇ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ, ਮੇਰਾ ਮਨ ਵੀ ਮੰਨ ਗਿਆ-

ਕੂਚੁ ਕਰਹਿ ਆਵਹਿ ਬਿਖੁ ਲਾਦੇ

ਜਿਹੜਾ 'ਬਿਖੁ' ਦਾ ਲੱਦਿਆ ਵਿਐ ਸੀ ਸੰਸਾਰ ਮਨ ਦੇ ਵਿੱਚ,

ਉਹ 'ਕੂਚੁ' ਕਰ ਗਿਆ, ਸਾਰਾ ਚਲਿਆ ਗਿਆ, ਨਾਸ ਹੋ ਗਿਆ। ਉਹ ਮਿੱਥਿਆ ਨਿਸਚੇ ਹੋ ਗਿਆ–

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਮੂਈ ਸੁਰਤਿ ਬਾਦੁ ਅਹੰਕਾਰੁ॥
ਓਹੁ ਨ ਮੂਆ ਜੋ ਦੇਖਣਹਾਰੁ ॥ (ਪੰਨਾ ੧੫੨)

ਉਹ ਜਿਹੜਾ ਦੇਖਣੇ ਵਾਲਾ ਉਹ ਜਨਮ-ਮਰਨ 'ਚ ਨਹੀਂ ਆਉਂਦਾ। ਅਖੇ, ਜੀ! ਜਨਮ-ਮਰਨ 'ਚ ਕੀ ਆਉਂਦੈ? ਕਹਿੰਦੇ, ਮਿੱਥਿਆ, ਝੂਠ। ਜਿੰਨਾਂ ਵੀ ਆਕਾਸ਼ ਤੇ ਲਾ ਕੇ ਸੰਸਾਰ ਬਣਾਇਆ ਪ੍ਰਮੇਸ਼ਰ ਨੇ, ਜੋ ਉਪਨਿਸ਼ਦ ਵਿੱਚ ਲਿਖਿਆ ਵਿਐ, ਇਹ ਸਾਰਾ ਮਿੱਥਿਆ ਹੈ ਪਰ ਇਹਨੂੰ ਅਸੀਂ ਹਟਾ ਵੀ ਨਹੀਂ ਸਕਦੇ, ਈਸ਼ਰੀ ਨੂੰ। ਇਹ ਪ੍ਰਮੇਸ਼ਰ ਦੇ ਸੰਕਲਪ ਨਾਲ ਬਣਿਆ ਵਿਐ, ਉਹਦਾ ਸੰਕਲਪ ਐਨਾਂ ਬਲੀ ਐ, ਅਸੀਂ ਉਹਨੂੰ ਹਟਾ ਨਹੀਂ ਸਕਦੇ। ਪਰ ਕੀ ਕਰ ਸਕਦੇ ਆਂ? ਮਿੱਥਿਆ ਸਮਝ ਸਕਦੇ ਆਂ–

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਉਹ 'ਦ੍ਰਿਸ਼ਟਿਮਾਨ' ਸਾਰਾ ਮਿੱਥਿਆ ਹੈਗਾ। ਸਾਡੀ ਗਲਤੀ ਤਾਂ ਜੀਵ ਬਣਨ ਦੀ ਇੱਕੋ ਈ ਐ। ਅਸੀਂ ਇੱਕ ਮੋਹ ਦੇ ਦੁਆਰਾ ਦੁਨੀਆਂ ਦੇ ਵਿੱਚ ਮਮਤਾ ਪਾ ਲੀ, ਉਹ ਮਮਤਾ ਪਾ ਕੇ ਅਸੀਂ ਅਧੀਨ ਹੋਗੇ, ਮਾਇਆ ਦੇ ਵੀ ਅਧੀਨ ਹੋਗੇ, ਜੀਵ ਹੋਗੇ–

ਮਾਇਆ ਮਨਹੁ ਨ ਵੀਸਰੈ ਮਾਂਗੈ ਦੰਮਾਂ ਦੰਮ ॥
ਸੋ ਪ੍ਰਭੁ ਚਿਤਿ ਨ ਆਵਈ ਨਾਨਕ ਨਹੀ ਕਰੰਮਿ ॥
(ਪੰਨਾ ੧੪੨੬)

ਐਥੇ ਆ ਗੇ। ਉਪਨਿਸ਼ਦ ਵਿੱਚ ਇਹ ਪ੍ਰਕਰਣ ਆਉਂਦੈ ਗਾ, ਇਹ ਜੀਵ ਕਿਉਂ ਬਣਿਆ? ਮਮਤਾ ਦੇ ਨਾਲ ਬਣਿਆ, ਮੋਹ ਨਾਲ ਬਣਿਆ, ਓਸ ਨੂੰ ਚਿਪਟ ਗਿਆ–

ਸਬਦਿ ਸਚੈ ਗੁਰੁ ਮੇਰਾ ॥

ਕਹਿੰਦੇ, ਸੱਚਾ 'ਸਬਦਿ' ਈ ਮੇਰੇ ਗੁਰੂ ਨੇ ਦਿੱਤੈ ਗਾ। ਉਹ ਮੇਰੇ ਕੋਲ ਤਾਂ ਇੱਕ ਗੁਰੂ ਦਾ ਸ਼ਬਦ ਈ ਐ ਗਾ–

ਆਖਣਿ ਤੋਟਿ ਨ ਭਗਤਿ ਭੰਡਾਰੀ

ਕਹਿੰਦੇ, 'ਆਖਣਿ' ਅੱਗੇ ਕਦੇ ਤੋਟ ਨਹੀਂ ਆਉਂਦੀ, ਉਹਦਾ ਭੰਡਾਰ ਭਰਿਆ ਵਿਐ ਭਗਤੀ ਦਾ, ਉਹਦਾ ਨਾਮ ਦਾ ਭੰਡਾਰਾ ਭਰਿਆ ਵਿਐ, ਜਿੰਨਾਂ ਤੇਰੀ ਖੁਸ਼ੀ ਹੈ ਜਪੀ ਜਾ-

ਭਰਿਪੁਰਿ ਰਹਿਆ ਸੋਈ ॥

ਉਹਦਾ ਮਾਲਕ ਜੋ ਹੈ 'ਸ਼ਬਦ' ਦਾ 'ਸ਼ਬਦੀ' ਪ੍ਰਮੇਸ਼ਰ, ਉਹ 'ਭਰਿਪੁਰਿ' ਉਹ ਭਰਕੇ ਪੂਰਣ ਹੋਇਆ ਵਿਐ, ਪ੍ਰਮੇਸ਼ਰ ਹੈ-

ਨਾਨਕ ਸਾਚੁ ਕਹੈ ਬੇਨੰਤੀ

ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਕਹਿੰਦੇ, ਥੁਆਨੂੰ ਅਸੀਂ ਭਾਈ ਸੱਚੀ ਬੇਨਤੀ ਕਰਦੇ ਆਂ-

ਮਨੁ ਮਾਂਜੈ ਸਚੁ ਸੋਈ ॥

ਜੇ ਤੁਸੀਂ ਆਪਣੇ ਮਨ ਨੂੰ ਮਾਂਜ ਲਉਂ, ਜੇ ਤੁਸੀਂ ਗਿਆਨ ਦੁਆਰਾ, ਆਪਣੇ ਮਨ 'ਚ ਝਾੜੂ ਫੇਰ ਕੇ, ਸਾਰਾ ਕਬਾੜ ਬਾਹਰ ਕੱਢ ਲਉਂ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੇ ਦੂਸਰਾ ਜਿਹੜਾ ਥੁਆਡੇ ਅੰਦਰ ਹੈ ਮਨੋਰਾਜ, ਬੈਠੇ-ਬੈਠੇ ਕਰੀਂ ਜਾਂਨੇ ਓਂ ਬਈ ਆਹ ਕਰਾਂਗੇ, ਉਹ ਕਰਾਂਗੇ, ਜੇ ਉਹ ਮਨ ਨੂੰ ਤੁਸੀਂ ਗਿਆਨ ਨਾਲ ਮਾਂਜ ਦਵੋਂ, ਫੇਰ ਕੀ ਹੋਵੇ? ਪੜ੍ਹ ਫੇਰ -

ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥

ਜੇ ਤੁਸੀਂ ਮਨ ਨੂੰ ਸਾਫ਼ ਕਰ ਦਿਉਂਗੇ, ਉਹ ਜਿਹੜਾ ਸੱਚ ਹੈ, ਥੁਆਨੂੰ ਓਥੋਂ ਈ ਮਿਲੂ ਉਹ ਸੱਚ ਥੁਆਡੇ ਮਨ ਦੇ ਵਿੱਚ ਬੈਠੈ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥

(ਪੰਨਾ ੧੪੨੭)

ਉਹ ਥੁਆਡੇ ਹਿਰਦੇ 'ਚ ਨਹੀਂ ਬੈਠਾ?

ਪੂਜਨ ਚਾਲੀ ਬ੍ਰਹਮ ਠਾਇ ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥ (ਪੰਨਾ ੧੧੯੫)

ਰਾਮਾਨੰਦ ਜੀ ਕਹਿੰਦੇ, ਮੈਂ 'ਬ੍ਰਹਮ' ਦੀ ਪੂਜਾ ਕਰਨ ਜਾਂਦਾ ਹੁੰਦਾ ਸੀ, ਬਾਹਰ ਜਿਹੜਾ ਮੰਦਰ ਐ। ਗੁਰੂ ਨੇ ਬਤਾਇਆ, ਉਹ

ਤਾਂ ਤੇਰੇ ਮਨ ਵਿੱਚ ਬੈਠੈ ਗਾ, ਜੀਹਦੀ ਤੂੰ ਪੂਜਾ ਕਰਨ ਜਾਂਨੈ। ਜਦ ਮੈਨੂੰ ਉਹ ਪ੍ਰਾਪਤ ਹੋਇਆ, ਮੇਰਾ ਜਨਮ-ਮਰਨ ਕੱਟਿਆ ਗਿਆ-

ਪੂਜਨ ਚਾਲੀ ਬ੍ਰਹਮ ਠਾਇ ॥
ਸੋ ਬ੍ਰਹਮੁ ਬਤਾਇਓ ਗੁਰ ਮਨ ਹੀ ਮਾਹਿ ॥
ਜਹਾ ਜਾਈਐ ਤਹ ਜਲ ਪਖਾਨ ॥
ਤੂ ਪੂਰਿ ਰਹਿਓ ਹੈ ਸਭ ਸਮਾਨ ॥ (ਪੰਨਾ ੧੧੯੫)

ਹੁਣ ਜਿੱਥੇ ਜਾਂਨੇ ਆਂ, ਜਾਂ ਤਾਂ ਜਲ ਮਿਲਦੈ ਜਾਂ ਪੱਥਰ ਮਿਲਦੇ ਨੇ, ਤੇ ਹੁਣ ਤਾਂ ਉਹ ਪਰੀਪੂਰਨ ਥਿਆ (ਲੱਭ) ਗਿਆ-

ਤੂ ਪੂਰਿ ਰਹਿਓ ਹੈ ਸਭ ਸਮਾਨ ॥ (ਪੰਨਾ ੧੧੯੫)

ਤੂੰ ਤਾਂ ਇੱਕ ਰਸ ਸਾਰਿਆਂ ਦੇ ਹਿਰਦੇ 'ਚ ਪੂਰਣ ਹੋ ਰਿਹੈਂ। ਜੇ ਮਨ ਨੂੰ ਸਾਫ਼ ਕਰ ਲਓਂ, ਥੁਆਨੂੰ ਉਹ ਸੱਚਾ ਪ੍ਰਮੇਸ਼ਰ, ਥੁਆਡੇ ਮਨ ਦੇ ਵਿੱਚੋਂ ਈਂ ਪ੍ਰਾਪਤ ਹੋ ਜੈ, ਗੁਰੂ ਸਾਹਿਬ ਕਹਿੰਦੇ-

ਨਾਨਕ ਸਾਚੁ ਕਹੈ ਬੇਨੰਤੀ ਮਨੁ ਮਾਂਜੈ ਸਚੁ ਸੋਈ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

ਸਤਿਗੁਰ ਪ੍ਰਸਾਦਿ॥

੫੪

ਟੋਡੀ ਮਹਲਾ ੫ ॥

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥
ਤੈਸੀ ਬੁਧਿ ਕਰਹੁ ਪਰਗਾਸਾ ਲਾਗੈ ਪ੍ਰਭ ਸੰਗਿ ਪ੍ਰੀਤਿ॥ ਰਹਾਉ॥
ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ ॥
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ ॥ ੧॥
ਆਗਿਆ ਤੁਮਰੀ ਮੀਠੀ ਲਾਗਉ ਕੀਓ ਤੁਹਾਰੋ ਭਾਵਉ ॥
ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ ਆਨ ਨ ਕਤਹੂ ਧਾਵਉ ॥ ੨॥
ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ ਸਗਲ ਰੇਣ ਹੋਇ ਰਹੀਐ ॥
ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ ॥ ੩॥
ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥
ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ॥ ੪ ॥ ੩ ॥ ੫॥

(ਪੰਨਾ ੭੧੨)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ!!

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਹ ਹਰਿ ॥

(ਪੰਨਾ ੧੪੦੯)

ਪੰਚਮ ਗੁਰੂ ਦੁਆਰਾ, ਇਹ ਸ਼ਬਦ ਆਇਆ ਰੱਬੀ ਬਾਣੀ ਦਾ, ਇਹਨੂੰ ਹੁਕਮਨਾਮਾ ਕਹਿੰਦੇ ਨੇ। ਇਹ ਹੁਕਮਨਾਮਾ ਪ੍ਰਮੇਸ਼ਰ ਵੱਲੋਂ ਆਉਂਦਾ ਹੁੰਦੈ। ਹੁਕਮੀ ਇੱਕੋ ਈ ਐ, ਹੁਕਮੀ ਕਦੇ ਦੋ ਨਹੀਂ ਹੋਏ ਅੱਜ ਤੱਕ। ਇੱਕੋ ਦਾ ਹੁਕਮ ਸਾਰੀ ਸ੍ਰਿਸ਼ਟੀ ਤੇ ਚਲਦੈ ਗਾ। ਏਸ

ਕਰਕੇ, ਉਹ ਜਿਹੜਾ ਇੱਕ ਹੈ, ਉਹ ਪ੍ਰਮੇਸ਼ਰ ਹੈ, ਏਕਾ (੧) ਹੈ। ਇਹ ਵੇਦ ਮੇਂ ਲਿਖਿਐ–

ਸਦੇਵ ਸੋਮਯ ਇਦਮ ਅਗ੍ਰ ਆਸੀਦ ਏਕ ਮੇਵ ਅਦਵਤੀਯੰ।
ਤਸਮਾਦ ਸਤ: ਸਜੱਾਯਤ।।

(ਛਾਂਦੋਗਯ ਉਪਨਸ਼ਿਦ ਅ ੬ ਖ ੨ ਮੰਤ੍ਰ ੧)

ਗੁਰੂ ਸਾਹਿਬ ਨੇ ਏਕਾ (੧) ਲਿਖ 'ਤਾ–

ਏਕਮ ਏਕੰਕਾਰੁ ਨਿਰਾਲਾ ।।
ਅਮਰੁ ਅਜੋਨੀ ਜਾਤਿ ਨ ਜਾਲਾ ।।
ਅਗਮ ਅਗੋਚਰੁ ਰੂਪੁ ਨ ਰੇਖਿਆ ।।
ਖੋਜਤ ਖੋਜਤ ਘਟਿ ਘਟਿ ਦੇਖਿਆ ।। (ਪੰਨਾ ੮੩੮)

ਉਹ ਸਾਰਿਆਂ ਦੀਆਂ ਬੁੱਧੀਆਂ ਦਾ ਸਾਖਸ਼ੀ, ਚੇਤਨ, ਦ੍ਰਸ਼ਟਾ, ਪਾਰਖ–

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ।।

(ਪੰਨਾ ੧੪੪)

ਜੋ ਖੋਟੇ ਔਰ ਖਰੇ ਖਿਆਲਾਂ ਨੂੰ ਦੇਖਦੈ, ਜਾਣਦੈ, ਟੈਪ ਕਰਦੈ, ਉਹ ਸਭ ਦੇ ਹਿਰਦੇ ਦੇ ਵਿੱਚ ਪ੍ਰਮੇਸ਼ਰ ਬੈਠੈ ਗਾ। ਜਗਤ ਪਿੱਛੋਂ ਹੋਇਐ ਗਾ, ਇਹ ਪ੍ਰਮੇਸ਼ਰ ਪਹਿਲੇ ਸੀ–

ਸਦੇਵ ਸੋਮਯ ਇਦਮ ਅਗ੍ਰ ਆਸੀਦ ਏਕ ਮੇਵ ਅਦਵਤੀਯੰ।
ਤਸਮਾਦ ਸਤ: ਸਜੱਾਯਤ ।।

(ਛਾਂਦੋਗਯ ਉਪਨਸ਼ਿਦ ਅ ੬ ਖ ੨ ਮੰਤ੍ਰ ੧)

ਇਹ ਪਹਿਲੇ ਈ ਸਤਿ ਸੀ, ਇਹ ਨਵਾਂ ਸਤਿ ਨਹੀਂ ਹੋਇਆ। ਇਹ ਸਤਿ ਹੀ ਤੇਰੇ ਹਿਰਦੇ 'ਚ–

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ।।
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ।।

(ਪੰਨਾ ੧੪੨੭)

ਏਹੀ, ਤੇਰੇ ਹਿਰਦੇ ਦੇ ਵਿੱਚ 'ਹਰਿ ਜੂ' ਬੈਠੈ, ਜਿਹੜਾ ਪਹਿਲੇ ਈ ਸਤਿ ਸੀ, ਉਹ ਸਤਿ ਤੇਰਾ ਆਪਣਾ–ਆਪ ਹੈ, ਉਹ ਤੇਰਾ

ਅੰਤਰ-ਆਤਮਾ ਹੈ-

ਅੰਤਰ ਆਤਮੈ ਬ੍ਰਹਮੁ ਨ ਚੀਨ੍ਹਿਆ ਮਾਇਆ ਕਾ ਮੁਹਤਾਜੁ ਭਇਆ ॥ (ਪੰਨਾ ੪੩੫)

ਗੁਰੂ ਸਾਹਿਬ ਕਹਿੰਦੇ, ਓਏ ਤੇਰਾ ਅੰਤਰ-ਆਤਮਾ ਪ੍ਰਮੇਸ਼ਰ ਹੈ ਪਰ ਤੂੰ ਚੀਨਿਆ (ਪਛਾਣਿਆ) ਨਹੀਂ।

ਮਾਇਆ ਕਾ ਮੁਹਤਾਜੁ ਭਇਆ ॥

ਤੇਰਾ ਮਨ, ਮਾਇਆ ਦੀ ਮੁਹਤਾਜਤਾ ਮੇਂ ਚਲਿਆ ਗਿਆ, ਉਹ ਪ੍ਰਮੇਸ਼ਰ ਦੇ ਸਨਮੁਖ ਨਹੀਂ ਹੋਇਆ। ਉਹ ਮਾਇਆ ਦੇ ਲੋਭ ਦੇ ਵਿੱਚ ਮਨ, ਸਨਮੁਖ ਨਹੀਂ ਹੋਇਆ। ਤੁਸੀਂ ਦੇਖਦੇ ਹੋਂ ਆਪਣੇ ਅੰਦਰ, ਅੱਠਾਂ ਪਹਿਰਾਂ 'ਚ ਕਿੰਨਾਂ ਚਿਰ ਮਨ ਪ੍ਰਮੇਸ਼ਰ ਦੇ ਸਨਮੁਖ ਹੁੰਦੈ ਤੇ ਕਿਤਨਾ ਚਿਰ ਮਨ ਸੰਸਾਰ ਦਾ ਮਨੋਰਾਜ ਕਰਦੈ, ਇਹ ਤਾਂ ਥੁਆਨੂੰ ਪ੍ਰਤਿਅਕਸ਼ ਹੈਗਾ। ਏਸ ਕਰਕੇ, ਉਹ ਤੇਰਾ ਅੰਤਰ-ਆਤਮਾ, ਚੇਤਨ, ਪ੍ਰਮੇਸ਼ਰ, ਪਰੀਪੂਰਣ ਵਿਆਪਕ ਸੀ ਪਰ ਤੂੰ ਨਾ ਚੀਨਿਆ-

ਚੀਨਤ ਚੀਤੁ ਨਿਰੰਜਨ ਲਾਇਆ ॥
ਕਹੁ ਕਬੀਰ ਤੌ ਅਨਭਉ ਪਾਇਆ ॥ (ਪੰਨਾ ੩੨੮)

ਜਦ ਚੀਨ ਕੇ ਚਿੱਤ ਨੂੰ, ਕਬੀਰ ਸਾਹਿਬ ਕਹਿੰਦੇ, ਨਿਰੰਜਨ ਦੇ ਨਾਲ ਜੋੜਿਆ।

ਕਹੁ ਕਬੀਰ ਤੌ ਅਨਭਉ ਪਾਇਆ ॥

ਉਹ, ਜਿਹੜਾ ਆਪਣਾ-ਆਪ ਸੀ ਉਹ ਥਿਆ (ਲੱਭ) ਗਿਆ। ਆਪਣਾ-ਆਪ ਅਨੁਭਵ ਈ ਹੁੰਦੈ, ਹੋਰ ਕੁੱਛ ਨਹੀਂ ਹੁੰਦਾ। ਉਹ ਅਨੁਭਵ ਗਿਆਨ ਜਿਹੜਾ ਸੀ, ਉਹ ਆਪਣਾ-ਆਪ ਕਬੀਰ ਕਹਿੰਦਾ, ਮੈਨੂੰ ਥਿਆ ਗਿਆ, ਮੈਨੂੰ ਪ੍ਰਾਪਤ ਹੋ ਗਿਆ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

(ਪੰਨਾ ੪੨੧)

ਜਿਨ੍ਹਾਂ ਨੇ ਆਤਮਾ ਨੂੰ ਚੀਨ ਲਿਆ, ਉਹ ਪਰਮਾਤਮਾ ਈ ਹੋ

ਜਾਂਦੇ ਨੇ–

ਏਕੋ ਅੰਮ੍ਰਿਤ ਬਿਰਖੁ ਹੈ

ਉਹ ਅੰਮ੍ਰਿਤ ਦਾ ਬ੍ਰਿਛ ਐ ਤੇ ਅੰਮ੍ਰਿਤ ਹੋ ਜਾਏਗਾ ਜਿਹੜਾ ਉਹਦੇ ਹੇਠਾਂ ਚਲਿਆ ਜਾਏਗਾ। ਨਾਮ ਦੇ ਨਾਲ ਜੀਹਦਾ ਮਨ ਮਿਲ ਜੇਗਾ, ਉਹਨੂੰ ਨਾਮੀ ਮਿਲ ਜੇਗਾ, ਉਹ ਪੁੱਗ ਜੇਗਾ, ਉਹਦੀ ਮੋਕਸ਼ ਹੋਜੇਗੀ। ਉਹ ਸੂਫੀ ਫਕੀਰ ਆਤਮਾ ਬਾਰੇ ਕਹਿੰਦੇ ਹੁੰਦੇ ਨੇ ਤੇ ਬਹੁਤ ਜਿਆਦਾ ਕਹਿੰਦੇ ਹੁੰਦੇ ਨੇ। ਇੱਕ ਵਾਰੀ ਮੈਂ ਬੈਠਾ ਸੀ ਹੁਸ਼ਿਆਰਪੁਰ ਦੇ ਜਿਲ੍ਹੇ 'ਚ, ਇੱਕ ਖੇਤ 'ਚ। ਓਥੇ ਹੁਸ਼ਿਆਰਪੁਰੋਂ ਦੋ ਮੀਏਂ ਆ ਗੇ, ਬੜੇ ਸੋਹਣੇ ਸੀ ਲਾਇਕ, ਸਾਫ ਕੱਪੜਿਆਂ ਵਾਲੇ। ਉਹ ਮੈਨੂੰ ਕਹਿੰਦੇ, ਸੰਤ! ਕੁੱਛ ਸੁਣਾ। ਮੈਂ ਉਨ੍ਹਾਂ ਨੂੰ ਸੁਣਾਇਆ–

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥

(ਪੰਨਾ ੬੮੪)

ਇਹ ਸ਼ਬਦ ਸੁਣਾਏ। ਉਹ ਇੱਕ, ਦੂਏ ਨੂੰ ਕਹਿੰਦਾ, ਠੀਕ ਐ? ਉਹ ਕਹਿੰਦਾ, ਠੀਕ ਐ। ਮੈਂ ਆਖਿਆ, ਮੈਨੂੰ ਤਾਂ ਪਤਾ ਨਹੀਂ ਕੀ ਠੀਕ ਐ? ਉਹ ਕਹਿੰਦਾ, 'ਖੁਦ ਸਨਾਸ਼ੀ ਖੁਦਾ ਸਨਾਸ਼ੀ' ਐ, ਇਹ ਉਨ੍ਹਾਂ ਦਾ ਮੱਤ ਹੈਗਾ ਸੂਫੀਆਂ ਦਾ। 'ਖੁਦ ਸਨਾਸ਼ੀ ਖੁਦਾ ਸਨਾਸ਼ੀ' ਐ। ਜਦ ਤੱਕ ਖੁਦ ਦੀ 'ਸਨਾਸ਼ੀ', ਤੁਸੀਂ 'ਸਿਆਣ' ਨਹੀਂ ਕਰੋਂਗੇ, ਤਦ ਤੱਕ ਥੁਆਨੂੰ ਖੁਦਾ ਦੀ ਸਿਆਣ ਵੀ ਨਹੀਂ ਹੋਏਗੀ। ਤੁਸੀਂ ਆਪ ਦੇਖੋ, ਜਦ ਵੀ ਤੁਹਾਡਾ ਖਿਆਲ ਕੋਈ ਉਠਦੈ, ਖਿਆਲ ਕਹੋ, ਬਿਰਤੀ ਕਹੋ, ਸੰਕਲਪ ਕਹੋ, ਓਸ ਨੂੰ ਦੇਖਣੇ ਵਾਲਾ ਇੱਕ ਚੇਤਨ ਈ ਹੁੰਦੈ । ਹੋਰ ਕੋਈ ਨਹੀਂ–

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥

(ਪੰਨਾ ੫੨੦)

ਦਾਨਾ ਤੇ ਬੀਨਾ ਤਾਂ ਸਾਈਂ ਐਂ, ਹੋਰ ਤਾਂ ਕੋਈ ਹੈ ਨਹੀਂ। ਭਾਈ ਵੀਰ ਸਿਹੁੰ ਨੇ, ਇੱਕ ਜਗ੍ਹਾ ਤੇ ਲਿਖਿਐ ਗਾ, ਅਖੇ ਉਹ

ਸਾਈਂ ਸਭ ਦੇ ਅੰਦਰ ਸਾਖਸ਼ੀ-ਰੂਪੇਣ ਬਿਰਾਜਮਾਨ ਹੈ ਪਰ ਲੋਕਾਂ ਨੂੰ ਪਤਾ ਨਹੀਂ ਲੱਗਦਾ। ਸਾਰਿਆਂ ਦੇ ਅੰਦਰ ਜਿਹੜਾ ਸਾਖਸ਼ੀ ਹੈ, ਉਹ ਸਾਈਂ ਬਿਰਾਜਮਾਨ ਹੈ। ਸਾਖਸ਼ੀ ਤੇ ਬ੍ਰਹਮ ਦੋ ਨਹੀਂ ਹੁੰਦੇ-

ਸਾਖਸ਼ੀ ਬ੍ਰਹਮ ਸ੍ਵਰੂਪ ਇਕ ਨਹੀਂ ਭੇਦ ਕੋ ਗੰਧ।
ਰਾਗ ਦਵੈਸ਼ ਮਤੀ ਕੇ ਧਰਮ ਤਾ ਮੈਂ ਮਾਨਤ ਅੰਧ।

(ਨਿਹਚਲ ਦਾਸ,ਵਿਚਾਰ ਸਾਗਰ ੨/੧੨)

ਇਹ ਬੁੱਧੀ ਦੇ ਧਰਮਾਂ ਨੂੰ ਜਿਹੜਾ ਲਿਜਾ ਕੇ, ਸੰਸਾਰ ਦੇ ਆਹ ਜਿੰਨੇ ਕੰਮ ਕਰਦੈ, ਭੋਗ ਕਰਦੈ, ਉਨ੍ਹਾਂ ਨੂੰ ਲਿਜਾ ਕੇ ਰੱਬ ਦੇ ਘਰ ਵਾੜਦੈ।ਨਾ ਨਾ ਇਹ ਬਿਲਕੁਲ ਗਲਤ ਹੈ।ਉਹ ਜਦ ਪ੍ਰਮੇਸ਼ਰ ਥੁਆਨੂੰ ਥਿਆ ਜਾਏਗਾ ਤਾਂ ਥੁਆਡਾ ਆਪਣੇ ਆਪ ਹੀ ਮਨ ਸਾਰੀਆਂ ਵਸਤਾਂ ਤੇ ਹਟ ਜੇਗਾ, ਫੇਰ ਤਾਂ ਤੁਸੀਂ ਪੁੱਗ ਗੇ।ਏਸ ਕਰਕੇ, ਉਹ ਜਿਹੜਾ ਥੁਆਡੇ ਅੰਦਰ ਦੇਖਣੇ ਵਾਲਾ, ਜਾਣਨੇ ਵਾਲਾ, ਪ੍ਰਮੇਸ਼ਰ ਹੈ, ਥੁਆਡੇ ਸਾਰੇ ਖਿਆਲਾਂ ਨੂੰ ਦੇਖਦੈ ਤੇ ਖਿਆਲਾਂ ਦੇ ਭਾਵ ਨੂੰ ਵੀ ਦੇਖਦੈ ਤੇ ਅਭਾਵ ਨੂੰ ਵੀ ਦੇਖਦੈ, ਖਿਆਲਾਂ ਦੀਆਂ ਸੰਧੀਆਂ ਨੂੰ ਵੀ ਦੇਖਦੈ, ਉਹ ਥੁਆਡਾ ਆਪਣਾ-ਆਪ, ਦ੍ਰਸ਼ਟਾ, ਸਾਖਸ਼ੀ, ਨਿਰਵਿਕਾਰ ਪ੍ਰਮੇਸ਼ਰ ਹੈ ਏਸ ਮੇਂ ਕੋਈ ਸ਼ੱਕ ਨਹੀਂ ਹੈ।ਏਸ ਕਰਕੇ, ਜਦ ਤੱਕ ਉਹਦੇ ਨਾਲ ਥੁਆਡਾ ਮਨ ਨਹੀਂ ਚੱਲੇਗਾ ਤਦ ਤੱਕ ਇਹ ਕੰਮ ਨਹੀਂ ਬਣੇਗਾ। ਜਿੰਨੇ ਵੀ ਦੁਨੀਆਂ ਦੇ ਦਾਸ ਆਏ, ਚਾਹੇ ਕਬੀਰ ਆਇਆ, ਚਾਹੇ ਦਾਦੂ ਆਇਆ, ਸ੍ਰੀ ਗੁਰੂ ਨਾਨਕ ਦੇਵ ਆਏ, ਧੁਰੋਂ ਜਿੰਨੇ ਵੀ, ਈਸਾ, ਮੁਹੰਮਦ ਜੋ ਵੀ ਆਏ, ਉਨ੍ਹਾਂ ਸਾਰਿਆਂ ਨੇ ਖੁਦਾ ਦੱਸਿਆ। ਉਨ੍ਹਾਂ ਸਾਰਿਆਂ ਨੇ ਅਕਾਲ ਪੁਰਖ ਦੱਸਿਆ, ਉਨ੍ਹਾਂ ਸਾਰਿਆਂ ਨੇ ਪ੍ਰਮੇਸ਼ਰ ਦੱਸਿਆ। ਉਹ ਆਏ ਵੀ ਏਸੇ ਵਾਸਤੇ ਪਰ ਜਗਿਆਸੂ ਅੱਗੇ ਦੇਖਣੇ ਵਾਲਾ, ਜਾਣਨੇ ਵਾਲਾ ਹੋਵੇ ਤਾਂ ਉਹਦੇ ਪ੍ਰਤੀ ਉਨ੍ਹਾਂ ਨੇ ਦੱਸਿਆ, ਉਹ ਸਾਫ ਕਹਿੰਦੇ ਨੇ।

ਚੱਲ ਬਈ ਪੜ੍ਹ-

ਟੋਡੀ ਮਹਲਾ ੫ ॥

ਟੋਡੀ ਰਾਗ ਦੇ ਵਿੱਚ ਪੰਚਮ ਪਾਤਸ਼ਾਹ ਮਹਾਰਾਜ ਕਥਨ ਕਰਦੇ

ਨੇ –

ਕ੍ਰਿਪਾ ਨਿਧਿ ਬਸਹੁ ਰਿਦੈ ਹਰਿ ਨੀਤ ॥

ਹੇ ਕਿਰਪਾ ਦੇ ਖਜਾਨੇ ਪ੍ਰਮੇਸ਼ਰ! ਮੈਂ ਆਪ ਦਾ ਦਾਸ ਆਂ। ਮੇਰੇ ਹਿਰਦੇ ਦੇ ਵਿੱਚ ਨਿੱਤ ਵੱਸੋ। ਨਿੱਤ ਤਾਂ ਤੁਸੀਂ ਹੋਂ ਹੀ ਪਰ ਮੇਰੇ ਹਿਰਦੇ ਤੇ ਕਦੇ ਗੈਰਹਾਜ਼ਰ ਨਾ ਹੋਵੋ–

ਹਾਜ਼ਰਾ ਹਜ਼ੂਰ ਹੈ ਕਿ ਜ਼ਾਹਰਾ ਜ਼ਹੂਰ ਹੈ । (ਦਸਮ ਗ੍ਰੰਥ)

ਏਸ ਕਰਕੇ, ਮੇਰੇ ਹਿਰਦੇ ਦੇ ਵਿੱਚ ਹਰ ਵਕਤ ਵੱਸੋ। ਏਹੀ ਮੇਰੀ ਮੰਗ ਹੈ, ਹੇ ਪ੍ਰਮੇਸ਼ਰ ਆਪ ਦੇ ਅੱਗੇ!–

ਤੈਸੀ ਬੁਧਿ ਕਰਹੁ ਪਰਗਾਸਾ

ਓਸ ਬੁੱਧੀ ਦਾ ਪ੍ਰਗਾਸ ਕਰੋ। ਕਿਹੜੀ ਦਾ? ਚੱਲ ਅੱਗੇ –

ਲਾਗੈ ਪ੍ਰਭ ਸੰਗਿ ਪ੍ਰੀਤਿ ॥

ਇੱਕ ਪ੍ਰਮੇਸ਼ਰ ਦੇ ਨਾਲ ਪ੍ਰੀਤੀ ਲੱਗ ਜਾਏ, ਉਹ ਬੁੱਧੀ ਮੈਨੂੰ ਬਖਸ਼ੋ ਤੇ ਮੇਰੀ ਪ੍ਰੀਤੀ ਪ੍ਰਮੇਸ਼ਰ ਨਾਲ ਲੱਗ ਜਾਏ –

ਸਾਚਿ ਨਾਮਿ ਮੇਰਾ ਮਨੁ ਲਾਗਾ ॥ ਲੋਗਨ ਸਿਉ ਮੇਰਾ ਠਾਠਾ ਬਾਗਾ ॥

(ਪੰਨਾ ੩੮੪)

ਇਹ ਪੰਚਮ ਪਾਤਸ਼ਾਹ ਕਹਿੰਦੇ, ਮੇਰਾ ਮਨ ਪ੍ਰਮੇਸ਼ਰ ਨਾਲ ਲੱਗਿਆ ਹੋਵੇ, ਦੁਨੀਆਂ ਦਾ ਠਾਠਾ ਬਾਗਾ (ਉੱਪਰਲੇ ਮਨੋਂ ਵਿਹਾਰ) ਵੀ ਕਰਾਂ। ਏਸ ਮੇਂ ਕੋਈ ਹਰਜ ਨਹੀਂ ਹੈਗਾ ਪਰ ਪ੍ਰਮੇਸ਼ਰ ਤੇ ਗੈਰਹਾਜਰ ਹੋ ਕੇ ਨਾ ਕਰਾਂ। ਏਸ ਕਰਕੇ, ਜਦ ਰਵਿਦਾਸ ਨੇ ਬੜੀ ਬੇਨਤੀ ਕੀਤੀ, ਉਹਨੂੰ ਈਸ਼ਰ ਪ੍ਰਾਪਤ ਹੋਇਆ। ਉਹ ਕਹਿੰਦਾ (ਈਸ਼ਰ) ਹੁਣ ਦੱਸ? ਤੂੰ ਤਾਂ ਬੜਾ ਵਿਰਲਾਪ ਕਰਦਾ ਸੀ? ਓਹਨੇ (ਰਵਿਦਾਸ ਨੇ) ਸਾਫ ਕਹਿ 'ਤਾ –

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥

ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ (ਪੰਨਾ ੬੫੯)

ਰਵਿਦਾਸ ਕਹਿੰਦਾ ਹੁਣ ਮੇਰੀ ਸੱਚੀ ਪ੍ਰੀਤ ਆਪ ਦੇ ਨਾਲ ਜੁੜ 'ਗੀ। ਮੈਂ ਸਾਰੀ ਦੁਨੀਆਂ ਨਾਲੋਂ ਤੋੜ ਕੇ, ਆਪ ਨਾਲ ਜੋੜੀ

ਐ। ਹੁਣ ਕਿੱਥੇ ਜਾਣੈ ਗਾ? ਹੁਣ ਤਾਂ ਮੈਂ ਆਪ ਦਾ ਦਾਸ ਆਂ–

ਦਾਸ ਤੁਮਾਰੇ ਕੀ ਪਾਵਉ ਧੂਰਾ

ਜਿਹੜੇ ਤੇਰੇ ਦਾਸ ਨੇ, ਜਿੰਨੇ ਵੀ ਦੁਨੀਆਂ ਦੇ ਵਿੱਚ, ਗੁਰੂ ਨਾਨਕ ਸਾਹਿਬ, ਕਬੀਰ ਸਾਹਿਬ, ਦਾਦੂ ਜੀ ਜਿੰਨੇ ਵੀ ਦਾਸ ਨੇ, ਉਨ੍ਹਾਂ ਦੇ ਮੈਂ ਚਰਨਾਂ ਦੀ ਧੂੜ ਚਾਹੁੰਨਾ। ਕਿਉਂ? ਉਨ੍ਹਾਂ ਨੇ ਮੈਨੂੰ ਪ੍ਰਮੇਸ਼ਰ ਨਾਲ ਮਿਲਾਉਣੈ ਗਾ–

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

(ਪੰਨਾ ੯੬੪)

ਤੇਰੇ ਜਿੱਡਾ, ਹੇ ਪ੍ਰਮੇਸ਼ਰ! ਹੋਰ ਕੋਈ ਨਹੀਂ ਹੈ, ਤੂੰ ਇੱਕੋ ਈ ਹੈਂ, ਤੂੰ ਸਾਰਿਆਂ ਤੇ ਬੜਾ ਹੈਂ ਗਾ। ਸਾਰਿਆਂ ਦਾ ਪੂਜ ਹੈਂ ਤੇ ਮੈਂ ਇੱਕੋ ਈ ਆਪ ਦੇ ਪਾਸ ਬੇਨਤੀ ਕਰਦਾਂ–

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥

(ਪੰਨਾ ੯੬੪)

ਤੂੰ ਮੇਰੇ ਮਨ ਨੂੰ ਭਾਅ ਗਿਆ। ਪੰਜਵੇਂ ਪਾਤਸ਼ਾਹ ਕਹਿੰਦੇ ਤੂੰ ਮੇਰੇ ਮਨ ਨੂੰ ਭਾਅ ਗਿਆ–

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

ਮੈਂ ਗੁਰੂ ਰਾਮਦਾਸ ਦੇ ਉੱਤੋਂ ਦੀ ਕੁਰਬਾਨ ਜਾਨਾਂ, ਜਿਸ ਦੀ ਕਿਰਪਾ ਤੇ ਆਪ ਮੈਨੂੰ ਪ੍ਰਾਪਤ ਹੋਏ। ਏਸ ਕਰਕੇ, ਉਨ੍ਹਾਂ ਦੀ ਕਿਰਪਾ ਤੇ, ਉਨ੍ਹਾਂ ਦੀ ਈ ਬਖਸ਼ਿਸ਼ ਤੇ ਆਪ ਮੈਨੂੰ ਪ੍ਰਾਪਤ ਹੋਏ। ਪੰਚਮ ਪਾਤਸ਼ਾਹ ਨੇ ਸਾਫ ਲਿਖਿਐ ਗਾ–

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਮੈਂ, ਸੰਤ ਗੁਰੂ ਰਾਮਦਾਸ ਦੀ ਕਿਰਪਾ ਤੇ, ਆਪਣੇ ਅੰਦਰ ਰੱਬ ਦੇਖਿਆ, ਹੁਣ ਮੈਂ ਕਦੇ ਉਹਨੂੰ ਭੁੱਲਦਾ ਨਹੀਂ। ਹੋਰ ਤਾਂ ਦੁਨੀਆਂ ਤੇ ਏਹੋ ਜਿਹਾ ਪਦਾਰਥ ਹੈ ਨਹੀਂ, ਜਿਹੜਾ ਰੱਬ ਨੂੰ ਮੋਹ ਲਵੇ। ਕੋਈ ਵੀ ਬ੍ਰਹਮ ਗਿਆਨੀ ਨਹੀਂ ਮੋਹਿਆ ਗਿਆ, ਕਬੀਰ ਨੂੰ ਨਾ ਕਿਸੇ

ਨੇ ਮੋਹ ਲਿਆ। ਏਸ ਕਰਕੇ ਭਾਈ! ਜਿਨ੍ਹਾਂ ਨੂੰ ਮਿਲਕੇ ਮੈਨੂੰ ਪ੍ਰਮੇਸ਼ਰ ਪ੍ਰਾਪਤ ਹੋ ਗਿਐ, ਮੈਂ ਉਨ੍ਹਾਂ ਤੋਂ ਵੀ ਕੁਰਬਾਨੇ ਜਾਨਾਂ। ਉਹ ਕੌਣ ਸੇ? ਉਹ 'ਸੰਤ' ਐ ਸ੍ਰੀ ਗੁਰੂ ਰਾਮਦਾਸ ਮਹਾਰਾਜ–

ਪ੍ਰੇਮ ਭਗਤਿ ਉਧਰਹਿ ਸੇ ਨਾਨਕ ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ (ਪੰਨਾ ੧੩੮੮)

'ਸੰਤੁ' ਪੰਚਾਇਤ ਨਹੀਂ ਬਣਾਉਂਦੀ ਹੁੰਦੀ। ਦੁਨੀਆਂ ਦੇ ਰਾਜੇ, ਮਹਾਰਾਜੇ 'ਸੰਤੁ' ਨਹੀਂ ਬਣਾਉਂਦੇ ਹੁੰਦੇ। 'ਸੰਤੁ' ਪ੍ਰਮੇਸ਼ਰ ਆਪ ਬਣਾਉਂਦਾ ਹੁੰਦੈ। ਜਦ ਉਹ ਬਖਸ਼ਿਸ਼ ਕਰ ਦਿੰਦੈ, ਇਹ ਸੰਤ ਬਣ ਜਾਂਦੈ–

ਜਾ ਕਉ ਅਪੁਨੀ ਕਰੈ ਬਖਸੀਸ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਉਹ ਹੁਣ ਲੇਖੇ'ਚ ਨਹੀਂ ਰਹਿੰਦਾ ਹੈਗਾ। ਏਸ ਕਰਕੇ, ਪ੍ਰਮੇਸ਼ਰ ਸੰਤ ਵੀ ਆਪ ਬਣਾਉਂਦਾ ਹੁੰਦੈ–

ਬ੍ਰਹਮ ਗਿਆਨੀ ਸੇ ਜਨ ਭਏ ॥
ਨਾਨਕ ਜਿਨ ਪ੍ਰਭੁ ਆਪਿ ਕਰੇਇ ॥ (ਪੰਨਾ ੨੭੨)

ਬ੍ਰਹਮ ਗਿਆਨੀ ਵੀ ਤਾਂ ਓਹੀ ਹੋਣਗੇ, ਜਿਨ੍ਹਾਂ ਨੂੰ ਪ੍ਰਮੇਸ਼ਰ ਆਪ ਕਰੇਗਾ। ਉਹ ਸਭ ਪ੍ਰਮੇਸ਼ਰ ਦੀ ਬਖਸ਼ਿਸ਼ ਤੇ ਕੰਮ ਹੁੰਦੇ ਨੇ। ਮੈਂ, ਇੱਕ ਦਾਨ ਮੰਗਦਾਂ ਗਾ, ਮੇਰੇ ਹਿਰਦੇ 'ਚ ਰਹੋ। ਮੇਰੀ ਪ੍ਰੀਤੀ, ਆਪ ਨਾਲ ਲੱਗੀ ਰਹੇ, ਕਦੇ ਮੇਰੀ ਪ੍ਰੀਤੀ ਨਾ ਟੁੱਟੇ। ਕਦੇ ਮੈਂ ਆਪ ਤੇ ਗੈਰਹਾਜਰ ਨਾ ਹੋਵਾਂ –

ਦਾਸ ਤੁਮਾਰੇ ਕੀ ਪਾਵਉ ਧੂਰਾ

ਮੈਂ ਆਪ ਦੇ ਦਾਸਾਂ ਦੀ ਚਰਨ ਧੂੜ ਪਾਵਾਂ। ਮੈਂ, ਗੁਰੂ ਰਾਮਦਾਸ! ਆਪ ਦੇ ਦਾਸ ਦੇ ਚਰਨਾਂ ਦੀ ਧੂੜ ਪਾਈ ਤਾਂ ਏਥੇ ਪਹੁੰਚਿਆਂ–

ਮਸਤਕਿ ਲੇ ਲੇ ਲਾਵਉ ॥

ਮੈਂ ਆਪਣੇ 'ਮਸਤਕਿ' ਨੂੰ ਉਹ ਧੂੜ ਲਾਉਨਾਂ ਗਾ, ਮੇਰੀ ਸਾਰੀ ਰੇਖਾ ਮਿਟ ਜੇ ਗੀ। ਮੇਰੇ ਸਾਰੇ ਕਰਮ ਕੱਟੇ ਜਾਣਗੇ, ਜਦ ਸੰਤ ਦਾ ਦਰਸ਼ਨ ਹੋਜੈ ਤੇ ਸੰਤ ਦੀ ਕਿਰਪਾ ਹੋਜੈ। ਸੰਤ ਇੱਕ ਹੱਥਾਂ ਪੈਰਾਂ ਵਾਲੇ ਰੱਬ ਨੂੰ ਈ ਕਹਿੰਦੇ ਨੇ। ਸੰਤ, ਸਾਧੂ ਕੋਈ ਨਿਰਾ ਕੱਪੜਿਆਂ ਨਾਲ,

ਭੇਖਾਂ ਨਾਲ ਨਹੀਂ ਹੁੰਦਾ, ਉਹ ਤਾਂ ਬਖਸ਼ਿਆ ਵਿਆ ਹੁੰਦੈ ਗਾ-

ਮਹਾ ਪਤਿਤ ਤੇ ਹੋਤ ਪੁਨੀਤਾ

ਅਸੀਂ, 'ਮਹਾ ਪਤਿਤ' ਸੀ, 'ਪੁਨੀਤਾ' ਪਵਿੱਤ੍ਰ ਬਣ ਗੇ, ਆਪ ਸੰਤ ਦੀ ਕਿਰਪਾ ਤੇ, ਸੰਤ ਦੇ ਉਪਦੇਸ਼ ਤੇ ਮਹਾਂ ਪਵਿੱਤ੍ਰ ਹੋ ਗੇ-

ਹਰਿ ਕੀਰਤਨ ਗੁਨ ਗਾਵਉ ॥

ਹੁਣ ਹਰੀ ਦਾ ਕੀਰਤਨ ਕਰਾਂਗੇ, ਹਰੀ ਦੇ ਈ ਗੁਣ ਗਾਵਾਂਗੇ-

ਗੁਨ ਗਾਵਤ ਤੇਰੀ ਉਤਰਸਿ ਮੈਲੁ ॥
ਬਿਨਸਿ ਜਾਇ ਹਉਮੈ ਬਿਖੁ ਫੈਲੁ ॥ (ਪੰਨਾ ੨੮੯)

ਹੁਣ ਮੈਂ ਆਪ ਦਾ ਈ ਕੀਰਤਨ ਕਰੂੰਗਾ, ਆਪ ਦੇ ਹੀ ਗੁਣ ਗਾਊਂਗਾ। ਆਪ ਦੇ ਗੁਣ ਗਾਉਣੇ ਸੇ, ਮੇਰੇ ਸਾਰੇ ਰੋਗ ਜਿੰਨੇ ਕਾਮ, ਕ੍ਰੋਧ, ਲੋਭ, ਮੋਹ, ਮਨੋਰਾਜ ਚੱਕੇ ਜਾਣਗੇ। ਮੈਂ, ਸਿੱਧਾ ਆਪ ਦਾ ਦਾਸ ਹੋ ਗਿਆਂ-

ਆਗਿਆ ਤੁਮਰੀ ਮੀਠੀ ਲਾਗਉ

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ (ਪੰਨਾ ੩)

ਹੁਣ ਆਪ ਦੀ ਆਗਿਆ ਮੈਨੂੰ ਮਿੱਠੀ ਲਗਦੀ ਐ। ਜੋ ਵੀ ਆਗਿਆ ਕਰਦੇ ਓਂ, ਉਹ ਆਪ ਦੀ ਆਗਿਆ ਹੁਣ ਮੈਨੂੰ ਮਿੱਠੀ ਲਗਦੀ ਐ-

ਕੀਓ ਤੁਹਾਰੋ ਭਾਵਉ ॥

ਹੁਣ 'ਹੁਕਮੀ', ਮਹਾਰਾਜ ਜੋ ਆਪ ਕਰਦੇ ਹੋਂ, ਮੈਨੂੰ ਉਹ ਭਾਉਂਦੈ ਗਾ-

ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਆਪਿ ਪੇਖਨਹਾਰਾ ॥
ਸਗਲ ਸਮਗ੍ਰੀ ਜਾ ਕਾ ਤਨਾ ॥
ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥
ਆਗਿਆਕਾਰੀ ਕੀਨੀ ਮਾਇਆ ॥

ਸਭ ਕੈ ਮਧਿ ਅਲਿਪਤੋ ਰਹੈ ॥
ਜੋ ਕਿਛੁ ਕਹਣਾ ਸੁ ਆਪੇ ਕਹੈ ॥ (ਪੰਨਾ ੨੯੪)

ਹੁਕਮੀ ਦਾ ਹੁਕਮ ਚੱਲੇਗਾ। ਹੁਕਮ ਦੇ ਵਿੱਚ ਜਿਹੜਾ ਨੂ-ਨੱਚ ਕਰੇਗਾ, ਉਹ ਭਾਣੇ ਤੋਂ ਉੱਖੜ ਜੇਗਾ, ਉਹ ਭਾਣੇ ਤੋਂ ਅਲਹਿਦਾ ਹੋ ਜੇਗਾ। ਇਹ ਬੜਾ ਔਖਾ ਕੰਮ ਐਂ। ਇਹ ਪ੍ਰੇਮਾ ਭਗਤੀ ਐ। ਇਹ 'ਸੰਤ ਮਤਿ' ਐ, 'ਸੰਤ ਮਤਿ' ਏਸੇ ਨੂੰ ਈ ਕਹਿੰਦੇ ਨੇ-

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ

ਜੋ ਮੈਨੂੰ ਦੇਵੋਂਗੇ, ਮੈਂ ਓਸੇ ਤੇ ਤ੍ਰਿਪਤ ਹੋਜੂੰਗਾ। ਮਾਇਆ ਸ਼ਕਤੀ ਜੋ ਐ, ਇਹ ਸਾਰਾ ਕੰਮ ਕਰਦੀ ਐ ਪਰ ਹੁਕਮੀ ਤੇ ਅਲਹਿਦਾ ਹੋ ਕੇ ਕਦੇ ਨਹੀਂ ਕਰਦੀ, ਮਾਇਆ ਤਾਂ ਉਹਦੇ ਹੁਕਮ 'ਚ ਐ। ਇਹ ਤਾਂ ਵਸ਼ਿਸ਼ਟ ਨੇ ਅਚਿੰਤ ਸ਼ਕਤੀ ਤੇ ਜੋਰ ਲਾਇਆ। ਇਹ ਅਚਿੰਤ ਸ਼ਕਤੀ ਐ। ਕਿਉਂ? ਇਹਦਾ ਕਾਰਜ ਤਾਂ ਸਾਰਾ ਦਿਸਦੈ, ਇਹ ਦਿਸਦੀ ਨਹੀਂ ਹੈ। ਇੱਕ ਬੋਹੜ ਦਾ ਬੀਜ ਹੁੰਦੈ, ਉਹਦੇ ਤੇ ਕਿੰਨਾਂ ਬੋਹੜ ਬਣ ਜਾਂਦੈ, ਇਹ ਕਿੰਨੀ ਅਜੀਬ ਬਾਤ ਹੈ। ਤੇ ਤੁਸੀਂ, ਇਹ ਜਿੰਨੇ ਆਪਣੇ ਸਰੀਰ ਬਣੇ ਨੇ, ਇਹ ਜਿਹੜੀ ਚੀਜ ਤੋਂ ਬਣੇ ਨੇ, ਇਹ ਥੁਆਨੂੰ ਪਤਾ ਈ ਐ। ਕਿਉਂ? ਇਹ ਪ੍ਰਮੇਸ਼ਰ ਦੀ ਅਚਿੰਤ ਸ਼ਕਤੀ ਕੰਮ ਕਰਦੀ ਹੈ। ਪ੍ਰਮੇਸ਼ਰ ਦੀ ਆਗਿਆ ਤੇ ਅਲਹਿਦਾ ਇਹ ਕੰਮ ਨਹੀਂ ਕਰਦੀ ਤੇ ਹੁਕਮੀ ਦੇ ਹੁਕਮ ਵਿੱਚ ਕੰਮ ਕਰਦੀ ਐ। ਏਸ ਕਰਕੇ, ਹੁਕਮੀ ਤੇ ਕਦੇ ਬੇਮੁੱਖ ਨਹੀਂ ਹੋਣਾ ਚਾਹੀਦਾ-

ਜੋ ਤੂ ਦੇਹਿ ਤਹੀ ਇਹੁ ਤ੍ਰਿਪਤੈ

ਜੋ ਆਪ ਮੈਨੂੰ ਕਿਰਪਾ ਕਰਕੇ ਬਖਸ਼ਿਸ਼ ਕਰੋਂਗੇ, ਮੈਂ ਉਹਦੇ ਵਿੱਚ ਬੜਾ ਪ੍ਰਸੰਨ ਹਾਂ, ਬੜਾ ਖੁਸ਼ ਹਾਂ। ਜੋ ਆਪ ਨੇ ਦਿੱਤਾ, ਮੈਂ ਉਹਦੇ ਵਿੱਚ ਈ ਬੜਾ ਪ੍ਰਸੰਨ ਹਾਂ-

ਆਨ ਨ ਕਤਹੂ ਧਾਵਉ ॥

ਮੈਂ, ਆਪ ਨੂੰ ਛੱਡ ਕੇ, ਆਪ ਦਾ ਦਰਵਾਜਾ ਛੱਡ ਕੇ, ਹੋਰ ਦਰਵਾਜੇ ਤੇ ਨਹੀਂ ਜਾਊਂਗਾ। ਮੈਂ, ਹੇ ਪ੍ਰਮੇਸ਼ਰ! ਆਪ ਦੇ ਦਰ ਨੂੰ ਛੱਡ ਕੇ, ਹੋਰ ਲੋਕਾਂ ਦੇ ਦਰਾਂ ਤੇ ਨਹੀਂ ਜਾਊਂਗਾ-

ਸਦ ਹੀ ਨਿਕਟਿ ਜਾਨਉ ਪ੍ਰਭ ਸੁਆਮੀ

ਉਹ ਸਦਾ ਰਹਿਣ ਵਾਲਾ ਸਤਿ-ਸਰੂਪ, ਉਹ ਸਤਿ, ਚਿੱਤ, ਅਨੰਦ, ਹਰ ਵਕਤ ਹਾਜਰਾ-ਹਜ਼ੂਰ, ਉਹ ਜਿਹੜਾ 'ਸੁਆਮੀ' ਐ ਮਾਲਕ, ਓਸ ਨੂੰ ਮੈਂ ਸਮਝ ਲਿਆ। ਉਹ ਸਦਾ ਈ ਐ, ਉਹ ਸ੍ਰਿਸ਼ਟੀ ਤੇ ਪਹਿਲੇ ਵੀ ਸੀ, ਹੁਣ ਵੀ ਹੈ। ਸ੍ਰਿਸ਼ਟੀ ਦੇ ਆਦਿ, ਅੰਤ ਮੇਂ ਵੀ ਰਹੇਗਾ, ਮਹਾਂ-ਪਰਲੋ ਮੇਂ ਵੀ ਰਹੇਗਾ। ਏਸ ਕਰਕੇ, ਓਸ ਪ੍ਰਮੇਸ਼ਰ ਨੂੰ ਮੈਂ 'ਸੁਆਮੀ' ਮਾਲਕ ਜਾਣਦਾਂ। ਉਹ ਮੇਰਾ ਮਾਲਕ ਐ-

ਸਗਲ ਰੇਣ ਹੋਇ ਰਹੀਐ ॥

ਸਾਰੇ ਜੋ ਪ੍ਰਮੇਸ਼ਰ ਦੇ ਪੈਦਾ ਕੀਤੇ ਵੇ ਨੇ ਜੀਵ, ਉਨ੍ਹਾਂ ਦੇ ਚਰਨਾਂ ਦੀ ਧੂੜੀ ਹੋ ਕੇ ਰਹੀਏ। ਸਾਰਿਆਂ ਦੀ ਸੇਵਾ ਕਰੀਏ, ਜੈਸੇ ਭਾਈ ਘਨੱਈਏ ਨੇ ਸੇਵਾ ਕੀਤੀ, ਜਦ ਦਸਮ ਪਾਤਸ਼ਾਹ ਨੇ ਬਖਸ਼ਿਸ਼ ਕੀਤੀ। ਉਹ ਕਹਿੰਦਾ, ਜੀ ਮੈਂ ਕੋਈ ਸੇਵਾ ਨਹੀਂ ਕਰ ਸਕਦਾ? ਮੈਂ ਕੀ ਕਰਾਂ? ਉਹਨੂੰ ਕਹਿੰਦੇ, ਤੂੰ ਮਸ਼ਕ ਚੱਕ ਲੈ, ਗਰਮੀ ਦਾ ਮਹੀਨਾ ਹੈ, ਕਿੰਨੀ ਧੁੱਪ ਐ, ਜਲ ਪਿਆ। ਉਹ ਹਿੰਦੂ, ਮੁਸਲਮਾਨਾਂ, ਸਿੱਖਾਂ ਸਾਰਿਆਂ ਨੂੰ ਪਿਆਈ ਗਿਆ। ਜਦ ਉਹ ਪਠਾਣ ਗਿਆ ਰੋਪੜ ਵਾਲਾ ਪੰਜ ਸੌ ਪਠਾਣ ਲੈ ਕੇ, ਬਈ ਮੈਂ ਜਾਂ ਤਾਂ ਦਸਮ ਪਾਤਸ਼ਾਹ ਨੂੰ ਫੜ ਕੇ ਲਿਆਊਂਗਾ ਤੇ ਨਹੀਂ ਮੈਂ ਸਿਰ ਲਿਆਊਂ। ਉਹ ਨਿਯਮ ਕਰਕੇ ਤੁਰਿਆ ਤੇ ਉਹ ਐਨਾਂ ਜਖ਼ਮੀ ਹੋਇਆ,ਉਹਦੇ ਹੱਥ ਵੀ ਨਾ ਹਿੱਲਣ। ਉਹ ਕਹਿੰਦਾ, ਪਾਣੀ! ਜਲ! ਪਾਣੀ! ਭਾਈ ਘਨੱਈਆ ਭੱਜ ਕੇ ਆਇਆ। ਓਹਨੇ ਜਦ ਐਂ ਮਸ਼ਕ ਕੀਤੀ, ਉਹ ਕਹਿੰਦਾ, ਮੇਰੇ ਤਾਂ ਸਿੱਖਾ ਹੱਥ ਉੱਠਦੇ ਨਹੀਂ। ਇੱਕ ਹੱਥ ਉਹਦੇ ਮੂੰਹ ਨੂੰ ਲਾਇਆ ਤੇ ਇੱਕ ਮਸ਼ਕ ਦੇ ਨਾਲ ਪਾਇਆ। ਉਹਨੂੰ ਜਲ ਪਿਲਾਇਆ ਤੇ ਐਨੇਂ 'ਚ ਉਨ੍ਹਾਂ ਨੇ ਸ਼ਿਕਾਇਤ ਕਰ 'ਤੀ ਸੀ ਸਿੱਖਾਂ ਨੇ ਗੁਰੂ ਪਾਸ। ਇਹ ਜੀ ਕੋਈ ਖੁਫੀਆ ਹੈ, ਇਹ ਜੀ ਕੋਈ ਸੂਹੀਆ ਹੈ, ਫਲਾਨਾ, ਧਿਮਕਾ। ਉਨ੍ਹਾਂ ਆਖਿਆ, ਲਿਆਉ ਬੁਲਾਕੇ। ਜਿੰਨਾਂ ਚਿਰ ਉਹਨੂੰ ਪਾਣੀ ਨਹੀਂ ਪਿਲਾਇਆ, ਉਤਨੀ ਦੇਰ ਓਥੋਂ ਭਾਈ ਘਨੱਈਆ ਹਿੱਲਿਆ ਹੀ ਨਹੀਂ। ਜਦ ਉਹ ਗਏ, ਉਨ੍ਹਾਂ ਆਖਿਆ, ਕਿਉਂ ਭਾਈ! ਤੈਨੂੰ ਬੁਲਾਇਆ, ਤੂੰ ਆਇਆ ਨਾ? (ਸਿੱਖ ਕਹਿੰਦੇ) ਅਖੇ, ਦੇਖੋ ਜੀ

ਹੁਕਮ ਅਦੂਲੀ ਕਰਦੈ। ਓਹਨੇ ਸਾਰੀ ਹਾਲਤ ਦੱਸੀ ਬਈ ਆਹ ਹਾਲਤ ਸੀ ਮਹਾਰਾਜ, ਮੈਂ ਜਲ ਪਿਆਉਂਦਾ ਸੀ, ਆਪ ਦਾ ਹੁਕਮ ਸੀ ਤੇ ਮੈਂ ਉਹਨੂੰ ਪੂਰਾ ਜਲ ਪਿਆਉਂਦਾ ਸੀ, ਮੇਰਾ ਇੱਕ ਹੱਥ ਉਹਦੇ ਮੂੰਹ ਨੂੰ ਲਾਇਆ ਵਿਆ ਸੀ ਤੇ ਇੱਕ ਨਾਲ (ਜਲ) ਪਾਉਂਦਾ ਸੀ, ਉਹ ਬਹੁਤ ਜਖਮੀ ਹੋ ਗਿਆ ਸੀ। ਗੁਰੂ ਸਾਹਿਬ ਕਹਿੰਦੇ, ਆਹ ਲੈ ਇੱਕ (ਮਲ੍ਹਮ ਦੀ) ਡੱਬੀ ਤੇ ਇੱਕ ਲੈ ਲੈ ਪੱਟੀ, ਜਿਹੜਾ ਬਹੁਤ ਜਖ਼ਮੀ ਹੋਵੇ, ਉਹਦੇ ਮਲ੍ਹਮ ਲਾ ਕੇ, ਪੱਟੀ ਵੀ ਬੰਨ੍ਹ ਦਿਆ ਕਰ, ਕੋਈ ਹਰਜ ਨਹੀਂ। ਏਸ ਕਰਕੇ, ਭਾਈ ਸਾਰਿਆਂ ਦੀ ਧੂੜ, ਸਾਰਿਆਂ 'ਚ ਪ੍ਰਮੇਸ਼ਰ ਦੇਖਣਾ, ਇਹ ਇੱਕ ਬੜੀ ਉੱਚੀ ਬਾਤ ਹੈ। ਏਥੇ ਜਾ ਕੇ ਆਦਮੀ ਪੁੱਗ ਜਾਂਦੈ, ਸਾਰਾ ਰਸ ਪ੍ਰਾਪਤ ਹੋ ਜਾਂਦੈ–

ਸਾਧੂ ਸੰਗਤਿ ਹੋਇ ਪਰਾਪਤਿ

ਇਹ ਚੀਜ ਸਾਧੂ ਦੇ ਸੰਗ ਤੇ ਪ੍ਰਾਪਤ ਹੋਏਗੀ, ਜਿਹੜਾ ਬਖਸ਼ਿਆ ਵਿਐ ਗਾ। ਬਖਸ਼ਿਆ ਵਿਆ ਈ ਬਖਸ਼ ਸਕਦੈ। ਕਬੀਰ ਬਖਸ਼ਿਆ ਵਿਆ ਸੀ, ਓਹਨੇ ਕਿੰਨੇ ਬਖਸ਼ੇ। ਗੁਰੂ ਨਾਨਕ ਬਖਸ਼ਿਆ ਵਿਆ ਸੀ, ਕਿੰਨੇ ਬਖਸ਼ੇ। ਦਾਦੂ ਬਖਸ਼ਿਆ ਵਿਆ ਸੀ, ਕਿੰਨੇ ਬਖਸ਼ੇ। ਈਸਾ ਬਖਸ਼ਿਆ ਵਿਆ ਸੀ, ਕਿੰਨੇ ਬਖਸ਼ੇ। ਉਨ੍ਹਾਂ ਸਾਧੂਆਂ ਦੀ ਧੂੜ ਦੇ ਨਾਲ ਈ, ਇਹ ਤੈਨੂੰ ਪ੍ਰਾਪਤ ਹੋਏਗੀ–

ਤਾ ਪ੍ਰਭੁ ਅਪੁਨਾ ਲਹੀਐ ॥

ਤਾਂ ਭਾਈ, ਆਪਣੇ ਪ੍ਰਮੇਸ਼ਰ ਨੂੰ ਪ੍ਰਾਪਤ ਹੋਏਂਗਾ।ਤਾਂ ਤੈਨੂੰ ਆਤਮਾ–ਪ੍ਰਮਾਤਮਾ ਪ੍ਰਾਪਤ ਹੋ ਜੇਗਾ, ਏਥੇ ਜਾ ਕੇ–

ਸਦਾ ਸਦਾ ਹਮ ਛੋਹਰੇ ਤੁਮਰੇ

ਅਸੀਂ ਸਦਾ ਈ ਆਪ ਦੇ ਛੋਹਰੇ (ਬੱਚੇ) ਆਂ, ਇਹ ਬਾਂਗਰ ਦੀ ਬੋਲੀ ਐ। ਆਪ ਦੇ ਛੋਹਰੇ ਆਂ, ਆਪ ਦੇ ਬੱਚੇ ਆਂ–

ਤੂ ਪ੍ਰਭ ਹਮਰੋ ਮੀਰਾ ॥

ਹੇ ਪ੍ਰਭੂ, ਹੇ ਪ੍ਰਮੇਸ਼ਰ! ਤੂੰ ਮੇਰਾ ਮਾਲਕ ਹੈਂ, ਹੋਰ ਮੇਰਾ ਮਾਲਕ ਕੋਈ ਨਹੀਂ। ਮਾਲਕ ਤੂੰ ਇੱਕੋ ਈ ਹੈਂ ਸਾਰੀ ਸ੍ਰਿਸ਼ਟੀ ਦਾ। ਹਿੰਦੂ, ਮੁਸਲਮਾਨ, ਸਿੱਖ ਜੋ ਵੀ ਹੈ, ਮਾਲਕ (ਸਭ ਦਾ) ਇੱਕ ਹੈ, ਇਹ

ਨਿਯਮ ਹੈ। ਜੇ ਮਾਲਕ ਇੱਕ ਨਾਂ ਹੁੰਦਾ ਤਾਂ ਗੁਰੂ ਸਾਹਿਬ ਏਕਾ (੧) ਨਾ ਲਿਖਦੇ -

ਏਕਾ ਏਕੰਕਾਰੁ ਲਿਖਿ ਦੇਖਾਲਿਆ ।
ਊੜਾ ਓਅੰਕਾਰੁ ਪਾਸਿ ਬਹਾਲਿਆ । (ਭਾਈ ਗੁਰਦਾਸ ਜੀ)

ਇਹ, ਭਾਈ ਗੁਰਦਾਸ ਨੇ ਲਿਖਿਆ–

ਏਕਾ ਏਕੰਕਾਰੁ ਲਿਖਿ ਦੇਖਾਲਿਆ ।

ਮੈਨੂੰ ਇੱਕ ਧਨੌਲੇ ਕਹਿੰਦਾ, ਜੀ ਆਹ ਗੁਰਦੁਆਰੇ ਦੇ ਆਲੇ ਦੁਆਲੇ , ਕਿਉਂ ਲਿਖਿਐ ਇਨ੍ਹਾਂ ਨੇ? ਉਹ ਸੀ ਕੌਮਨਿਸਟ। ਮੈਂ ਆਖਿਆ, ਤੈਨੂੰ ਨਹੀਂ ਪਤਾ? ਉਹ ਕਹਿੰਦਾ, ਮੈਨੂੰ ਨਹੀਂ ਪਤਾ। ਮੈਂ ਦੇਖਦਾਂ ਬਈ ਕਿਉਂ ਲਿਖਿਐ ਇਨ੍ਹਾਂ ਨੇ। ਮੈਂ ਆਖਿਆ, ਇਹ ਜਿਹੜਾ ਏਕਾ (੧) ਹੈ, ਇਹ ਤਾਂ ਹੈ 'ਰੱਬ' ਤੇ ਆਹ ਜਿਹੜਾ ਓਮ ਹੈ, ਇਹ ਹੈ 'ਨਾਮ'। ਗੁਰੂ ਸਾਹਿਬ ਨੇ ਆਖਿਆ ਹੈ ਇਹ ਨਾਮ ਨੂੰ ਫੜਕੇ ਏਕੇ (੧) ਕੋਲ ਪਹੁੰਚ ਜੀਂ ਤੇ ਤੂੰ ਪਹੁੰਚ ਗਿਐਂ? ਉਹ ਕਹਿੰਦਾ, ਮੈਂ ਤਾਂ ਹੋਰ ਈ ਪਾਸੇ ਫਸ ਗਿਆ। ਸਾਫ ਜੱਟ ਸੀ ਕ ਨਾਂ ਫੌਜੀ। ਉਹ ਕਹਿੰਦਾ, ਮੈਨੂੰ ਤਾਂ ਹੋਰ ਈ ਪਾਸੇ ਇਨ੍ਹਾਂ ਨੇ ਪ੍ਰੇਰ ਲਿਆ, ਮੇਰੇ ਤੇ ਬੜੀ ਗਲਤੀ ਹੋਈ।ਤੇ ਮੈਂ ਕਿਹਾ ਤੇਰਾ ਖਹਿੜਾ ਤਾਂ ਏਕੇ ਕੋਲ ਜਾਕੇ ਛੁੱਟਣੈ। ਕਹਿੰਦਾ ਹਾਂ ਜੀ, ਏਕੇ ਕੋਲ ਈ ਜਾਕੇ ਛੁੱਟਣੈ। ਮੈਂ ਆਖਿਆ, ਹੁਣ? ਕਹਿੰਦਾ, ਹੁਣ ਮੈਂ ਏਕੇ ਕੋਲ ਹੀ ਪਹੁਚੂੰ, ਛੱਡ ਦੇਊਂ ਸਾਰਿਆਂ ਨੂੰ। ਏਸ ਕਰਕੇ, ਨਾਮ ਨੂੰ ਲੈ ਕੇ ਨਾਮੀ ਦੇ ਪਾਸ ਪਹੁੰਚਣੈ। ਏਥੇ ਜਾਕੇ ਇਹਦੇ ਤੇ ਬਖਸ਼ਿਸ਼ ਹੋਣੀ ਐਂ। ਇਹਨੇ ਪੁੱਗ ਜਾਣੈ, ਐਵੇਂ ਕੋਈ ਨਹੀਂ ਪੁੱਗਣਾ–

ਨਾਨਕ ਬਾਰਿਕ ਤੁਮ ਮਾਤ ਪਿਤਾ

ਗੁਰੂ ਅਰਜਨ ਦੇਵ ਜੀ 'ਚ ਕਿੰਨੀ ਨਿੰਮਰਤਾ! ਕਹਿੰਦੇ, ਅਸੀਂ 'ਬਾਰਿਕ' ਹਾਂ, ਹੇ ਪ੍ਰਮੇਸ਼ਰ! ਤੂੰ ਸਾਡਾ ਮਾਤਾ ਪਿਤਾ ਹੈਂ–

ਮੁਖਿ ਨਾਮੁ ਤੁਮਾਰੋ ਖੀਰਾ ॥

ਜਿਹੜਾ ਆਪ ਨੇ ਸਾਨੂੰ ਨਾਮ ਦੇ 'ਤਾ, ਇਹ ਬੜਾ ਈ ਮਿੱਠੈ ਗਾ। ਖੀਰ ਸਭ ਸੇ ਚੰਗੀ ਹੁੰਦੀ ਐ, ਦੁੱਧ ਸਭ ਸੇ ਚੰਗਾ ਹੁੰਦੈ,

ਪਿਆਰਾ ਹੁੰਦੈ। ਆਪ ਦਾ ਨਾਮ, ਮੈਨੂੰ ਬਹੁਤ ਪਿਆਰਾ ਲੱਗਿਐ, ਹੁਣ ਮੈਂ ਨਾਮ ਨਹੀਂ ਭੁੱਲਦਾ–

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਨਾਮੁ ਸੰਗੀ ਸੋ ਮਨਿ ਨ ਬਸਾਇਓ ॥
ਛੋਡਿ ਜਾਹਿ ਵਾਹੂ ਚਿਤੁ ਲਾਇਓ ॥ (ਪੰਨਾ ੭੧੫)

ਜਿਹੜੇ ਪਦਾਰਥ ਛੱਡ ਕੇ ਜਾਣੇ ਨੇ 'ਮਨ' ਨੂੰ ਤੁਸੀਂ ਉਹਦੇ ਨਾਲ ਜੋੜ ਲਿਆ, ਜੀਹਦੇ ਪਾਸ ਜਾਣਾ ਸੀ, ਉਹਨੂੰ ਭੁੱਲ ਗਏ ਤੇ ਮੋਹ'ਚ ਆ ਗੇ। ਏਸ ਕਰਕੇ, ਗੁਰੂ ਸਾਹਿਬ ਕਹਿੰਦੇ, ਬਈ! ਸਾਡਾ ਤਾਂ ਮਾਲਕ ਵੀ ਓਹੀ ਹੈ। ਸਾਨੂੰ, ਨਾਮ ਨਾਲੋਂ ਮਿੱਠੀ ਚੀਜ ਹੋਰ ਕੋਈ ਨਹੀਂ ਲੱਗਦੀ ਹੈ। ਇੱਕ ਫਰੀਦ ਦਾ ਉਦਾਹਰਣ ਹੈਂ। ਜਦ ਫਰੀਦ ਆਇਆ ਛੱਤੀ (੩੬) ਸਾਲ ਤਪ ਕਰਿਆ, ਆਕੇ ਬੈਠਾ। ਉਹਦੀ ਮਾਤਾ ਨੇ ਐਨਾਂ ਪਿਆਰ ਕੀਤਾ, ਦੁੱਧ, ਖੰਡ ਸਾਰੀਆਂ ਮਿੱਠੀਆਂ ਚੀਜਾਂ ਰੱਖ 'ਤੀਆਂ। ਕਹਿੰਦੀ, ਜੰਗਲ 'ਚ ਕਦੇ ਮਿਲੀਆਂ ਨੇ ਐਹੀਆਂ ਜੇਹੀਆਂ? ਤੂੰ ਜੰਗਲ 'ਚ ਜਾਨੈਂ। ਉਹ ਕਹਿੰਦਾ–

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ ॥
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ ॥

(ਪੰਨਾ ੧੩੭੯)

ਫਰੀਦ ਕਹਿੰਦਾ, ਮਾਤਾ ਤੈਂ ਰੱਬ ਦਾ ਸੁਆਦ ਨਹੀਂ ਦੇਖਿਆ। ਮੈਂ, ਖਵਾਜੇ ਦੇ ਪਾਸ ਰੱਬ ਦਾ ਸੁਆਦ ਦੇਖ ਕੇ ਆਇਆਂ ਗਾ। ਇਹ ਸਾਰੀਆਂ ਵਸਤੂਆਂ ਮਿੱਠੀਆਂ ਨੇ ਪਰ ਰੱਬ ਜਿੰਨੀ ਮਿੱਠੀ ਚੀਜ ਕੋਈ ਨਹੀਂ, ਨਾਮ ਜਿੰਨੀ ਪਿਆਰੀ ਹੋਰ ਕੋਈ ਚੀਜ ਨਹੀਂ ਹੈ।ਪਿਛਲੀ ਪੰਕਤੀ ਪੜ੍ਹਦੇ ਭਾਈ –

ਸਦਾ ਸਦਾ ਹਮ ਛੋਹਰੇ ਤੁਮਰੇ ਤੂ ਪ੍ਰਭ ਹਮਰੋ ਮੀਰਾ ॥
ਨਾਨਕ ਬਾਰਿਕ ਤੁਮ ਮਾਤ ਪਿਤਾ ਮੁਖਿ ਨਾਮੁ ਤੁਮਾਰੋ ਖੀਰਾ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

ਸਤਿਗੁਰ ਪ੍ਰਸਾਦਿ॥

੫੫

ਸੋਰਠਿ ਮਹਲਾ ੫ ॥

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥
ਕਰਮੁ ਨ ਜਾਣਾ ਧਰਮੁ ਨ ਜਾਣਾ ਲੋਭੀ ਮਾਇਆਧਾਰੀ ॥
ਨਾਮੁ ਪਰਿਓ ਭਗਤੁ ਗੋਵਿੰਦ ਕਾ ਇਹ ਰਾਖਹੁ ਪੈਜ ਤੁਮਾਰੀ ॥ ੧॥
ਹਰਿ ਜੀਉ ਨਿਮਾਣਿਆ ਤੂ ਮਾਣੁ ॥
ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥
ਰਹਾਉ ॥
ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥
ਕਰਿ ਉਪਦੇਸੁ ਝਿੜਕੇ ਬਹੁ ਭਾਤੀ ਬਹੁੜਿ ਪਿਤਾ ਗਲਿ ਲਾਵੈ ॥
ਪਿਛਲੇ ਅਉਗੁਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ ॥ ੨॥
ਹਰਿ ਅੰਤਰਜਾਮੀ ਸਭ ਬਿਧਿ ਜਾਣੈ ਤਾ ਕਿਸੁ ਪਹਿ ਆਖਿ ਸੁਣਾਈਐ ॥
ਕਹਣੈ ਕਥਨਿ ਨ ਭੀਜੈ ਗੋਬਿੰਦੁ ਹਰਿ ਭਾਵੈ ਪੈਜ ਰਖਾਈਐ ॥
ਅਵਰ ਓਟ ਮੈ ਸਗਲੀ ਦੇਖੀ ਇਕ ਤੇਰੀ ਓਟ ਰਹਾਈਐ ॥ ੩॥
ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ ਆਪੇ ਸੁਣੈ ਬੇਨੰਤੀ ॥
ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥
ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ॥ ੪॥

(ਪੰਨਾ ੬੨੪)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !! ਚੱਲ ਜੀ –

ਸੋਰਠਿ ਮਹਲਾ ੫ ॥

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ, ਰੱਬੀ ਬਾਣੀ ਜੋ ਉਨ੍ਹਾਂ ਨੂੰ ਪ੍ਰਾਪਤ ਹੋਈ ਐ, ਓਸ ਦਾ ਕਥਨ ਕਰਦੇ ਨੇ–

ਗਈ ਬਹੋੜੁ ਬੰਦੀ ਛੋੜੁ ਨਿਰੰਕਾਰੁ ਦੁਖਦਾਰੀ ॥

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ੍ਯ ਹਰਿ ॥

(ਪੰਨਾ ੧੪੦੯)

ਉਹ ਪ੍ਰਤਿਅਕਸ਼ ਹਰੀ ਦਾ ਸਰੂਪ ਨੇ–

ਸੋਰਠਿ ਮਹਲਾ ੫

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ, ਰੱਬੀ ਬਾਣੀ ਦਾ ਕਥਨ ਕਰਦੇ ਨੇ–

ਗਈ ਬਹੋੜੁ ਬੰਦੀ ਛੋੜੁ

'ਬੰਦੀ ਛੋੜੁ', ਕਬੀਰ ਸਾਹਿਬ ਦਾ ਨਾਮ ਵੀ ਹੈ। 'ਬੰਦੀ ਛੋੜੁ', ਸ੍ਰੀ ਗੁਰੂ ਨਾਨਕ ਸਾਹਿਬ ਦਾ ਨਾਮ ਵੀ ਹੈ। 'ਬੰਦੀ ਛੋੜੁ', ਦਾਦੂ ਦਾ ਨਾਮ ਵੀ ਹੈ। ਜਿਹੜੇ 'ਬੰਦੀ ਛੋੜੁ' ਹੋਣ, ਉਨ੍ਹਾਂ ਨੂੰ 'ਬੰਦੀ ਛੋੜੁ' ਕਹਿੰਦੇ ਨੇ। ਗੁਰੂ ਹਰਗੋਬਿੰਦ ਸਾਹਿਬ ਜਦ ਗਵਾਲੀਅਰ ਦੇ ਕਿਲ੍ਹੇ ਦੇ ਵਿੱਚ ਗਏ। ਬਾਦਸ਼ਾਹ ਨੇ ਕੁੱਛ ਹੋਰ ਕੀਤਾ ਸੀ, ਹੋ ਕੁੱਛ ਹੋਰ ਗਿਆ। ਬਾਦਸ਼ਾਹ ਦਾ ਮਤਲਬ ਸੀ ਬਈ ਕਿਲ੍ਹੇ ਦੇ ਵਿੱਚ ਮਹਾਰਾਜ ਅਨੁਸ਼ਠਾਨ (ਵਿਧੀਵੱਤ ਜਪ) ਕਰੋ, ਜਿਸ ਵਾਸਤੇ ਸਾਰੇ ਸੰਸਾਰ ਦਾ ਭਲਾ ਹੋਵੇ ਪਰ ਉਹਦੇ ਅੰਦਰ ਠੱਗੀ ਸੀ ਕੁੱਛ ਹੋਰ ਸੀ ਬਈ ਕਿਲ੍ਹੇ 'ਚ ਚਲੇ ਜਾਏਂਗੇ, ਸਾਰੇ ਉਪੱਦਰ ਬਾਹਰਲੇ ਮਿਟ ਜਾਏਂਗੇ। ਮੈਨੂੰ ਕੋਈ ਕੁੱਛ ਨਹੀਂ ਕਹੇਗਾ ਪਰ ਉਲਟ ਹੋ ਗਿਆ। ਜਦ ਬਾਦਸ਼ਾਹ ਦੇ ਭਾਅ ਦੀ ਬਣੀ, ਓਸ ਨੇ ਜੋਤਸ਼ੀਆਂ ਨੂੰ, ਮਨੀਮਾਂ ਨੂੰ, ਆਪਣੇ ਅਹਿਲਕਾਰਾਂ ਨੂੰ ਦੱਸਿਆ, ਰਾਤ ਮੇਰੇ ਨਾਲ ਆਹ ਬਿਰਥਾ ਹੋਈ। ਉਨ੍ਹਾਂ ਆਖਿਆ ਸੁਫਨਾ ਹੁੰਦੈ। ਸੁਫਨੇ ਕਈ ਪ੍ਰਕਾਰ ਦੇ ਹੁੰਦੇ ਨੇ। ਪਰ ਦੂਸਰੇ ਦਿਨ ਜਦ ਜੇਠਾ ਪੁਰਾਣਾ ਗਏ, ਉਹ ਫੜਿਆ ਤਾਂ ਉਹਨੂੰ ਪੁੱਛਿਆ। ਓਹਨੇ ਆਖਿਆ, ਅੱਜ ਮੈਨੂੰ ਮਾਫ ਕਰ ਦਿਓ,

ਮੈਂ ਭੁੱਲ ਗਿਆ। ਫੇਰ ਉਨ੍ਹਾਂ ਨੇ ਬੁਲਾਇਆ, ਉਹ ਕਹਿੰਦੇ, ਜੀ! ਵਹਿਮ ਹੁੰਦੈ। ਉਹ ਕਹਿੰਦਾ, ਵਹਿਮ ਨਹੀਂ ਹੁੰਦਾ, ਸਾਖਸ਼ਾਤ ਐ। ਵਹਿਮ ਨਹੀਂ ਏਹ ਹੈਗਾ, ਮੇਰੇ ਨਾਲ ਜੋ ਬੀਤੀ ਐ, ਮੈਂ ਮਾਫੀ ਮੰਗ ਕੇ ਛੁੱਟਿਆਂ। ਓਸ ਵਕਤ ਫੇਰ (ਬਾਦਸ਼ਾਹ) ਗੁਰੂ ਸਾਹਿਬ ਦੇ ਪਾਸ ਗਏ, ਆਗਿਆ ਲਈ ਬਈ ਆਪ ਮਹਾਰਾਜ ਜਾ ਸਕਦੇ ਹੋਂ। ਬਵੰਜਾ (੫੨) ਰਾਜੇ ਕੈਦ ਸੇ ਓਥੇ। ਉਨ੍ਹਾਂ ਦੀ ਖਾਤਰ ਈ ਗੁਰੂ ਸਾਹਿਬ ਗਏ ਸੇ, ਏਹ ਗੁਹਜ ਬਾਤ ਨੂੰ ਮਹਾਂਪੁਰਸ਼ ਜਾਣਦੇ ਹੁੰਦੇ ਨੇ । ਉਨ੍ਹਾਂ ਦੀ ਬੜੀ ਬੇਨਤੀ ਸੀ, ਅਰਦਾਸ ਸੀ ਈਸ਼ਰ ਅੱਗੇ। ਹੁਣ ਓਸ ਵਕਤ ਤਾਂ ਸਾਖਸ਼ਾਤ ਈਸ਼ਰ ਦੁਨੀਆਂ ਵਿੱਚ ਓਹੀ ਸੇ। ਉਹ ਗਏ ਤੇ ਬਾਦਸ਼ਾਹ ਕੁੱਛ ਹੋਰ ਸਮਝਿਆ ਤੇ ਉਹ ਕੁੱਛ ਹੋਰ ਪ੍ਰਯੋਜਨ ਨੂੰ ਗਏ ਸੇ।ਉਹ (ਬਾਦਸ਼ਾਹ) ਕਹਿੰਦਾ, ਮਹਾਰਾਜ! ਆਪ ਵਾਸਤੇ ਇੱਕ ਹਾਥੀ ਆਏਗਾ ਸ਼ਿੰਗਾਰਿਆ ਵਿਆ, ਇੱਕ ਸਦਾਗਰ ਫੌਜ ਦਾ ਆਏਗਾ। ਆਪ ਨੂੰ ਸਤਿਕਾਰ ਦੇ ਨਾਲ ਲਿਜਾਇਆ ਜਾਏਗਾ। ਉਹ (੫੨) ਰਾਜਿਆਂ ਨੇ ਆਖਿਆ, ਮਹਾਰਾਜ ਸਾਡਾ ਫੇਰ ਹੁਣ ਕੀ ਹਾਲ ਹੋਊ? ਜਿਤਨੀ ਦੇਰ ਆਪ ਏਥੇ ਰਹੇ,ਬੜਾ ਸਤਿਸੰਗ ਹੋਇਆ,ਬੜੇ ਭੋਜਨ ਖਾਧੇ, ਬੜਾ ਸੁੱਖ ਹੋਇਆ, ਸਾਡੇ ਸਾਰੇ ਦੁਖ ਭੁੱਲ ਗਏ ਸੇ ਤੇ ਹੁਣ ਸਾਡਾ ਹਾਲ ? ਉਹ ਕਹਿੰਦੇ, ਥੁਆਨੂੰ ਅਸੀਂ ਨਾਲ ਲੈ ਕੇ ਚੱਲਾਂਗੇ। ਜਦ ਫੇਰ ਬਾਦਸ਼ਾਹ ਵੱਲੋਂ ਦੋ ਅਹਿਲਕਾਰ ਗਏ, ਉਨ੍ਹਾਂ ਨੇ ਆਖਿਆ, ਮਹਾਰਾਜ ਆਪ ਕਿਰਪਾ ਕਰੋ। ਉਹਨੇ (ਗੁਰੂ ਜੀ ਨੇ) ਆਖਿਆ, ਜਿਤਨੇ ਰਾਜੇ ਨੇ, ਸਾਡੇ ਨਾਲ ਜਾਣਗੇ। ਇਨ੍ਹਾਂ ਦੀ ਬੰਦੀ ਅਸੀਂ ਕੱਟ ਕੇ ਨਾਲ ਲਿਜਾਵਾਂਗੇ। ਉਹਨੇ ਆਖਿਆ 'ਸਤਿ ਬਚਨ'। ਜਿਤਨੇ ਆਪ ਦਾ ਲੜ ਫੜਕੇ, ਆਪ ਨਾਲ ਚਲੇ ਜਾਣ, ਉਹ ਸਾਰੇ ਆਪ ਦੇ ਨਾਲ ਏ ਜਾਣਗੇ। ਬਵੰਜਾ ਰਾਜੇ ਸੇ ਤੇ ਬਵੰਜਾ ਕਲੀਆਂ (ਲੜੀਆਂ) ਵਾਲਾ ਈ ਚੋਲਾ ਸਮਾਇਆ (ਸਿਲਾਇਆ)। ਅਜਾਂ ਤੱਕ ਉਹ 'ਘੁਡਾਣੀ' (ਪਿੰਡ ਜਿਲ੍ਹਾ ਲੁਧਿਆਣਾ) ਪਿਆ ਹੈਗਾ, ਅਸੀਂ ਵੀ ਦੇਖਿਐ, ਹੁਣ ਤਾਂ ਉਹ ਸ਼ੀਸ਼ੇ 'ਚ ਦਿਖਾਉਂਦੇ ਨੇ।ਦਰਜੀ ਨੂੰ ਇਹ ਕਿਹਾ ਗਿਆ ਬਈ

ਬਵੰਜਾ ਕਲੀਆਂ ਵਾਲਾ ਇੱਕ ਚੋਲਾ ਸਿਉਂ ਦੇ। ਦਰਜੀ ਤੇ ਗਲਤੀ ਹੋ ਗੀ, ਪੰਜਾਹ ਲੱਗੀਆਂ, ਦੋ ਰਹਿ ਗੀਆਂ। ਜਦ ਗੁਰੂ ਸਾਹਿਬ ਚੱਲੇ, ਉਹ ਦੋ ਰਹਿ ਗਏ। ਇੱਕ ਬਿਲਾਸਪੁਰ ਦਾ ਰਾਜਾ ਸੀ ਜਿਸ ਨੇ ਕੀਰਤਪੁਰ ਦਿੱਤਾ ਸੀ ਗੁਰੂ ਸਾਹਿਬ ਨੂੰ, ਇੱਕ ਹੋਰ ਸੀ। ਉਨ੍ਹਾਂ ਨੇ ਫੇਰ ਦੋ ਕਲੀਆਂ ਖੋਲ੍ਹੀਆਂ, ਉਨ੍ਹਾਂ ਨੂੰ ਫੜਾਈਆਂ। ਸਾਰਿਆਂ ਨੂੰ ਨਾਲ ਲੈ ਕੇ ਬੜੇ ਸਤਿਕਾਰ ਦੇ ਨਾਲ ਉਹ ਆਏ। ਓਸ ਵਕਤ ਤੇ ਛੇਵੇਂ ਪਾਤਸ਼ਾਹ ਦਾ ਨਾਮ 'ਬੰਦੀ ਛੋੜੁ' ਪੈ ਗਿਆ, ਕਿਉਂਕਿ ਉਨ੍ਹਾਂ ਨੇ ਬੰਦੀ ਤੇ ਛੁੜਾਏ। ਫੇਰ ਓਸ ਰਾਜੇ (ਬਿਲਾਸਪੁਰ ਦੇ) ਨੇ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਕੀਰਤਪੁਰ ਆਪ ਨੂੰ ਮੈਂ ਅਰਪਣ ਕਰ 'ਤਾ, ਮੇਰੀ ਰਿਆਸਤ 'ਚ ਠਹਿਰੋ, ਛੇਵੇਂ ਪਾਤਸ਼ਾਹ ਨੂੰ ਕਹਿੰਦਾ। ਫੇਰ ਛੇਵੇਂ ਪਾਤਸ਼ਾਹ, ਕੀਰਤਪੁਰ ਠਹਿਰੇ। 'ਬੰਦੀ ਛੋੜੁ' ਪ੍ਰਮੇਸ਼ਰ ਹੈ। ਉਹ ਕਦੀ ਕਦੀ ਸਰਗੁਣ ਹੋ ਕੇ ਵੀ 'ਬੰਦੀ ਛੋੜੁ' ਹੋ ਜਾਂਦੈ। ਜੈਸੇ ਕਬੀਰ, ਗੁਰੂ ਨਾਨਕ, ਦਾਦੂ, ਈਸਾ, ਮੁਹੰਮਦ ਵਗੈਰਾ ਜੋ ਰੱਬ ਦੇ ਬਖਸ਼ੇ ਵੇ ਨੇ, ਉਹ ਅੱਗੇ ਬਖਸ਼ ਦਿੰਦੇ ਨੇ। 'ਬੰਦੀ ਛੋੜੁ' ਉਹਨੂੰ ਕਹਿੰਦੇ ਨੇ, ਜੋ ਬੰਦੀ ਛੁੜਾਏ–

ਗਈ ਬਹੋੜੁ ਬੰਦੀ ਛੋੜੁ

ਜਦ 'ਬੰਦੀ ਛੋੜੁ' ਦੀ ਸ਼ਰਣ ਪਏ। ਜਿਹੜੀ ਚਲੀ ਗਈ ਸੀ ਉਮਰ, ਉਹ ਵੀ ਵਾਪਸ ਆ ਗਈ। ਸਫਲ ਜੋ ਹੋ ਗਈ, ਗਿਆਨ ਜੋ ਹੋ ਗਿਆ, ਮੁਕਤੀ ਜੋ ਹੋ ਗਈ। ਜਦ ਸਾਡੀ ਉਸ ਜਗ੍ਹਾ ਤੇ 'ਬੰਦੀ ਛੋੜੁ' ਦੇ ਚਰਣ ਪਏ, ਉਹ ਸਾਡੀ ਗਈ ਵੀ ਆਯੂ, ਜਿਹੜੀ ਬੇਅਰਥ ਸੀ ਵਿਸ਼ਿਆਂ ਦੇ ਵਿੱਚ, ਉਹ ਵੀ ਸਫਲ ਹੋ ਗੀ। ਕਿਉਂ? ਬਖਸ਼ੇ ਜੋ ਗਏ, ਬਖਸ਼ਿਸ਼ ਹੋ ਗੀ। ਏਸ ਕਰਕੇ, ਉਹ 'ਬੰਦੀ ਛੋੜੁ' ਪ੍ਰਮੇਸ਼ਰ ਦੀ ਬਖਸ਼ਿਸ਼ ਬਿਨਾਂ, ਜੀਵ ਛੁੱਟ ਨਹੀਂ ਸਕਦਾ। ਹੋਰ ਕੋਈ ਜੀਵ ਨੂੰ ਉਪਾਅ ਨਹੀਂ। ਚਾਹੇ ਕਿਤਨਾ ਈ ਉਪਾਅ ਕਰੇ, ਉਹ ਗਲਤ ਐ। ਜਦ ਇਹ ਪ੍ਰਮੇਸ਼ਰ ਦੀ ਸ਼ਰਣ ਪੈ ਜੇਗਾ –

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ (ਪੰਨਾ ੫੪੪)

ਫੇਰ ਇਹਦੀ ਸਾਰੀ ਆਯੂ ਸਫਲ ਹੋ ਜੇਗੀ–

ਨਿਰੰਕਾਰੁ ਦੁਖਦਾਰੀ ॥

ਕਹਿੰਦੇ, ਸਾਰੇ ਦੁੱਖਾਂ ਦੇ ਕੱਟਣ ਵਾਲਾ ਇੱਕ ਨਿਰੰਕਾਰ ਹੈ। ਜਿੰਨੇ ਇਹਦੇ ਦੁੱਖ ਨੇ, ਸਾਰੇ ਦੁੱਖਾਂ ਦਾ ਕੱਟਣ ਵਾਲਾ ਇੱਕ ਨਿਰਾਕਾਰ ਪ੍ਰਮੇਸ਼ਰ ਹੈ।ਜਦ ਇਹਦੀ ਬਿਰਤੀ ਨਿਰਾਕਾਰ ਦੇ ਨਾਲ ਇੱਕ ਹੋਜੇਗੀ, ਜਦ ਏਸ ਨੂੰ ਬਿਬੇਕ ਹੋਜੇਗਾ ਬਈ ਬਿਰਤੀ ਤੇ ਲਾ ਕੇ ਸਾਰਾ ਸੰਸਾਰ ਮਿੱਥਿਐ ਤੇ ਦ੍ਰਸ਼ਟਾ, ਸਾਖਸ਼ੀ, ਚੇਤਨ, ਸਤਿ ਐ, ਉਹ ਆਪੈ ਗਾ ਤੇ ਫੇਰ ਏਸ ਦੇ ਸਾਰੇ ਦੁੱਖ ਨਾਸ ਹੋ ਜਾਏਂਗੇ –

ਕਰਮੁ ਨ ਜਾਣਾ ਧਰਮੁ ਨ ਜਾਣਾ

ਮੈਂ ਕਰਮਾਂ ਧਰਮਾਂ ਨੂੰ ਨਹੀਂ ਜਾਣਦਾ ਸੀ, ਨਾ ਮੈਂ ਕਰਮਾਂ ਧਰਮਾਂ ਦੇ ਰਸਤੇ ਪਿਆਂ। ਮੈਂ ਤਾਂ ਇੱਕ ਪ੍ਰਮੇਸ਼ਰ 'ਬੰਦੀ ਛੋੜੁ' ਦੀ ਸ਼ਰਣ ਪੈ ਗਿਆ। ਜੈਸੇ ਰਾਜੇ, ਛੇਵੇਂ ਪਾਤਸ਼ਾਹ ਦੀ ਸ਼ਰਣ ਪੈ ਗਏ ਸੇ ਸਾਰੇ ਆ ਕੇ, ਬਈ ਆਪ ਚਲੇ ਜਾਏਂਗੇ, ਅਬ ਸਾਨੂੰ ਛੁਡਾਉਣ ਵਾਲਾ ਦੁਨੀਆਂ 'ਚ ਕੋਈ ਨਹੀਂ। ਏਸ ਕਰਕੇ, ਮੈਂ ਇੱਕ ਪ੍ਰਮੇਸ਼ਰ ਨਿਰੰਕਾਰ ਦੀ ਸ਼ਰਣ ਲਈ ਐ–

ਲੋਭੀ ਮਾਇਆਧਾਰੀ ॥

ਤੇ ਮੈਂ ਲੋਭੀ ਵੀ ਸੀ ਤੇ ਮਾਇਆਧਾਰੀ ਵੀ ਸੀਗਾ। ਮੇਰਾ ਮਨ ਪਹਿਲੇ ਐਸਾ ਸੀ–

ਨਾਮੁ ਪਰਿਓ ਭਗਤੁ ਗੋਵਿੰਦ ਕਾ

ਪਰ ਮੇਰਾ ਨਾਮ ਪੈ ਗਿਆ ਸੀ ਗੋਬਿੰਦ ਦਾ ਭਗਤ, ਗੋਬਿੰਦ ਦਾ ਭਗਤ ਮੇਰਾ ਨਾਉਂ ਪੈ ਗਿਆ ਸੀਗਾ। ਗੋਬਿੰਦ ਨੇ ਮੇਰੇ ਤੇ ਬੜੀ ਭਾਰੀ ਕਿਰਪਾ ਕੀਤੀ ਤੇ ਮੇਰੀ ਜਿਹੜੀ ਗਈ ਵੀ ਆਯੂ ਸੀ ਉਹ 'ਬਹੋੜੁ' (ਬਹੁੜ) ਮੁੜਕੇ ਆ ਗੀ, ਇਹ ਸਫਲ ਹੋ ਗੀ–

ਇਹ ਰਾਖਹੁ ਪੈਜ ਤੁਮਾਰੀ ॥

ਇਹ ਆਪ ਨੇ ਹਮਾਰੀ ਪੈਜ ਰੱਖਣੀ ਐਂ। ਇਹ ਮੇਰੀ ਇੱਜਤ ਦਾ ਸੁਆਲ ਨਹੀਂ। ਇਹ ਆਪ ਹੀ ਹਮਾਰੇ ਰਖਸ਼ਕ ਹੋਂ। ਮੈਂ ਆਪ ਦੀ ਸ਼ਰਣਾਗਤੀ ਹਾਂ। ਮੈਂ ਆਪ ਦਾ ਭਗਤ ਹਾਂ, ਆਪ ਦਾ ਦਾਸ ਹਾਂ ਸੱਚੇ

ਦਿਲੋਂ।

ਹਰਿ ਜੀਉ ਨਿਮਾਣਿਆ ਤੂ ਮਾਣੁ ॥

ਹੇ ਹਰੀ ਜੀ! ਮੈਨੂੰ ਇਹ ਪਤਾ ਲੱਗ ਗਿਆ, ਜੀਹਦਾ ਕੋਈ ਮਾਣ ਕਰਨ ਵਾਲਾ ਨਾ ਹੋਵੇ, ਉਹਦਾ ਮਾਣ ਤੂੰ ਕਰਾ ਦਿੰਨੈਂ ਗਾ, ਤੇਰੇ ਵਿੱਚ ਇਹ ਤਾਕਤ ਹੈ। ਜੀਹਦਾ ਮਾਣ ਕੋਈ ਨਹੀਂ ਸੀ ਕਰਦਾ, ਥੁਆਡੇ ਸਾਮ੍ਹਣੇ ਇੰਦਰਾ ਨੂੰ ਕੀ ਕਹਿੰਦੇ ਸੇ, ਉਹੀ ਥੁਆਡੇ ਸਾਮ੍ਹਣੇ ਇੰਦਰਾ ਨੂੰ ਕੀ ਕਹਿਣ ਲੱਗ ਗੇ। ਇਹ ਸਭ ਪ੍ਰਮੇਸ਼ਰ ਦੀ ਕਿਰਪਾ ਹੈ। ਜਦ ਪ੍ਰਮੇਸ਼ਰ ਦੀ ਕਿਰਪਾ ਜੀਵ ਤੇ ਹੋ ਜੈ, ਫੇਰ ਉਹ ਜੀਵ ਸਫਲ ਹੋ ਜਾਂਦੈ–

ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ

ਜੀਹਨੂੰ ਕੋਈ ਪੁੱਛਦਾ ਨਾ ਦੁਨੀਆਂ ਦੇ ਵਿੱਚ ਹੋਵੇ, ਉਹਨਾਂ ਨੂੰ ਉਹ ਚੀਜ ਕਰ ਦਿੰਦੈ, ਇੱਕ ਗਿਣਤੀ 'ਚ ਲਿਆ ਦਿੰਦੈ।ਉਹਨੂੰ ਲੋਕ ਮੰਨਣ ਲੱਗ ਜਾਂਦੇ ਨੇ–

ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ॥

ਮੈਂ ਤੇਰੀ ਕੁਦਰਤ ਦੇ ਉੱਤੇ ਕੁਰਬਾਣ ਜਾਨਾਂ, ਤੇਰੀ ਕੁਦਰਤ 'ਚ ਐਨੀਂ ਤਾਕਤ ਹੈ। ਇਹ ਆਪ ਦੀ ਕਿਰਪਾ ਦੁਆਰੇ ਈ ਸਭ ਕੁੱਛ ਸਿੱਧ ਹੁੰਦੈਗਾ–

ਜੈਸਾ ਬਾਲਕੁ ਭਾਇ ਸੁਭਾਈ

ਜਿਹੋ ਜਿਹਾ ਬਾਲਕ ਛੋਟਾ ਜਿਹਾ ਤੇ ਸੁਭਾਵਕ ਹੀ ਜੈਸੇ ਉਹਦਾ ਸੁਭਾਅ ਹੁੰਦੈਗਾ–

ਲਖ ਅਪਰਾਧ ਕਮਾਵੈ ॥

ਉਹ ਮਾਤਾ ਦੇ ਧੱਫੇ ਵੀ ਮਾਰਦੈ, ਉਹਦੇ ਲੀੜੇ ਵੀ ਫਾੜਦੈ, ਜੋ ਵੀ, ਜਿੰਨੇ ਉਹ ਅਪਰਾਧ ਕਰਦੈ ਗਾ –

ਕਰਿ ਉਪਦੇਸੁ ਝਿੜਕੇ ਬਹੁ ਭਾਤੀ

ਮਾਤਾ, ਉਹਨੂੰ ਉਪਦੇਸ਼ ਕਰਦੀ ਐ, ਬਹੁ ਭਾਂਤੀ ਝਿੜਕਦੀ ਐ। ਐਸ ਲੋਟ ਪ੍ਰਮੇਸ਼ਰ ਬਖਸ਼ਿੰਦ ਹੈ, ਉਹ ਭਗਤ ਦੇ ਸਾਰੇ ਅਉਗੁਣ ਬਖਸ਼ ਕੇ ਆਪਣੇ ਨਾਲ ਮਿਲਾ ਲੈਂਦੈ ਗਾ–

ਬਹੁੜਿ ਪਿਤਾ ਗਲਿ ਲਾਵੈ ॥

ਤੇ ਉਹ ਪ੍ਰਮੇਸ਼ਰ ਆਪਣੇ ਨਾਲ ਮਿਲਾ ਲੈਂਦੈਗਾ।ਪੁਨ੍ਹਾਂ (ਫੇਰ) ਉਹਨੂੰ ਪ੍ਰਮੇਸ਼ਰ ਆਪਣੇ ਨਾਲ ਮਿਲਾ ਲੈਂਦੈ –

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ

ਪ੍ਰਭੂ ਨੇ ਸਾਰੇ ਅਉਗੁਣ ਪਿਛਲੇ ਬਖਸ਼'ਤੇ। ਕੀਹਦੇ ਨਹੀਂ ਬਖਸ਼ੇ? ਸਧਨੇ ਕਸਾਈ ਦੇ, ਸੱਜਣ ਠੱਗ ਦੇ, ਗਨਕਾ ਦੇ,ਅਜਾਮਲ ਦੇ–

ਅਜਾਮਲੁ ਪਾਪੀ ਜਗੁ ਜਾਨੇ ਨਿਮਖ ਮਾਹਿ ਨਿਸਤਾਰਾ ॥

(ਪੰਨਾ ੬੩੨)

ਕਹਿੰਦੇ, ਇੱਕ ਨਿਮਖ ਦੇ ਵਿੱਚ ਉਹਦਾ ਨਿਸਤਾਰ ਕਰ ਦੀਆ। ਸਾਰੇ ਲੋਕ ਉਹਨੂੰ ਪਾਪੀ ਜਾਣਦੇ ਸੇ। ਏਸ ਕਰਕੇ, ਜਦ ਪ੍ਰਮੇਸ਼ਰ ਦੀ ਕਿਰਪਾ ਹੋ ਜੈ ਤਾਂ ਸਾਰੇ ਅਉਗੁਣ ਬਖਸ਼ੇ ਜਾਂਦੇ ਨੇ, ਉਹ ਗਲ ਮੇਂ ਲਾ ਲੈਂਦੇ, ਨਾਲ ਮਿਲਾ ਲੈਂਦੈ। ਥੁਆਨੂੰ ਪਤਾ ਨਹੀਂ? ਬਿਧੀ ਚੰਦ ਇੱਕ ਬੜਾ ਭਾਰੀ ਚੋਰ ਸੀ, ਡਕੈਤ ਵੀ ਸੀ। ਓਥੇ ਇੱਕ ਸਿੱਖ ਗੁਰੂ ਦਾ ਬਖਸ਼ਿਆ ਵਾ 'ਅਦਲੀ' ਸੀ, ਝਬਾਲ (ਜਗ੍ਹਾ) ਉਹਦਾ ਨਾਉਂ ਹੈਗਾ। ਓਥੇ ਇੱਕ ਬੜਾ ਟੋਭਾ ਸੀ, ਹੁਣ ਤਾਂ ਤਲਾਅ ਬਣ ਗਿਆ। ਓਥੇ ਬਹਿ ਕੇ ਭਜਨ ਕਰਨ ਲੱਗ ਪਿਆ ਤੇ ਬੜਾ ਲੋਕਾਂ ਨੂੰ ਸੁਧਾਰਿਆ। ਕਥਾ ਕਰਦਾ ਸੀ, ਦੁਨੀਆਂ ਆਉਂਦੀ ਸੀ। ਉਹ ਬਿਧੀ ਚੰਦ ਸਾਰਿਆਂ ਨੂੰ ਕਹਿੰਦਾ ਹੁੰਦਾ, ਲੋਕ ਸਾਰੇ ਈ ਕਮਲ਼ੇ ਨੇ, ਕਿਉਂ ਸਾਧ ਕੋਲ ਕਥਾ ਸੁਣਨ ਜਾਂਦੇ ਨੇ। ਮੈਂ ਨੀਂ ਜਾਂਦਾ, ਮੈਂ ਇੱਕ ਦਿਨ ਨਹੀਂ ਗਿਆ।ਉਹ ਸਬੱਬ ਐਸਾ ਬਣਿਆ, ਉਹ ਕਥਾ ਕਰਦਾ ਸੀ, ਦੁਨੀਆਂ ਬੈਠੀ ਸੁਣਦੀ ਸੀ। ਓਹਨੇ (ਬਿਧੀ ਚੰਦ ਨੇ) ਮਹੀਆਂ (ਮੱਝਾਂ) ਕੱਢੀਆਂ (ਚੋਰੀ ਕੀਤੀਆਂ) ਤੇ ਕੱਢ ਕੇ ਜਦ ਲੈ ਗਿਆ ਤੇ ਪਿੱਛੋਂ ਜੱਟ ਆ ਗੇ। ਉਨ੍ਹਾਂ ਜੱਟਾਂ ਨੇ ਨੇੜੇ ਆ ਕੇ ਜਦ ਬਿਧੀ ਚੰਦ ਨੂੰ ਦੇਖਿਆ, ਉਹ ਮਹੀਆਂ (ਮੱਝਾਂ) ਛੱਡ ਕੇ ਸਭਾ ਵਿੱਚ ਜਾ ਬੈਠਾ। ਉਹ ਮਹੀਆਂ ਟੋਭੇ ਵਿੱਚ ਵੜਗੀਆਂ। ਜਦ ਉਹ ਜੱਟ, ਸੰਤ (ਅਦਲੀ) ਕੋਲ ਗਏ, ਉਨ੍ਹਾਂ ਨੇ ਆਖਿਆ, ਜੀ ਥੁਆਡੀ ਸਭਾ ਦੇ ਵਿੱਚ ਸਾਡਾ ਚੋਰ ਐ, ਮਹੀਆਂ ਕੱਢ ਕੇ ਲਿਆਇਐ। ਓਹਨੇ ਆਖਿਆ, ਅੱਛਾ

ਭਾਈ। ਉਹ ਬੜਾ ਮਹਾਂਪੁਰਸ਼ ਸੀ ਭਾਈ! 'ਅਦਲੀ'। ਓਸ ਨੇ ਬਿਰਤੀ ਸਮ ਕਰਕੇ ਦੇਖਿਆ। ਉਹ ਕਹਿੰਦਾ, ਐਸ ਵਕਤ ਬਈ ਚੋਰ ਕੋਈ ਨਹੀਂ। ਓਸ ਸਮੇਂ ਉਹ (ਬਿਧੀ ਚੰਦ) ਜਿਆਦਾ ਸਤਿਨਾਮੁ ਜਪਦਾ ਸੀ ਛੇਤੀ-ਛੇਤੀ, ਬਹੁਤ ਜਪਦਾ ਸੀ। ਓਹਨੇ ਆਖਿਆ, ਐਸ ਵਕਤ ਨਹੀਂ ਚੋਰ। ਉਹ ਕਹਿੰਦੇ, ਹੈ ਆਪ ਦੀ ਸਭਾ 'ਚ। (ਸੰਤ ਕਹਿੰਦਾ) ਥੁਆਡਾ ਕੀ ਪ੍ਰਯੋਜਨ ਐ? ਅਖੇ, ਜੀ ਮਹੀਆਂ ਕੱਢ ਕੇ ਲਿਆਇਐ ਸਾਡੀਆਂ। ਕਿੱਥੇ ਨੇ? ਅਖੇ ਉਹ ਸਾਹਮਣੇ ਟੋਭੇ 'ਚ ਨੇ। ਓਹਨੇ ਆਖਿਆ, ਮਹੀਆਂ ਲੈ ਜਾਉ, ਸਾਡੀ ਗੱਲ ਮੰਨ ਲਉ। ਉਹ ਕਹਿੰਦੇ ਬਈ ਸੰਤ ਕਹਿੰਦੇ ਨੇ, ਉਹ (ਮੱਝਾਂ) ਲੈ ਗਏ। ਸਾਰੀ ਦੁਨੀਆਂ (ਸਤਿਸੰਗ 'ਚੋਂ) ਉੱਠ ਕੇ ਚਲੀ ਗਈ, ਉਹ ਨਹੀਂ ਉੱਠਿਆ, ਬਿਧੀ ਚੰਦ ਨਹੀਂ ਉੱਠਿਆ। ਸੰਤਾਂ ਨੇ ਆਖਿਆ, ਜਾਹ ਗੁਰਮੁਖਾ! ਕਿਉਂ ਬੈਠੈਂ ਗਾ? ਉਹ ਕਹਿੰਦਾ, ਜੀ! ਜਾਂ ਤਾਂ ਆਉਂਦਾ ਨਹੀਂ ਸੀ ਜਾਂ ਹੁਣ ਜਾਣਾ ਨਹੀਂ। ਮੈਂ, ਆਇਆਂ ਕਦੇ ਅੱਜ ਤੱਕ? ਤੇ ਹੁਣ ਜਾਣਾ ਨਹੀਂ। ਮੈਨੂੰ ਤੁਸੀਂ ਅੱਜ ਬਖਸ਼ਿਐ। ਉਹ ਜੱਟ ਮੈਨੂੰ ਕੁੱਟਦੇ ਵੀ, ਮਾਰਦੇ ਵੀ ਤੇ ਜੋ ਕੁੱਛ ਕਰਦੇ। ਆਪ ਨੇ ਬਖਸ਼ਿਐ, ਮੈਂ ਨਹੀਂ ਹੁਣ ਜਾਂਦਾ। ਉਹ ਕਹਿੰਦੇ, ਤੈਨੂੰ ਮੈਂ ਨਹੀਂ ਬਖਸ਼ਿਆ, ਤੈਨੂੰ ਪ੍ਰਮੇਸ਼ਰ ਨੇ ਬਖਸ਼ਿਐ।ਤੂੰ ਨਾਮ ਪ੍ਰਮੇਸ਼ਰ ਦਾ ਜਪਦਾ ਸੀ ਕਿ ਮੇਰਾ? ਅਖੇ ਜੀ ਮੈਂ ਸਤਿਨਾਮ ਜਪਦਾ ਸੀ ਸਾਰੇ ਜੋਰ ਨਾਲ ।ਅਖੇ ਫੇਰ? ਸਤਿ ਤਾਂ ਪ੍ਰਮੇਸ਼ਰ ਐ! ਤੈਨੂੰ ਸਤਿ ਪ੍ਰਮੇਸ਼ਰ ਨੇ ਬਖਸ਼ਿਐ ਭਾਈ! ਅਸੀਂ ਨਹੀਂ ਬਖਸ਼ਿਆ। ਤੈਂ, ਉਹਦਾ ਨਾਮ ਜਪਿਆ, ਨਾਮ ਜਪਣੇ ਸੇ ਤੂੰ ਬਖਸ਼ਿਆ ਗਿਆ। ਮੈਂ, ਜੀ! ਹੁਣ ਏਥੇ ਸੇਵਾ ਕਰੂੰਗਾ, ਇਹ ਮੇਰੇ ਉੱਤੇ ਕਿਰਪਾ ਕਰੋ । ਕਹਿੰਦੇ, ਅਸੀਂ ਇਹ ਬਖਸ਼ਿਸ਼ ਲੈ ਕੇ ਆਏਂ ਆਂ ਗੁਰੂ ਅਰਜਨ ਦੇਵ ਤੋਂ,ਇਹ ਕਿਰਪਾ ਸਾਡੇ ਤੇ ਉਨ੍ਹਾਂ ਨੇ ਕੀਤੀ ਐ। ਤੂੰ ਓਥੇ ਚਲਿਆ ਜਾਹ। ਬਿਧੀ ਚੰਦ ਚਲਿਆ ਗਿਆ। ਗੁਰੂ ਸਾਹਿਬ ਕਹਿੰਦੇ, ਆ ਗਿਆ? ਅਖੇ, ਜੀ! ਆ ਗਿਆ। ਕਹਿੰਦੇ, ਸਾਰੇ ਲੰਗਰ ਦਾ ਆਟਾ ਤੈਂ ਗੁੰਨ੍ਹਣੈ ਗਾ। ਉਹ ਕਹਿੰਦਾ, ਜੀ ਸਤਿ ਬਚਨ!

ਬੜਾ ਆਟਾ ਗੁੰਨ੍ਹਿਆ, ਬੜੀ ਸੇਵਾ ਕੀਤੀ, ਝਾੜੂ ਮਾਰਿਆ।ਓਸ ਨੂੰ ਗੁਰੂ ਅਰਜਨ ਦੇਵ ਨੇ ਫੇਰ ਬਖਸ਼ਿਆ, ਉਹਦੇ ਉਤੇ ਬੜੀ ਬਖਸ਼ਿਸ਼ ਕੀਤੀ। ਗੁਰੂ ਸਾਹਿਬ ਬਾਹਰੋਂ ਆਏ ਸੇ, ਬਿਧੀ ਚੰਦ ਨੇ ਪਿੱਛੇ ਹੱਥ ਕਰਕੇ, ਗੁਰੂ ਸਾਹਿਬ ਦੇ ਚਰਨਾਂ ਤੇ ਮੱਥਾ ਲਾ 'ਤਾ। ਕਿਉਂ? ਉਹ ਆਟਾ ਗੁੰਨ੍ਹਦਾ ਆਇਆ ਸੀ, ਆਟੇ ਵਾਲੇ ਹੱਥ ਸੇ। ਜਦ ਗੁਰੂ ਸਾਹਿਬ ਦੇ ਚਰਨਾਂ ਤੇ ਮੱਥਾ ਲੱਗਿਆ, ਉਨ੍ਹਾਂ ਦੀ ਚਰਨ ਧੂੜ ਲੱਗ ਗੀ। ਉਹ ਕਹਿੰਦੇ, ਨੀਵਾਂ ਹੋ, ਉਹ ਥੋੜਾ ਉੱਚਾ ਸੀ, ਉਹ ਹੋਇਆ, ਉਨ੍ਹਾਂ ਨੇ ਰੇਖਾ ਹੀ ਮਿਟਾ 'ਤੀ ਚੋਰੀ ਦੀ। ਓਹਨੇ ਬੜੀ ਸੇਵਾ ਕੀਤੀ।(ਛੇਵੇਂ ਪਾਤਸ਼ਾਹ ਵੇਲੇ) ਘੋੜੇ ਲਿਆਇਆ, ਦੁਸ਼ਾਲੇ ਲਿਆਇਆ ਤੇ ਜਦ ਉਹ ਲੈਕੇ ਆਇਆ ਤਾਂ ਗੁਰੂ ਸਾਹਿਬ ਨੇ ਆਖਿਆ –

ਛੀਨਾ ਗੁਰੂ ਕਾ ਸੀਨਾ ।

ਉਹਨੂੰ ਆਪਣੇ ਗਲ ਨਾਲ ਲਾ ਲਿਆ, ਸਾਰੀ ਬਖਸ਼ਿਸ਼ ਕਰ 'ਤੀ। ਏਸ ਕਰਕੇ ਭਾਈ! ਜਦ ਪ੍ਰਮੇਸ਼ਰ ਗਲ ਨਾਲ ਲਾ ਲਵੇ ਤਾਂ ਸਾਰੀ ਬਖਸ਼ਿਸ਼ ਕਰ ਦਿੰਦੈ ਗਾ। ਉਹ ਪ੍ਰਮੇਸ਼ਰ ਐਹਾ ਜਿਹਾ ਕਿਰਪਾਲੂ ਦਇਆਲੂ ਹੈ। ਓਸ ਤੇ ਬਿਨਾਂ ਹੋਰ ਕੋਈ ਬਖਸ਼ਿੰਦ ਨਹੀਂ ਹੈ–

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਬਿਨਾਂ ਪ੍ਰਮੇਸ਼ਰ ਤੇ ਬਖਸ਼ਿਸ਼ ਨਹੀਂ ਹੁੰਦੀ, ਚਾਹੇ ਉਹ ਨਿਰਗੁਣ ਰੂਪ ਤੇ ਕਰੇ, ਚਾਹੇ ਸਰਗੁਣ ਰੂਪ ਤੇ ਕਰੇ–

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ (ਪੰਨਾ ੨੮੭)

ਉਹ ਬਖਸ਼ਣੇ ਵਾਲਾ ਪ੍ਰਮੇਸ਼ਰ ਹੈ–

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ

ਪ੍ਰਭੂ ਨੇ ਪਿਛਲੇ ਸਾਰੇ 'ਅਉਗੁਣ' ਬਖਸ਼ 'ਤੇ ਬਿਧੀ ਚੰਦ ਦੇ–

ਆਗੈ ਮਾਰਗਿ ਪਾਵੈ ॥

ਅੱਗੇ ਸਿੱਧੇ ਨਾਮ ਦੇ ਮਾਰਗ 'ਚ ਪਾ 'ਤਾ। ਨਾਮ ਨਾਲ, ਉਹਦਾ

ਮਨ ਜੋੜ 'ਤਾ, ਗੁਰੂ ਅਰਜਨ ਦੇਵ ਨੇ–

ਹਰਿ ਅੰਤਰਜਾਮੀ ਸਭ ਬਿਧਿ ਜਾਣੈ
ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਸਾਰਿਆਂ ਦੇ ਅੰਤਰ ਬੈਠਾ ਜਮਨ ਕਰਦੈ (ਜਾਣਦੈ) ਉਹ ਪ੍ਰਮੇਸ਼ਰ। ਥੁਆਡੀਆਂ ਸਾਰੀਆਂ ਬਿਰਤੀਆਂ ਨੂੰ ਦੇਖਦੈ, ਥੁਆਡੇ ਖਿਆਲਾਂ ਨੂੰ ਦੇਖਦੈ, ਤੇ ਖਿਆਲਾਂ ਨੂੰ ਬਦਲ ਵੀ ਦਿੰਦੈਗਾ ਤੇ ਟੈਪ ਵੀ ਕਰ ਦਿੰਦੈ–

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥
(ਪੰਨਾ ੧੪੪)

ਉਹ ਆਪ ਪਾਰਖ ਐ ਥੁਆਡੇ ਮਨ ਦਾ, ਹੋਰ ਥੁਆਡੇ ਮਨ ਦਾ ਕੋਈ ਪਾਰਖ ਨਹੀਂ। ਮਨ ਥੁਆਡਾ ਵਾਸ਼ਨਾ ਦੇ ਨਾਲ ਈ ਚਲਦੈ, ਹੋਰ ਮਨ ਨੂੰ ਚਲਾਉਣ ਵਾਲਾ ਨਹੀਂ। ਜੇਹੀ ਜਿਹੀ ਥੁਆਡੀ ਵਾਸ਼ਨਾ ਹੋਏਗੀ, ਉਹਿਆ ਜਿਆ ਹੀ ਥੁਆਡਾ ਫੁਰਨਾ ਹੋਏਗਾ, ਇਹ ਤੁਸੀਂ ਦੇਖ ਲੈਣਾ ਆਪ। ਜਿਹੜੀ ਵਾਸ਼ਨਾ ਥੁਆਡੀ ਹੋਊ, ਉਹਦੇ ਅਨੁਸਾਰ ਈ ਥੁਆਡਾ ਫੁਰਨਾ ਹੋਊ। ਉਹਦੀ ਵਾਸ਼ਨਾ ਹੋਰ ਹੈ ਤਾਂ ਉਹਦਾ ਫੁਰਨਾ ਹੋਰ ਹੋਏਗਾ। ਥੁਆਡੀ ਵਾਸ਼ਨਾ ਹੋਰ ਤਾਂ ਫੁਰਨਾ ਹੋਰ ਹੋਏਗਾ। ਜਦ ਤੱਕ ਥੁਆਡੇ ਅੰਦਰ ਵਾਸ਼ਨਾ ਹੈ–

ਵਾਸਨਾ ਬਧਾ ਆਵੈ ਜਾਇ ॥ (ਭਾਈ ਗੁਰਦਾਸ)

ਇਹ, ਭਾਈ ਗੁਰਦਾਸ ਨੇ ਲਿਖਿਐ। ਤਦ ਤੱਕ ਤੁਸੀਂ ਇਹ ਨਾ ਕਿਹੋ ਬਈ ਥੁਆਡੀ ਮੁਕਤੀ ਹੋਜੂ। ਵਾਸ਼ਨਾਂ ਤਾਂ ਅੰਦਰ ਭਰੀਆਂ ਪਈਆਂ ਨੇ ਥੁਆਡੇ ਤੇ ਮੁਕਤੀ ਕੈਸੇ ਹੋ ਜੇਗੀ? ਤੇ ਵਾਸ਼ਨਾ ਤੇ ਅਲਹਿਦਾ, ਪ੍ਰਮੇਸ਼ਰ ਦੀ ਬਖਸ਼ਿਸ਼ ਈ ਕਰ ਸਕਦੀ ਐ। ਜਦ ਇਹ ਬਖਸ਼ਿਸ਼ ਕਰ ਦਵੇ ਤਾਂ ਇਹਦਾ ਨਾਮ ਦੇ ਨਾਲ ਮਨ ਜੁੜ ਜਾਂਦੈ। ਜਦ ਨਾਮ ਦੇ ਨਾਲ ਮਨ ਜੁੜ ਜੈ ਤਾਂ ਵਾਸ਼ਨਾਂ ਨਹੀਂ ਉੱਠਣਗੀਆਂ। ਮਨ ਤਾਂ ਪ੍ਰਮੇਸ਼ਰ ਦੇ ਨਾਮ ਨਾਲ ਇੱਕ ਹੋ ਗਿਆ, ਹੁਣ ਵਾਸ਼ਨਾਵਾਂ ਦੀ ਥਾਂ ਨਾਮ ਆ ਗਿਆ। ਇਹ ਤੁਸੀਂ ਅੰਦਰ

ਖਿਆਲ ਕਰਿਓ, ਜਦ ਨਾਮ ਅੰਦਰ ਆਏਗਾ ਤਾਂ ਵਾਸ਼ਨਾ ਕੋਈ ਨਹੀਂ ਹੋਏਗੀ ਓਸ ਵਕਤ। ਇਹ ਤੁਸੀਂ ਆਪ ਖਿਆਲ ਕਰਿਓ, ਕਿਸੇ ਨੂੰ ਪੁੱਛਿਓ ਨਾ। ਜਦ ਥੁਆਡਾ ਮਨ, ਨਾਮ ਦੇ ਨਾਲ ਇੱਕ ਹੋਜੂ, ਥੁਆਨੂੰ ਨਾਮੀ ਪ੍ਰਾਪਤ ਹੋਜੂ। ਉਹ ਐਸ ਮਾਰਗ ਪਾਏਗਾ, ਉਹ ਪ੍ਰਮੇਸ਼ਰ ਜਦ ਥੁਆਡੇ ਤੇ ਕਿਰਪਾ ਕਰੇਗਾ। ਉਹ ਕੀ ਕਿਰਪਾ ਕਰੇਗਾ? ਨਾਮ ਦੇ ਮਾਰਗ ਪਾ ਦੇਗਾ ਥੁਆਨੂੰ। ਪਹਿਲਾਂ ਥੁਆਡਾ ਮਨ, ਵਾਸ਼ਨਾ ਦੇ ਅਨੁਸਾਰ ਚੱਲੇਗਾ, ਤੁਸੀਂ ਦੇਖਣਾ ਆਪ।ਜਿਹੋ ਜੇਹੀ ਵਾਸ਼ਨਾ ਹੋਏਗੀ, ਓਹਾ ਜਿਹਾ ਥੁਆਨੂੰ ਸੁਪਨਾ ਆਊਗਾ। ਜੇਹੋ ਜੇਹੀ ਵਾਸ਼ਨਾ ਹੋਏਗੀ, ਓਹੋ ਜੇਹਾ ਈ ਮਨ ਹੋਜੂ। ਜਦ ਥੁਆਡੀ ਵਾਸ਼ਨਾ ਸ਼ੋਕ ਦੀ ਹੋਏਗੀ, ਥੁਆਡਾ ਮਨ ਵੀ ਸ਼ੋਕ ਵਿੱਚ ਡੁੱਬ ਜੇਗਾ। ਜਦ ਥੁਆਡੀ ਵਾਸ਼ਨਾ ਖੁਸ਼ੀ ਦੀ ਹੋਵੇਗੀ, ਥੁਆਡਾ ਮਨ ਵੀ ਖੁਸ਼ ਹੋ ਜੇਗਾ। ਪਰ ਇਨ੍ਹਾਂ ਦੇ ਵਿੱਚ ਬਖਸ਼ਿਸ਼ ਤਾਂ ਨਹੀਂ ਹੈ। ਤੇ ਜਦ ਥੁਆਡਾ ਮਨ ਨਾਮ ਦੇ ਨਾਲ ਜੁੜ ਜੇਗਾ, ਉਹ ਕਿਹੜਾ ਮਾਰਗ ਹੈ? ਨਾਮ ਮਾਰਗ। ਨਾਮ ਦੇ ਨਾਲ ਮਨ ਜੁੜਿਆ ਤੇ ਨਾਮੀ ਪ੍ਰਾਪਤ ਹੋਇਆ–

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਉਹ ਨਿਰਾਕਾਰ ਨੂੰ ਜਾਣ ਲੈਂਦੈਗਾ। ਉਹ ਸਾਰੇ ਅਉਗੁਣ ਬਖਸ਼ ਕੇ ਪ੍ਰਮੇਸ਼ਰ, ਉਹ ਨਾਮ ਦੇ ਮਾਰਗ ਦੇ ਵਿੱਚ ਇਹਦੇ ਮਨ ਨੂੰ ਲਾ ਦਿੰਦੈ, ਇਹ ਉਹਦੀ ਕਿਰਪੈ। ਕਿਰਪਾ ਦੇ ਬਿਨਾਂ ਕਦੇ ਲੱਗਦਾ ਨਹੀਂ। ਤੁਸੀਂ ਪੜ੍ਹਦੇ ਹੋਂ ਕਿ ਨਾ ਪਹਿਲੀ ਪਉੜੀ, ਪਿੱਛੋਂ ਆਉਂਦੈ–

ਗੁਰ ਪ੍ਰਸਾਦਿ ॥ ਜਪੁ॥

ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਜਪੁ॥

ਪਰ–

ਗੁਰ ਪ੍ਰਸਾਦਿ ॥ ਜਪੁ॥

ਓਸ ਓਅੰਕਾਰ, ਸੋਹੰ ਪ੍ਰਕਾਸ਼ ਨੂੰ, ਤੂੰ ਗੁਰੂ ਤੇ ਸਮਝ ਕੇ 'ਜਪੁ'। ਅੱਜ ਰਾਗੀ ਨੇ ਬਹੁਤ ਅੱਛਾ ਕਿਹਾ,ਓਸ ਪਾਸੇ ਨੂੰ ਲੈ ਗਿਆ, ਚਾਹੇ ਕਿਸੇ ਦ੍ਰਿਸ਼ਟਾਂਤ ਨਾਲ ਲੈ ਲਿਆ ਪਰ ਉਹ ਲੱਗਿਆ ਬੜਾ ਸੋਹਣਾ। ਏਸ ਕਰਕੇ, ਉਹ 'ਗੁਰ ਪ੍ਰਸਾਦਿ' ਹੁੰਦਾ ਈ ਨਾ, ਜੇ ਜੀਵ ਸੁਤੰਤਰ ਕਰ ਸਕਦਾ ਤਾਂ ਫਿਰ ਗੁਰੂ ਦੀ ਕਿਰਪਾ ਕੀ? ਕਿੱਥੇ ਐ? ਨਾਂ -

ਗੁਰ ਪ੍ਰਸਾਦਿ ॥ ਜਪੁ॥

ਤੂੰ, ਗੁਰੂ ਦੀ ਕਿਰਪਾ ਤੇ ਜਿਹੜਾ ਤੈਨੂੰ ਨਾਮ ਦੱਸਿਐ, ਓਸ ਨਾਮ ਨੂੰ 'ਜਪੁ', ਇਹਦਾ ਅਰਥ ਏਹੀ ਹੈ। ਗੁਰੂ ਦੀ ਕਿਰਪਾ ਦੁਆਰੇ ਜਦ ਤੂੰ ਸਮਝ ਕੇ ਜਪੇਂਗਾ ਤਾਂ ਨਾਮ ਦਾ ਮਾਰਗ ਤੈਨੂੰ ਪ੍ਰਾਪਤ ਹੋਜੇਗਾ, ਫੇਰ ਤੇਰੀ ਮੋਕਸ਼ ਹੋਜੇਗੀ। ਹੁਣ ਏਹੀ ਪੰਕਤੀ ਫੇਰ ਪੜ੍ਹ -

ਪਿਛਲੇ ਅਉਗੁਣ ਬਖਸਿ ਲਏ ਪ੍ਰਭੁ

ਪ੍ਰਭੂ ਪਿਛਲੇ 'ਅਉਗੁਣ' ਬਖਸ਼ ਦਿੰਦਾ ਐ ਸਾਰੇ-

ਆਗੈ ਮਾਰਗਿ ਪਾਵੈ ॥

ਅੱਗੇ ਸਿੱਧੇ 'ਮਾਰਗਿ' ਨਾਮ ਦੇ ਪਾ ਦਿੰਦੈ। ਜਦ ਇਹਦਾ ਮਨ ਨਾਮ ਨਾਲ ਜੁੜਿਆ-

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਬੱਸ! ਨਾਮ ਦੇ ਨਾਲ ਜਦ ਇਹਦਾ ਮਨ ਜੁੜਜੂ, ਕੋਈ ਕਾਮਨਾ ਨਹੀਂ ਹੋਊ,ਕੋਈ ਵਾਸ਼ਨਾ ਨਹੀਂ ਹੋਊ, ਕੋਈ ਫੁਰਨਾ ਨਹੀਂ ਹੋਊ। ਇਹ ਤੁਸੀਂ ਆਪ ਦੇਖਿਓ, ਤੁਸੀਂ ਨਾਮ ਦੇ ਨਾਲ ਮਨ ਨੂੰ ਜੋੜੋ, ਨਾਮ ਦੇ ਨਾਲ ਕੀ? ਜਦ ਥੁਆਡਾ ਬਿਰਤੀ ਦੇ ਨਾਲ ਮਨ ਜੁੜ ਜਾਊ, ਬਿਰਤੀ ਜਿਹੜੀ ਤੁਹਾਡੇ ਸਾਹਮਣੇ ਆਉਂਦੀ ਐ ਤੇ ਪ੍ਰਮੇਸ਼ਰ ਉਹਨੂੰ ਦੇਖਦੈ। ਦ੍ਰਸ਼ਟਾ ਤਾਂ ਪ੍ਰਮੇਸ਼ਰ ਐ।ਜੋ ਦੇਖਣੇ ਵਾਲੈ, ਉਹ ਥੁਆਡਾ ਆਪੈ। ਉਹਦੇ ਨਾਲ ਜਦ ਥੁਆਡਾ ਮਨ ਮਿਲ ਗਿਆ, ਥੁਆਨੂੰ ਓਸੇ ਵਕਤ ਸ਼ਾਂਤੀ ਆਜੂ। ਏਸ ਕਰਕੇ, ਉਹ ਨਾਮ ਦੇ ਮਾਰਗ ਗੁਰੂ ਨੇ ਪਾ 'ਤਾ, ਪ੍ਰਮੇਸ਼ਰ ਨੇ ਪਾ 'ਤਾ-

ਗੁਰੁ ਪਰਮੇਸਰੁ ਏਕੋ ਜਾਣੁ ॥ (ਪੰਨਾ ੮੬੪)

ਬੜੀ ਕਿਰਪਾ ਕੀਤੀ ਪ੍ਰਮੇਸ਼ਰ ਨੇ-

ਹਰਿ ਅੰਤਰਜਾਮੀ ਸਭ ਬਿਧਿ ਜਾਣੈ

ਇਹ ਸਾਰੀਆਂ ਵਿਧੀਆਂ ਨੂੰ ਜਾਣਦੈ, ਜਿਹੜਾ ਅੰਤਰਜਾਮੀ ਐਂ-

ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਉਹ ਚਾਰ ਖਾਣੀਆਂ ਦਾ ਅੰਤਰਜਾਮੀ ਐਂ, ਉਹ ਸਾਰੀਆਂ ਵਿਧੀਆਂ ਨੂੰ ਜਾਣਦੈ। ਦੁਨੀਆਂ ਵਿੱਚ ਲੋਕ ਵਿਧੀਆਂ ਦਸਦੇ ਨੇ, ਆਹ ਵਿਧੀ ਕਰੀਂ, ਐਂ ਹੋਊਗਾ, ਇਹ ਵਿਧੀ ਕਰੀਂ, ਐਂ ਹੋਊਗਾ। ਟੂਣੇ ਵਾਲੇ ਵੀ ਵਿਧੀਆਂ ਦਸਦੇ ਨੇ। ਇਹ ਸਾਰੀਆਂ ਵਿਧੀਆਂ ਗਲਤ ਨੇ। ਉਹ ਅੰਤਰਜਾਮੀ ਸਾਰੀਆਂ ਵਿਧੀਆਂ ਨੂੰ ਜਾਣਦੈ ਪਰ ਵਿਧੀਆਂ ਦੇ ਨਾਲ ਕਦੇ ਕਿਸੇ ਦੀ ਮੋਕਸ਼ ਨਹੀਂ ਹੋਈ। ਮੋਕਸ਼, 'ਨਾਮ' ਨਾਲ ਹੋਣੀ ਐਂ। ਓਸ ਨੇ ਸਿੱਧੇ, ਨਾਮ ਦੇ ਮਾਰਗ ਪਾ 'ਤਾ-

ਤਾ ਕਿਸੁ ਪਹਿ ਆਖਿ ਸੁਣਾਈਐ ॥

ਹੁਣ, ਇਹ ਬਾਤ ਕੀਹਨੂੰ ਕਹਿ ਕੇ ਸੁਣਾਈਏ? ਇਹ ਮਨ ਬਾਣੀ ਦੇ ਤਾਂ ਵਿਸ਼ੇ ਨਹੀਂ ਪ੍ਰਮੇਸ਼ਰ। ਜੋ ਵਸਤੂ ਪ੍ਰਾਪਤ ਹੋਈ 'ਨਾਮ' ਤੇ 'ਨਾਮੀ', ਉਹ ਮਨ ਬਾਣੀ ਦੇ ਵਿਸ਼ੇ ਨਹੀਂ।ਹੁਣ, ਇਹ ਬਾਤ ਕੀਹਨੂੰ ਕਹਿ ਕੇ ਸੁਣਾਈਏ? ਇਹ ਤਾਂ ਵਿਸਮਾਦ ਹੈ, ਅਸਚਰਜ ਐ-

ਕਹਣੈ ਕਥਨਿ ਨ ਭੀਜੈ ਗੋਬਿੰਦੁ

ਇਹ ਤੇਰੀਆਂ ਕਹਿਣੀਆਂ ਤੇ ਕਥਨੀਆਂ ਨਾਲ 'ਗੋਬਿੰਦੁ' ਨੇ ਨਹੀਂ ਭਿੱਜਣਾ, ਪ੍ਰਮੇਸ਼ਰ ਨੇ। ਉਹ ਤਾਂ ਦ੍ਰਸ਼ਟਾ ਹੈਗਾ, ਤੇਰੀਆਂ ਕਹਿਣੀਆਂ ਦਾ, ਆਹ ਤੇਰੀਆਂ ਕਥਨੀਆਂ ਦਾ। ਉਹ ਤਾਂ ਇਹ ਵੀ ਜਾਣਦੈ, ਇਹ ਕਹਿੰਦਾ ਕੀ ਐ ਤੇ ਇਹਦਾ ਆਚਰਣ ਕੀ ਐ। ਇਹ ਕਥਨ ਕੀ ਕਰਦੈ ਤੇ ਅੰਦਰ ਇਹਦੇ ਕੀ ਐ। ਕਥਨ ਤਾਂ ਕਰਦਾ ਹੁੰਦੈ, ਬੜਾ ਸੋਹਣਾ ਬੋਲਦਾ ਹੁੰਦੈ, ਅੰਦਰ ਤਾਂ ਮਾਇਆ ਦੀ

ਝਾਕ ਪਈ ਹੁੰਦੀ ਐ। ਸਾਰੀ ਦੁਨੀਆਂ ਮਾਇਆ ਦੀ ਖਾਤਰ ਭੱਜੀ ਫਿਰਦੀ ਐ। ਕੋਈ ਸ਼ਬਦ ਗਾਉਂਦੈ, ਕੋਈ ਕੁੱਛ ਕਰਦੈ। ਉਹਨੂੰ ਮਾਇਆ ਨਾ ਦਿਉ, ਦੂਏ ਦਿਨ ਨਹੀਂ ਆ ਕੇ ਗਾਉਂਦੇ। ਇਹ ਤਾਂ ਸਾਰੇ ਮਾਇਆ ਦੇ ਚੇਲੇ ਨੇ, ਇਹ ਕਿਸੇ ਦਾ ਭਲਾ ਕੀ ਕਰ ਦੇਣਗੇ? ਏਸ ਕਰਕੇ, ਮਾਇਆ ਦੀ ਖਾਤਰ ਸਾਰੇ ਕਰਦੇ ਨੇ। ਉਹ ਥੁਆਡੀਆਂ ਕਹਿਣੀਆਂ, ਕਥਨੀਆਂ ਤੇ ਨਹੀਂ ਭਿੱਜਦਾ। ਨਾ ਇਨ੍ਹਾਂ ਕਹਿਣੀਆਂ ਕਥਨੀਆਂ ਨਾਲ ਲੋਕਾਂ ਦਾ ਫਾਇਦਾ ਹੋਵੇ। ਇਹ ਮਾਇਆ ਦੀ ਖਾਤਰ ਤਾਂ ਸਹੁਰੇ ਤੁਰੇ ਫਿਰਦੇ ਨੇ, ਤੂੰ ਲੋਕਾਂ ਨੂੰ ਕੀ ਕਹੇਂਗਾ? ਤੂੰ ਪ੍ਰਮਾਰਥ ਤਾਂ ਜਾਣਦਾ ਈ ਨਹੀਂ ਹੈਗਾ। ਏਸ ਕਰਕੇ ਕਹਿੰਦੇ, ਕਹਿਣੀਆਂ ਨਾਲ, ਕਥਨੀਆਂ ਨਾਲ ਉਹ ਭਿੱਜਦਾ ਨਹੀਂ। ਉਹ ਅਕਥ ਕਥਾ ਹੈ। ਉਹ ਜਦ ਥੁਆਡੀ ਨਿਰੰਕਾਰ ਦੇ ਵਿੱਚ ਨਿਗ੍ਹਾ ਹੋਏਗੀ, ਲੋਕ ਤੁਹਾਨੂੰ ਪੂਜਣ ਲੱਗ ਜਾਣਗੇ। ਜਿਸ ਸਮੇਂ ਵੀ ਥੁਆਡਾ ਮਨ ਨਿਰੰਕਾਰ ਨਾਲ ਮਿਲਿਆ, ਜਿਹੜਾ ਸਾਹਮਣੇ ਆਊ, ਉਹਨੂੰ ਵੀ ਸ਼ਾਂਤੀ ਆ ਜੂ। ਏਸ ਕਰਕੇ ਭਾਈ, ਉਹ ਥੁਆਡੀਆਂ ਫੋਕੀਆਂ ਕਹਿਣੀਆਂ, ਫੋਕੀਆਂ ਕਥਨੀਆਂ, ਇਹਦੇ ਨਾਲ ਗੋਬਿੰਦ ਨਹੀਂ ਭਿੱਜੇਗਾ। ਥੁਆਡਾ ਪ੍ਰਯੋਜਨ ਤਾਂ ਮਾਇਆ ਦੈ ਗਾ-

ਹਰਿ ਭਾਵੈ ਪੈਜ ਰਖਾਈਐ ॥

ਜੇ ਹਰੀ ਨੂੰ ਭਾਅ ਜੀਏ ਤਾਂ ਥੁਆਡੀ ਇੱਜਤ ਰਹਿ ਜੂ, 'ਪੈਜ' ਨਾਉਂ ਐਂ ਇੱਜਤ ਦਾ। ਜੇ ਹਰੀ ਨੂੰ ਭਾਅ ਗਿਆ ਨਾਮਦੇਵ, ਤਾਂ ਉਹਦੀ ਇੱਜਤ ਰਹਿ ਗੀ। ਰਵਿਦਾਸ, ਹਰੀ ਨੂੰ ਭਾਅ ਗਿਆ ਤਾਂ ਉਹਦੀ ਇੱਜਤ ਰਹਿ ਗੀ, ਉਹਦਾ ਦਿਨ ਮਨਾਉਂਦੇ ਨੇ ਲੋਕ।ਜਦ ਤੱਕ ਇਹ ਪ੍ਰਮੇਸ਼ਰ ਨੂੰ ਨਹੀਂ ਭਾਏਗਾ। ਕਦ ਤੱਕ ਨਹੀਂ ਭਾਏਗਾ? ਜਦ ਤੱਕ ਭਾਣੇ 'ਚ ਨਹੀਂ ਖੜ੍ਹਾ ਹੋਏਗਾ, ਇਹ ਪੱਕੀ ਬਾਤ ਐ। ਜਦ ਇਹ ਭਾਣੇ 'ਚ ਖੜ੍ਹਾ ਹੋਜੂ, ਭਾਅ ਜੂ ਫੇਰ ਤਾਂ ਇਹ ਪ੍ਰਮੇਸ਼ਰ ਦਾ ਹੋ ਗਿਆ-

ਜੋ ਤੁਧੁ ਭਾਵੈ ਸਾਈ ਭਲੀ ਕਾਰ ॥
ਤੂ ਸਦਾ ਸਲਾਮਤਿ ਨਿਰੰਕਾਰ ॥ (ਪੰਨਾ ੩)

ਇਹ ਛੋਟੀ ਜਿਹੀ ਪਦਵੀ ਐ ਬਈ ਪ੍ਰਮੇਸ਼ਰ ਜੋ ਕਰਦੈ, ਉਹ ਮੈਨੂੰ ਮਨਜ਼ੂਰ ਐ। ਫੇਰ ਤਾਂ ਸੰਕਲਪ ਈ ਨਾ ਰਿਹਾ। ਹੁਣ ਤਾਂ ਨਾਮ ਜਪਣ ਦਾ ਵਕਤ ਆ ਗਿਆ, ਮਨ ਵੇਹਲੀ ਹੋ ਗਿਆ, ਮਨ ਖਾਲੀ ਹੋ ਗਿਆ। ਏਸ ਕਰਕੇ, ਭਾਈ! ਕਹਿਣੀਆਂ, ਕਥਨੀਆਂ ਨਾਲ ਕੁੱਛ ਨਹੀਂ ਬਣਦਾ ਹੈ, ਏਥੇ ਨਾ ਫਸਿਓ। ਜਿਹੜਾ ਕਹਿਣੀਆਂ, ਕਥਨੀਆਂ ਨੂੰ ਜਾਣਨੇ ਵਾਲਾ ਪ੍ਰਮੇਸ਼ਰ, ਥੁਆਡੇ ਅੰਦਰ ਅੰਤਰਜਾਮੀ ਬੈਠੈਗਾ, ਉਹ ਬਖਸ਼ਿੰਦ ਹੈ, ਉਹਦਾ ਆਸਰਾ ਲਉ –

ਅਵਰ ਓਟ ਮੈ ਸਗਲੀ ਦੇਖੀ

ਮੈਂ ਸਾਰੀਆਂ ਓਟਾਂ ਦੇਖ ਲੀਆਂ, ਗੁਰੂ ਅਰਜਨ ਦੇਵ ਜੀ ਕਹਿੰਦੇ–

ਇਕ ਤੇਰੀ ਓਟ ਰਹਾਈਐ ॥

ਪਰ ਇੱਕ ਤੇਰੀ ਓਟ ਰਹਿ ਗੀ ਸੀ, ਮੈਂ ਉਹਦੇ ਵਿੱਚ ਹੁਣ ਆ ਗਿਆ। ਤੇਰੀ ਓਟ ਤੇ ਪਹਿਲੇ, ਮੈਂ ਸਾਰੀਆਂ ਓਟਾਂ (ਆਸਰੇ) ਦੇਖੇ ਪਰ ਕੁੱਛ ਨਾ ਬਣਿਆਂ। ਜਦ ਆਪ ਦਾ ਆਸਰਾ ਲਿਆ, ਆਪ ਦੀ ਸ਼ਰਣ ਪਏ ਤਾਂ ਸਾਡੀ ਪੈਜ ਰਹਿ ਗੀ, ਇੱਜਤ ਰਹਿ ਗੀ–

ਹੋਇ ਦਇਆਲੁ ਕਿਰਪਾਲੁ ਪ੍ਰਭੁ ਠਾਕੁਰੁ

ਉਹ 'ਠਾਕੁਰੁ', ਮਾਲਕ, ਦਇਆਲੂ, ਕਿਰਪਾਲੂ ਹੋਇਆ –

ਆਪੇ ਸੁਣੈ ਬੇਨੰਤੀ ॥

ਉਹ ਸਾਰੀਆਂ ਬੇਨਤੀਆਂ ਆਪੇ ਈ ਸੁਣਦੈ। ਉਹ ਕੋਈ ਬੋਲ਼ੈ ਗਾ? ਜੋ ਤੁਸੀਂ ਖਿਆਲ ਕਰਦੇ ਓਂ, ਉਹਨੂੰ ਦੇਖਦਾ ਵੀ ਐ ਤੇ ਜਾਣਦਾ ਵੀ ਐ। ਉਹ ਦਾਨਾ ਬੀਨੈ ਗਾ। ਉਹ ਤਾਂ ਸੁਣਦੈ ਗਾ –

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥

(ਪੰਨਾ ੩੯)

ਉਹ ਤਾਂ ਸਾਰੇ ਸੁਣਦੈ ਤੇ ਦੇਖਦੈ। ਉਹ ਤੇ ਕੈਸੇ ਮੁੱਕਰੋਂਗੇ? ਉਹ ਐਹਾ ਜਿਹਾ ਦਿਆਲੂ 'ਠਾਕੁਰੁ' ਹੈ –

ਪੂਰਾ ਸਤਗੁਰੁ ਮੇਲਿ ਮਿਲਾਵੈ

ਜਦ ਪੂਰੇ ਸਤਿਗੁਰੂ, ਸ੍ਰੀ ਗੁਰੂ ਰਾਮਦਾਸ ਦੇ ਨਾਲ ਮਿਲੇ ਤਾਂ

ਉਨ੍ਹਾਂ ਨੇ ਸਾਡਾ ਮੇਲ ਮਿਲਾ 'ਤਾ ਪ੍ਰਮੇਸ਼ਰ ਨਾਲ। ਮਿਲਾਪ ਲਿਖਿਆ ਨਹੀਂ ਗੁਰੂ ਅਰਜਨ ਦੇਵ ਨੇ ਸੁਖਮਨੀ ਦੇ ਵਿੱਚ? ਬਈ ਮੈਨੂੰ ਪ੍ਰਮੇਸ਼ਰ ਪ੍ਰਾਪਤ ਹੋਇਐ। ਮੈਨੂੰ ਅੰਦਰੋਂ ਪ੍ਰਮੇਸ਼ਰ ਪ੍ਰਾਪਤ ਹੋਇਐ, ਜਦ ਮੈਂ ਗੁਰੂ ਰਾਮਦਾਸ ਦੇ ਚਰਨੀਂ ਪਿਆ। ਮੈਨੂੰ ਅੰਦਰ ਗਿਆਨ ਪ੍ਰਾਪਤ ਹੋਇਆ, ਪ੍ਰਮੇਸ਼ਰ ਪ੍ਰਾਪਤ ਹੋਇਆ। ਕੀ ਲਿਖਿਐ ਭਲਾ ਤੇਈਵੀਂ (੨੩ਵੀਂ) ਅਸ਼ਟਪਦੀ 'ਚ?

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥
ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਮੈਂ ਓਸ ਸੰਤ ਗੁਰੂ ਰਾਮਦਾਸ ਮਹਾਰਾਜ ਦੇ ਨਾਲ ਆਪਣੇ ਅੰਦਰ ਰੱਬ ਦੇਖਿਆ। ਜਦ ਮੈਂ ਉਨ੍ਹਾਂ ਦੇ ਨਾਲ ਮਿਲਿਆ, ਉਨ੍ਹਾਂ ਨੇ ਮੇਰਾ ਮੇਲ, ਪ੍ਰਮੇਸ਼ਰ ਦੇ ਨਾਲ ਮਿਲਾ 'ਤਾ। ਮੈਂ ਉਨ੍ਹਾਂ ਦੇ ਚਰਨੀਂ ਪਿਆ, ਉਨ੍ਹਾਂ ਨੇ ਮੇਰੇ ਅੰਦਰ ਉਹ ਪ੍ਰਮੇਸ਼ਰ ਦਿਖ਼ਾਲ 'ਤਾ। ਇਹ ਗੁਰੂ 'ਚ ਅਰ ਪ੍ਰਮੇਸ਼ਰ 'ਚ ਤਾਕਤ ਐ। ਗੁਰੂ, ਪ੍ਰਮੇਸ਼ਰ ਮਿਲਾਉਂਦਾ ਹੁੰਦੈ ਤੇ ਪ੍ਰਮੇਸ਼ਰ, ਗੁਰੂ ਮਿਲਾਉਂਦਾ ਹੁੰਦੈ। ਗੁਰੂ ਤਾਂ ਮਿਲਾਉਂਦਾ ਹੁੰਦੈ ਪ੍ਰਮੇਸ਼ਰ ਨੂੰ ਤੇ ਪ੍ਰਮੇਸ਼ਰ ਗੁਰੂ ਮਿਲਾਉਂਦਾ ਹੁੰਦੈ ਤੇ ਗੁਰੂ ਦੇ ਪਾਸ, ਪ੍ਰਮੇਸ਼ਰ ਲਿਜਾਏਗਾ ਤਾਂ ਉਹ ਪ੍ਰਮੇਸ਼ਰ ਮਿਲਾ ਦੇਗਾ। ਏਸ ਕਰਕੇ, ਮੇਰਾ ਮੇਲ ਭਾਈ, ਗੁਰੂ ਰਾਮਦਾਸ ਨੇ ਮਿਲਾ 'ਤਾ। ਇਨ੍ਹਾਂ ਦੇ ਗੁਰੂ 'ਰਾਮਦਾਸ' ਸੇ। ਕਹਿੰਦੇ, ਪੂਰੇ ਗੁਰੂ ਨੇ ਮੇਰਾ ਮੇਲ, ਭਾਈ! ਪ੍ਰਮੇਸ਼ਰ ਨਾਲ ਮਿਲਾ 'ਤਾ, ਮੈਨੂੰ ਪ੍ਰਮੇਸ਼ਰ ਨਾਲ ਮਿਲਾ 'ਤਾ–

ਸਭ ਚੂਕੈ ਮਨ ਕੀ ਚਿੰਤੀ ॥

ਤਾਂ ਸਾਰੀਆਂ ਮਨ ਦੀਆਂ ਚਿੰਤਾਂ ਚੱਕੀਆਂ ਗਈਆਂ, ਜਦ ਪ੍ਰਮੇਸ਼ਰ ਨਾਲ ਮਿਲਗੇ, ਬ੍ਰਹਮ ਗਿਆਨ ਹੋ ਗਿਆ, ਮੋਕਸ਼ ਹੋ ਗੀ। ਸਾਡੀਆਂ ਸਾਰੀਆਂ ਚਿੰਤਾਂ ਚੱਕੀਆਂ ਗਈਆਂ–

ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ

ਹਰੀ ਦਾ ਨਾਮ ਸਾਡੇ ਮੁੱਖ ਦੇ ਵਿੱਚ ਔਸ਼ਧੀ (ਦਵਾਈ) ਪਾ 'ਤੀ, ਹੁਣ ਬਿਨਾਂ ਨਾਮ ਦੇ ਹੋਰ ਸਾਡਾ ਕੋਈ ਕੰਮ ਨਹੀਂ ਹੈ। ਨਾਮ ਸਾਡਾ ਅੱਠ ਪਹਿਰ ਚਲਦੈਗਾ –

ਜਨ ਨਾਨਕ ਸੁਖਿ ਵਸੰਤੀ ॥

ਸ੍ਰੀ ਗੁਰੂ ਅਰਜਨ ਦੇਵ ਕਹਿੰਦੇ, ਹੁਣ ਅਸੀਂ ਸੁੱਖ-ਸਰੂਪ ਪ੍ਰਮੇਸ਼ਰ ਦੇ ਵਿੱਚ ਵਸਦੇ ਆਂ। ਉਹ ਜਿਹੜਾ ਆਤਮਕ-ਸੁੱਖ, ਪੂਰਨ ਆਤਮਕ-ਸੁੱਖ ਹੈ, ਉਹਦੇ ਵਿੱਚ ਸਾਡਾ ਮਨ ਵਸਦੈ। ਹੁਣ ਸਾਡਾ ਮਨ ਸੰਸਾਰ 'ਚੋਂ ਨਿਕਲ ਗਿਆ, ਆਤਮਾ ਦੇ ਵਿੱਚ ਵਸ ਗਿਆ, ਸਾਰੀਆਂ ਚਿੰਤਾਂ ਚੱਕੀਆਂ ਗਈਆਂ। ਉਨ੍ਹਾਂ ਨੂੰ ਜੋ ਪ੍ਰਾਪਤ ਹੋਇਆ, ਉਹ ਸ਼ਬਦ ਦੇ ਰਾਹ ਥੁਆਨੂੰ ਸਾਰਿਆਂ ਨੂੰ ਉਨ੍ਹਾਂ ਨੇ ਦੱਸ 'ਤਾ।

ਪੂਰਾ ਸਤਗੁਰੁ ਮੇਲਿ ਮਿਲਾਵੈ ਸਭ ਚੂਕੈ ਮਨ ਕੀ ਚਿੰਤੀ ॥

ਹਰਿ ਹਰਿ ਨਾਮੁ ਅਵਖਦੁ ਮੁਖਿ ਪਾਇਆ ਜਨ ਨਾਨਕ ਸੁਖਿ ਵਸੰਤੀ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

੧

ਸਤਿਗੁਰ ਪ੍ਰਸਾਦਿ॥

ਪ੬

ਧਨਾਸਰੀ ਮਹਲਾ ੫ ॥

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥
ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧॥
ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥
ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥
ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥
ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥ ੨॥
ਅਛਲ ਅਛੇਦ ਅਪਾਰ ਪ੍ਰਭ ਊਚਾ ਜਾ ਕਾ ਰੂਪੁ ॥
ਜਪਿ ਜਪਿ ਕਰਹਿ ਅਨੰਦੁ ਜਨ ਅਚਰਜ ਆਨੂਪੁ ॥ ੩॥
ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥
ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ॥ ੪॥ ੩॥ ੨੭॥

(ਪੰਨਾ ੬੭੭)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਧਨਾਸਰੀ ਮਹਲਾ ੫ ॥

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ੍ਯ ਹਰਿ ॥

(ਪੰਨਾ ੧੪੦੯)

ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਪੰਨਾ ੧੪੦੯)

ਸ੍ਰੀ ਗੁਰੂ ਰਾਮਦਾਸ, ਇਹ 'ਜੋਤਿ' ਗੁਰੂ 'ਅਰਜੁਨ' ਮੇਂ ਧਰ ਕੇ, ਆਪ ਬੈਕੁੰਠ ਮੇਂ ਚਲੇ ਗਏ। ਪਿਰਥੀਏ 'ਚ ਨਹੀਂ ਧਰੀ, ਮਹਾਂਦੇਵ 'ਚ ਨਹੀਂ ਧਰੀ। ਇਹ (ਅਰਜਨ) ਛੋਟੇ ਸੇ, ਇੱਕੋ ਈ 'ਜੋਤਿ' ਸੀ। ਈਸ਼ਰੀ ਨਿਆਏ ਦੇ ਵਿੱਚ, ਇਹ ਕੋਈ ਦੁਨੀਆਵੀ ਸੰਬੰਧ ਨਹੀਂ ਹੁੰਦਾ। ਜੇ ਦੁਨੀਆਵੀ ਸੰਬੰਧ ਹੁੰਦਾ ਤਾਂ ਪਿਰਥੀਏ ਦਾ ਹੱਕ ਸੀ, ਉਹ ਬੜਾ ਸੀ। ਓਸਦੇ ਬਾਦ ਫੇਰ ਮਹਾਂਦੇਵ ਦਾ ਹੱਕ ਸੀ। ਪਰ ਨਾ, ਇਹ ਤਾਂ ਈਸ਼ਰੀ ਸੰਬੰਧ ਹੈ।ਉਨ੍ਹਾਂ ਨੇ ਉਹ ਜੋਤ –

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥

(ਪੰਨਾ ੧੪੦੮)

ਉਹ ਜਿਹੜੀ ਜੋਤੀ ਸਰੂਪ ਅਵਤਾਰ ਧਾਰ ਕੇ ਦੁਨੀਆਂ ਨੂੰ ਤਾਰਣ ਆਈ। ਥੁਆਨੂੰ ਪਤੈ? ਅੱਠਾਂ (੮) ਨੂੰ ਗਿਆਨ ਹੋਇਆ ਨਨਕਾਣੇ ਸਾਹਿਬ। ਮੁੱਲਾਂ ਨੂੰ, ਪੰਡਿਤ ਨੂੰ, ਬੀਬੀ ਨਾਨਕੀ ਨੂੰ ਤੇ ਜਦ ਉਹ ਵਖਿਆਣ ਕਰਨ ਲੱਗ ਗੇ ਤਾਂ ਗੁਰੂ ਸਾਹਿਬ ਨੂੰ ਆਪ ਉਨ੍ਹਾਂ ਨੇ ਸੁਲਤਾਨਪੁਰ ਬੁਲਾਕੇ ਆਖਿਆ, ਥੁਆਨੂੰ ਤਾਂ ਪੈਗਾਮ ਦੇਣ ਵਾਸਤੇ ਭੇਜਿਆ ਸੀ, ਤੁਸੀ ਤਾਂ ਦੁਨੀਆਂ ਨੂੰ ਪਤਾ ਦੇਣਾ ਸੀ ਬਈ ਏਸ ਰਸਤੇ ਚੱਲਣੈ। ਥੁਆਨੂੰ ਤਾਂ ਰਹਿਬਰ ਕਰਕੇ ਭੇਜਿਆ ਸੀ, ਤੁਸੀਂ ਤਾਂ ਦੁਨੀਆਂ ਨੂੰ ਸਿੱਧੇ ਰਸਤੇ ਪਾਉਣਾ ਸੀ। ਉਹ ਠੀਕ ਐ ਜੋ ਤੁਸੀਂ ਪਰਉਪਕਾਰ ਕਰਦੇ ਓਂ ਪਰ ਥੁਆਡਾ ਗੁਰੂ ਪ੍ਰਚਾਰ ਦਾ ਹੱਕ ਤਾਂ ਬਹੁਤ ਬੜਾ ਹੈਗਾ। ਅਵਤਾਰ ਤਾਂ ਕਈ ਪ੍ਰਕਾਰ ਦੇ ਹੁੰਦੇ ਨੇ, ਤੁਸੀਂ ਪੜ੍ਹੋਂਗੇ ਅੰਸਾ ਅਵਤਾਰ, ਗੁਰੂ ਅਵਤਾਰ (ਵਗੈਰਾ)। ਪਰ ਗੁਰੂ ਅਵਤਾਰ ਤਾਂ ਉਦੋਂ ਆਉਂਦੈ, ਜਦੋਂ ਹਨੇਰ ਮੱਚ ਜਾਂਦੈ ਦੁਨੀਆਂ ਦੇ ਵਿੱਚ। ਏਸ ਕਰਕੇ, ਫੇਰ ਉਨ੍ਹਾਂ ਨੇ ਚਾਰ (੪) ਉਦਾਸੀਆਂ ਕੀਤੀਆਂ, ਦੁਨੀਆਂ ਨੂੰ ਬਹੁਤ ਸਿੱਖਿਆ ਦਿੱਤੀ।ਉਨ੍ਹਾਂ ਦੇ ਵਿੱਚੋਂ ਹੁਣ ਇਹ 'ਜੋਤਿ' ਪੰਜਵੇਂ ਜਾਮੇਂ (ਸਰੀਰ) 'ਚ ਆ ਗੀ–

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਪੰਨਾ ੯੬੬)

ਹੁਣ ਉਹ 'ਜੋਤਿ', ਪ੍ਰਮੇਸ਼ਰ ਦੀ 'ਜੋਤਿ', ਪੰਜਵੇਂ ਜਾਮੇਂ 'ਚ ਆ ਕੇ, ਉਨ੍ਹਾਂ ਨੇ ਬਾਣੀ ਉੱਚਰੀ ਹੈ ਜੋ, ਉਹ ਬਾਣੀ ਦੇ ਵਿੱਚ ਹੈ। ਹੁਣ ਸੁਣੋ–

ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥
ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

(ਪੰਨਾ ੪੨੧)

ਕਬੀਰ ਸਾਹਿਬ ਨੇ ਤਾਂ ਸਾਫ ਕਹਿ 'ਤਾ –

ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥ (ਪੰਨਾ ੩੨੪)

ਜਦ ਤੱਕ ਤੈਂ ਆਪਣੇ–ਆਪ ਨੂੰ ਵਿਆਪਕ ਦੇ ਨਾਲ ਬਿਰਤੀ ਤਿਆਗ ਕੇ ਇੱਕ ਨਹੀਂ ਕੀਤਾ, ਜਦ ਤੱਕ ਉਹ ਸੰਸਾਰੀ ਬਿਰਤੀ ਤਿਆਗ ਕੇ ਬਿਰਤੀ ਐਥੇ ਨਹੀਂ ਜੁੜੀ ਤੇ ਰਵਿਦਾਸ ਦੀ ਜੁੜੀ–

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥

(ਪੰਨਾ ੬੫੯)

ਰਵਿਦਾਸ ਨੇ ਜਦ ਉਪਾਸ਼ਨਾ ਕੀਤੀ, ਉਦੋਂ ਜੋ ਕੁੱਛ ਹੋਇਆ, ਉਹਦੀ ਭਾਵਨਾ ਅਨੁਸਾਰ ਓਹਨੇ ਆਖਿਆ। ਕਿਉਂ?

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥

ਉਹ ਕਹਿੰਦਾ, ਪਰੇ ਹੋ ਜਾ, ਤੂੰ ਚਮਿਆਰ ਹੈਂ। ਉਹ ਕਹਿੰਦਾ, ਪਰੇ ਕਿੱਥੇ ਹੋ ਜਾਂ ਹੁਣ?

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥
ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ (ਪੰਨਾ ੬੫੯)
ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਜੋ ਦੇਖਣੇ 'ਚ ਆਉਂਦੈ, ਉਹ ਮਿੱਥਿਐ –

ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥

ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥
ਮਰਤਾ ਜਾਤਾ ਨਦਰਿ ਨ ਆਇਆ ॥ (ਪੰਨਾ ੧੫੨)
ਜਨਮਿ ਨ ਮਰੈ ਨ ਆਵੈ ਨ ਜਾਇ ॥
ਨਾਨਕ ਕਾ ਪ੍ਰਭੁ ਰਹਿਓ ਸਮਾਇ ॥ (ਪੰਨਾ ੧੧੩੬)

ਨਾਨਕ ਦਾ ਪ੍ਰਭੂ ਤਾਂ ਵਿਆਪਕ ਐ, ਨਾਨਕ ਦਾ ਪ੍ਰਭੂ ਪ੍ਰਛਿੰਨ ਨਹੀਂ ਹੈ। ਉਹ ਕਾਗਜਾਂ ਦੀਆਂ ਮੂਰਤੀਆਂ ਨਹੀਂ ਹੈ, ਪੱਥਰ ਦੀਆਂ ਮੂਰਤੀਆਂ ਨਹੀਂ ਹੈ। ਨਾਨਕ ਦਾ ਪ੍ਰਭੂ ਤਾਂ ਵਿਆਪਕ ਹੈ, ਅਕਾਲ ਪੁਰਖ –

ਏਕਾ (੧), ਲਿਖਿਆ ਵੀ ਏਸੇ ਕਰਕੇ ਹੈ–

ਏਕਾ ਏਕੰਕਾਰੁ ਲਿਖਿ ਦੇਖਾਲਿਆ ॥
ਊੜਾ ਓਅੰਕਾਰੁ ਪਾਸਿ ਬਹਾਲਿਆ ॥ (ਭਾਈ ਗੁਰਦਾਸ)

ਭਾਈ ਸਾਹਿਬ ਇਹਦਾ ਅਰਥ ਕਰਦੇ ਨੇ ਭਾਈ ਗੁਰਦਾਸ ਜੀ–

ਏਕਾ ਏਕੰਕਾਰੁ ਲਿਖਿ ਦੇਖਾਲਿਆ ॥

ਏਕਾ, ਥੁਆਨੂੰ ਲਿਖ ਕੇ ਦਿਖਾਲਿਆ, ਰੱਬ ਇੱਕ ਐ ।

ਊੜਾ ਓਅੰਕਾਰੁ ਪਾਸਿ ਬਹਾਲਿਆ ॥

ਇਹ ਉਹਦਾ ਨਾਮ ਹੈ, 'ਓਮ' (ੴ) ਉਹਦਾ ਨਾਮ ਹੈ ਪਹਿਲਾ (ਸਨਾਤਨ) ਉਪਨਿਸ਼ਦ 'ਚ। ਏਸ ਕਰਕੇ, ਉਹ ਥੁਆਨੂੰ ਦੱਸ 'ਤਾ ਕਿ ਇਹ (੧) ਇਹਦਾ ਨਾਮ ਹੈ ਤੇ ਇਹ (ਓ) ਨਾਮੀ ਹੈ। ਏਸ ਤੋਂ ਬਿਨਾਂ ਤੁਸੀਂ ਦੁਨੀਆਂ ਦੇ ਵਿੱਚ ਨਹੀਂ ਵੜਨਾ ਹੈਗਾ। ਦੁਨੀਆਂ ਦੇ ਵਿਵਹਾਰ ਤੁਸੀਂ–

ਸਾਚਿ ਨਾਮਿ ਮੇਰਾ ਮਨੁ ਲਾਗਾ ॥
ਲੋਗਨ ਸਿਉ ਮੇਰਾ ਠਾਠਾ ਬਾਗਾ ॥ (ਪੰਨਾ ੩੮੪)

ਆਪਣੇ ਮਨ ਨੂੰ ਜੋੜ ਕੇ ਰੱਖਣਾ ਐਥੇ ਤੇ ਦੁਨੀਆਂ ਦਾ ਵਿਹਾਰ, 'ਗਉਣ' ਬਿਰਤੀ ਤੇ ਕਰਨੈ ਗਾ। ਪਰ ਦੁਨੀਆਂ ਨੇ ਮੁੱਖ ਕਰ ਲਿਆ ਵਿਹਾਰ ਤੇ ਪ੍ਰਮੇਸ਼ਰ ਨੂੰ ਕਰ ਦਿੱਤਾ 'ਗਉਣ'। ਏਸ ਕਰਕੇ, ਇਨ੍ਹਾਂ ਨੂੰ ਅੰਤ ਨੂੰ ਧੱਕੇ ਖਾਣੇ ਪੈਣਗੇ –

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥
(ਪੰਨਾ ੬੩੪)

ਨੌਵੇਂ ਪਾਤਸ਼ਾਹ ਕਹਿੰਦੇ, 'ਅੰਤ ਬਾਰ' ਭਾਈ, ਅੰਤ ਨੂੰ ਥੁਆਡੇ, ਬਿਨਾਂ ਪ੍ਰਮੇਸ਼ਰ ਦੇ ਕੋਈ ਕੰਮ ਨਹੀਂ ਆਉਣਾ ਹੈਗਾ। ਇਹ ਜਿਹੜਾ ਤੁਸੀਂ ਦੁਨੀਆਂ 'ਚ ਮੋਹ ਨਾਲ ਫਸੇ ਵੇ ਓਂ, ਉਹ ਐਵੇਂ ਵਾਧੂ ਜਿਹਾ ਕੰਮ ਐ ਗਾ, ਇਉਂ ਥੁਆਡਾ ਕੰਮ ਨਹੀਂ ਚੱਲਣਾ ਹੈ ਗਾ । ਏਸ ਕਰਕੇ, ਜਿੰਨਾਂ ਚਿਰ ਪ੍ਰਮੇਸ਼ਰ ਦੀ ਦਇਆ ਨਹੀਂ ਹੁੰਦੀ, ਪ੍ਰਮੇਸ਼ਰ ਦੀ ਕਿਰਪਾ ਨਹੀਂ ਹੁੰਦੀ, 'ਗੁਰ ਪ੍ਰਸਾਦਿ' ਨਹੀਂ ਹੁੰਦਾ, ਓਨਾਂ ਚਿਰ ਜੀਵ ਬੱਝਿਆ ਵਿਐ –

ਜਨ ਨਾਨਕ ਹਰਿ ਭਏ ਦਇਆਲਾ ਤਉ ਸਭ ਬਿਧਿ ਬਨਿ ਆਈ ॥
(ਪੰਨਾ ੨੧੯)

ਨੌਵੇਂ ਪਾਤਸ਼ਾਹ ਕਹਿੰਦੇ, ਜਦ ਹਰੀ ਦਿਆਲੂ ਹੋ ਜੈ ਤਾਂ ਤੇਰੀਆਂ ਸਾਰੀਆਂ ਵਿਧੀਆਂ ਆਪੇ ਈ ਬਣ ਜਾਣਗੀਆਂ। ਤੂੰ ਪ੍ਰਮੇਸ਼ਰ ਦੇ ਚਰਨਾਂ ਦੇ ਵਿੱਚ ਡਿੱਗ ਕੇ ਸ਼ਰਨਾਗਤੀ ਲਈਂ, ਓਹਨੇ ਦਇਆ ਕਰਨੀ ਐਂ। ਹੇ ਮਹਾਰਾਜ! ਦਇਆ ਕਰੋ। ਉਹਦੀ ਦਇਆ ਤੇ 'ਗੁਰ ਪ੍ਰਸਾਦਿ' ਨਾਲ ਤੁਸੀਂ ਤਰ ਜਾਵੋਂਗੇ। ਏਸ ਕਰਕੇ, ਉਹ ਹਾਜਰ ਹੈ, ਹਜ਼ੂਰ ਹੈ,ਜਾਹਰ ਹੈ, ਜਹੂਰ ਹੈ ਤੇ ਹੋਰ ਕਿਤੇ ਨਾ ਫਿਰਿਓ ਭੱਜੇ ਨੱਠੇ –

ਰਵਿ ਰਹਿਆ ਸਰਬਤ੍ਰ ਮੈ

ਉਹ ਸਾਰਿਆਂ ਦੇ ਵਿੱਚ ਵਿਆਪਕ ਐ –

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧॥ ਰਹਾਉ ॥
ਨਾ ਕੋ ਬੈਰੀ ਨਹੀ ਬਿਗਾਨਾ
ਸਗਲ ਸੰਗਿ ਹਮ ਕਉ ਬਨਿ ਆਈ ॥ ੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ
ਏਹ ਸੁਮਤਿ ਸਾਧੂ ਤੇ ਪਾਈ ॥ ੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ
ਪੇਖਿ ਪੇਖਿ ਨਾਨਕ ਬਿਗਸਾਈ ॥ ੩॥ ੮॥ (ਪੰਨਾ ੧੨੯੯)

ਗੁਰੂ ਅਰਜਨ ਦੇਵ ਕਹਿੰਦੇ, ਗੁਰੂ ਰਾਮਦਾਸ ਮਹਾਰਾਜ ਦੀ ਕਿਰਪਾ ਤੇ ਜਿਹੜਾ ਸਾਰੇ ਰਮਿਆ ਵਿਆ ਵਿਆਪਕ ਸੀ, ਮੈਨੂੰ ਪ੍ਰਤਿਅਕਸ਼ ਹੋ ਗਿਆ। ਮੈਂ ਬੜਾ ਖੁਸ਼ ਹਾਂ, ਏਸ ਕਰਕੇ, ਉਹ ਪ੍ਰਮੇਸ਼ਰ ਸਾਰਿਆਂ 'ਚ 'ਰਵਿ ਰਹਿਆ' ਵਿਆਪਕ ਹੈ –

ਮਨ ਸਦਾ ਧਿਆਈ ॥

ਹੇ ਮਨ ! ਉਹਦਾ ਧਿਆਨ ਧਰੀਂ ਸਦਾ, ਦੇਖੀਂ ਕਿਤੇ ਦੁਨੀਆਂ ਦੇ ਨਾਲ ਨਾ ਲਿਪਟ ਜਾਈਂ। ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਵਿਕਾਰ ਨੇ ਪੰਜ। ਤੇਰਾ ਮਨ ਜੇ ਐਥੇ ਚਿਪਕ ਗਿਆ, ਖਾਲੀ ਫਜ਼ੂਲ ਜਾਏਗਾ। ਸ਼ਬਦ, ਸਪਰਸ਼, ਰੂਪ, ਰਸ, ਗੰਧ, ਪੰਜ ਵਿਸ਼ੇ ਨੇ। ਜੇ ਤੇਰਾ ਮਨ ਇਨਾਂ 'ਚ ਅਟਕ ਗਿਆ, ਤੂੰ ਕਿੰਨਾਂ ਵੀ ਮੰਗ ਲੀਂ, ਰੱਬ ਤੈਨੂੰ ਨਹੀਂ ਮਿਲੇਗਾ। ਏਸ ਕਰਕੇ, ਸਦਾ ਤੂੰ ਪ੍ਰਮੇਸ਼ਰ ਦਾ ਧਿਆਨ ਕਰੀਂ, ਦੁਨੀਆਂ ਦਾ ਹਰਤਾ, ਕਰਤਾ ਇੱਕ ਪ੍ਰਮੇਸ਼ਰ ਐ। ਉਤਪਤੀ ਉਹ ਕਰਦੈ, ਪਾਲਣਾ ਉਹ ਕਰਦੈ, ਲੈਅ ਉਹ ਕਰਦੈ, ਉਹ ਮਾਲਕ ਐ ਸਭ ਕਾਸੇ (ਕੁੱਛ) ਦਾ। ਜਪੁਜੀ ਸਾਹਿਬ ਦੇ ਟੀਕੇ ਵਿੱਚ ਓਹਨੇ ਲਿਖਿਆ (ਖਵਾਜਾ) ਦਿਲ ਮੁਹੰਮਦ ਨੇ, ਹੋਰ ਵੀ ਕਈਆਂ ਨੇ ਟੀਕੇ ਲਿਖੇ ਨੇ। ਓਹਨੇ ਆਖਿਆ, ਓਏ, ਨਾਨਕ ਤਾਂ ਇੱਕ (੧) ਦਾ ਉਪਾਸ਼ਕ ਐ, ਤੁਸੀਂ ਤਿੰਨ ਕਿਉਂ ਲਿਖ 'ਤੇ, ਬ੍ਰਹਮਾ, ਵਿਸ਼ਨੂੰ, ਮਹੇਸ਼। ਇਹ ਤਾਂ ਦੇਵਤੇ ਨੇ। ਨਾਨਕ ਤਾਂ ਇੱਕ ਦਾ ਉਪਾਸ਼ਕ ਐ, ਹੇਠਾਂ ਪੰਕਤੀ ਲਿਖ 'ਤੀ ਤੇ ਹੋਰ ਤਾਂ ਪਤਾ ਨਹੀਂ

ਲੱਗਿਆ ਕਿਸੇ ਨੂੰ। ਏਸ ਕਰਕੇ, ਤੁਸੀਂ ਇੱਕ ਦੇ ਉਪਾਸ਼ਕ ਓਂ। ਉਹ ਵਿਆਪਕ ਹੈ, ਉਹ ਸਾਰੇ ਰਮਿਐਂ ਗਾ। ਉਹਦਾ ਧਿਆਨ, ਅਪਨੇ ਮਨ 'ਚ ਰੱਖਣਾ, ਅਪਨੇ ਮਨ ਨੂੰ ਉਹਦੇ ਨਾਲ ਜੋੜਨਾ। ਤੁਸੀਂ ਮਨ ਦੇ ਦ੍ਰਸ਼ਟਾ ਹੋਂ, ਮਨ ਥੁਆਡਾ ਦ੍ਰਸ਼ਟਾ ਨਹੀਂ। ਤੁਸੀਂ ਰੋਜ, ਮਨ ਨੂੰ ਦੇਖਦੇ ਹੋਂ, ਮਨ ਮੇਰਾ ਠੀਕ ਐ ਕਿ ਬੇ-ਠੀਕ ਐ। ਜੇ ਥੁਆਨੂੰ ਕੋਈ ਬੁਲਾਵੇ ਤਾਂ ਤੁਸੀਂ ਕਹਿੰਦੇ ਓਂ, ਮੈਨੂੰ ਨਾ ਬੁਲਾ,ਮੇਰਾ ਮਨ ਠੀਕ ਨਹੀਂ। ਜਦ ਇਹ ਖੁਸ਼, ਠੀਕ ਹੁੰਦੈ ਤਾਂ ਕਹਿੰਦਾ, ਹੁਣ ਗੱਲ ਕਰ। ਏਸ ਕਰਕੇ, ਤੁਸੀਂ ਮਨ ਨੂੰ ਦੇਖਦੇ ਹੋਂ। ਥੁਆਨੂੰ ਪਤੈ ਬਈ, ਮੇਰਾ ਮਨ ਕਿੱਥੇ ਚਿੰਬੜਿਆ ਵਿਐ। ਮੇਰਾ ਮਨ ਕਿੱਥੇ ਅਟਕਿਆ ਵਿਐ, ਕਿੱਥੇ ਜੁੜਿਆ ਵਿਐ। ਕਹਿੰਦੇ, ਮਨ ਨੂੰ ਪ੍ਰਮੇਸ਼ਰ ਦੇ ਧਿਆਨ 'ਚ ਜੋੜ, ਹੋਰ ਨਹੀਂ ਮਨ ਨੂੰ ਕਿਤੇ ਦੁਨੀਆਂ ਦੇ ਵਿੱਚ ਜੋੜਨਾ। ਪ੍ਰਮੇਸ਼ਰ ਦੇ ਧਿਆਨ ਦੇ ਵਿੱਚ ਹੀ ਮਨ ਨੂੰ ਜੋੜਨਾ ਤੇ ਇਹ ਵਿਆਪਕ ਐ, ਪਰੀਪੂਰਣ ਐਂ, ਅੰਤਰਜਾਮੀ ਐਂ-

ਰਾਖਾ ਏਕੁ ਹਮਾਰਾ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਥੁਆਡਾ ਭਲਾ ਇਵੇਂ ਹੋਵੇਗਾ ਭਾਈ! ਆਹ, ਗੁਰੂ ਸਾਹਿਬ ਜੀ ਦਾ ਬਚਨ ਹੈ-

ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥

ਉਹ 'ਸੰਗੀ' ਹੈ ਜਿਹੜਾ ਲੋਕ ਪਰਲੋਕ ਮੇਂ ਕਦੇ ਵਿੱਛੜੇ ਨਾ ਥੁਆਤੇ। ਜਦ ਤੁਸੀਂ ਸੂਖਸ਼ਮ ਸਰੀਰ ਵਿੱਚ ਜਾਵੋਂਗੇ ਬਦਲ ਕੇ ਦੂਜੇ ਜਨਮ ਦੇ ਵਿੱਚ,ਓਦੋਂ ਵੀ ਪ੍ਰਮੇਸ਼ਰ ਨਾਲ ਐ ਤੇ ਹੁਣ ਵੀ ਨਾਲ ਐ-

ਨਾਮੁ ਸੰਗੀ ਸੋ ਮਨਿ ਨ ਬਸਾਇਓ ॥
ਛੋਡਿ ਜਾਹਿ ਵਾਹੂ ਚਿਤੁ ਲਾਇਓ ॥ (ਪੰਨਾ ੭੧੫)

ਥੁਆਡਾ 'ਸੰਗੀ' ਐ 'ਨਾਮੁ'। 'ਨਾਮੁ' ਥੁਆਡਾ ਰਾਖੈਗਾ। ਇਹ ਤੁਸੀਂ ਮਨ 'ਚ ਨਹੀਂ ਵਸਾਇਆ 'ਨਾਮੁ'। ਤੇ ਇਹ ਥੁਆਨੂੰ ਪਤੈ? ਮਨ ਥੁਆਡੇ 'ਚ ਕੀ ਕੁੱਛ ਵਸਦੈ। ਉਹ ਥੁਆਡੇ ਸਾਹਮਣੇ ਐਂ, ਕੋਈ ਓਹਲਾ ਤਾਂ ਹੈ ਨਹੀਂ। ਜੋ ਥੁਆਡੇ ਮਨ ਵਿੱਚ ਵਸਦੈ, ਉਹ

ਦਿਸਦਾ ਨਹੀਂ ਥੁਆਨੂੰ? ਮਨ ਵੀ ਦਿਸਦਾ ਹੈ ਤੇ ਜੋ ਮਨ ਵਿੱਚ ਵਸਦੈ, ਉਹ ਵੀ ਦਿਸਦੈਗਾ, ਉਹ ਹੈ ਥੁਆਡਾ 'ਸੰਗੀ'। ਤੇ–

ਨਾਮੁ ਸੰਗੀ ਸੋ ਮਨਿ ਨ ਬਸਾਇਓ ॥

ਤੇ ਜੀਵ ਨੇ, 'ਨਾਮੁ' ਇਹਦਾ 'ਸੰਗੀ' ਸੀ, ਉਹ ਮਨ 'ਚ ਨਾ ਵਸਾਇਆ–

ਛੋਡਿ ਜਾਹਿ ਵਾਹੂ ਚਿਤੁ ਲਾਇਓ ॥

ਜਿਹੜੇ ਪਦਾਰਥ ਇਹਨੇ ਛੱਡ ਕੇ ਜਾਣੇ ਸੇ, ਉਨ੍ਹਾਂ ਨਾਲ ਮੋਹ ਲਾ ਲਿਆ ਤੇ ਇਹ ਤਾਂ ਉਲਟੇ ਪਾਸੇ ਚੱਲ ਪਿਆ। ਨਾਮ ਦੇ ਬਿਨਾਂ ਅਧਾਰ ਨਹੀਂ ਭਾਈ! ਨਾਮ ਇੱਕ ਇਹੋ ਜਿਹੀ ਚੀਜ ਐ, ਇਹ ਨਾਮੀ ਨੂੰ ਮਿਲਾ ਦਿੰਦੈ, ਨਾਮ–

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਜੀਹਦਾ 'ਨਾਮੁ' ਦੇ ਨਾਲ ਮਨ ਮੰਨ ਜੂ, ਉਹ ਨਿਰਾਕਾਰ ਪ੍ਰਮੇਸ਼ਰ ਨੂੰ ਜਾਣ ਲੇ ਗਾ। ਉਹਦੀ ਮੁਕਤੀ ਹੋ ਜੇਗੀ। ਦੇਖਿਓ, ਕਿਤੇ ਅਪਣੇ ਮਨ ਨੂੰ ਦੁਨੀਆਂ 'ਚ ਜੋੜ ਲੋਂ, ਇਹ ਗਲਤ ਸੌਦਾ ਹੋ ਜੇਗਾ–

ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥ ਰਹਾਉ ॥

ਇਹ ਉਪਨਿਸ਼ਦ 'ਚ ਆਉਂਦੈ, ਜਦ ਉਹ ਨਾਰਦ ਦੇ ਪਾਸ ਗਏ, ਓਹਨੇ ਆਖਿਆ, ਤੁਸੀਂ ਜੀ ਮੈਨੂੰ ਉਪਦੇਸ਼ ਕਰੋ। ਓਹਨੇ ਆਖਿਆ ਓਏ 'ਭੂਮਾ' ਵਿਆਪਕ, ਪ੍ਰਮੇਸ਼ਰ ਸਤਿ-ਸਰੂਪ ਐ। ਇਹ ਜਿਹੜੇ ਵਿਸ਼ੇ ਨੇ 'ਅਲਪ ਸੁਖੁ' ਦੇ, ਇਨ੍ਹਾਂ ਵਿੱਚ ਨਾ ਉਲਝ ਜਾਈਂ ਕਿਤੇ। ਏਸ ਕਰਕੇ, ਆਹ ਜਿਹੜਾ 'ਅਲਪ ਸੁਖੁ' ਹੈ ਨਾ, ਛਿਨ ਮਾਤਰ ਦਾ, ਇਹਦੇ ਵਿੱਚ ਨਾ ਜੀਵ ਉਲਝ ਕੇ ਵਿਸ਼ੇ ਵਿਕਾਰਾਂ ਵਿੱਚ ਫਸ ਜਾਈਂ। ਮਾਰਿਆ ਜਾਵੇਂਗਾ, ਕੁੱਛ ਨਹੀਂ ਤੈਨੂੰ ਮਿਲਣਾ। ਚਲਾਕੀ ਤਾਂ ਤੂੰ ਕਰੇਂਗਾ ਤੇ ਚਲਾਕੀ ਕਰਕੇ ਲੋਕਾਂ ਨੂੰ ਵੀ ਖਰਾਬ ਕਰੇਂਗਾ। ਇਹ ਵੀ ਮੈਂ ਥੁਆਨੂੰ ਦੱਸ ਦਿਆਂ, ਪਰ ਥੁਆਨੂੰ ਸੁਰਤ ਹੀ ਨਹੀਂ ਕਿ ਮੈਂ ਕੰਮ ਕੀ ਕਰਨੈਂ, ਗੱਲ ਤਾਂ ਸੱਚੀ ਇਹ ਹੈ।ਬਾਣੀ

ਥੁਆਨੂੰ ਆਉਂਦੀ ਹੀ ਨਹੀਂ ਹੈ, ਬਾਣੀ ਦਾ ਥੁਆਨੂੰ ਪਤਾ ਹੀ ਨਹੀਂ , ਬਾਣੀ ਕਹਿੰਦੀ ਕੀ ਐ। ਜੇ ਬਾਣੀ ਨਾਲ ਤੁਰ ਪਉਂ ਤਾਂ ਸੁਰਤ ਆ ਜੈ। ਬਾਣੀ ਨਾਲ ਤਾਂ ਤੁਰ ਕੇ ਦੇਖ ਲਉ (ਰੱਬ ਨਾਲ) ਇੱਕ ਕਰ ਦੂ! ਬਾਣੀ ਨਾਲ ਤਾਂ ਤੁਰਨਾ ਨਹੀਂ, ਦੂਜਿਆਂ ਨਾਲ ਚਲਾਕੀਆਂ ਕਰਨੀਆਂ। ਮਨ ਨੇ ਤਾਂ ਚਲਾਕੀਆਂ ਨਾਲ ਹੀ ਚੱਲਣੈ ਗਾ। ਏਸ ਕਰਕੇ, ਫੇਰ ਪੜ੍ਹ ਭਾਈ-

ਬਿਨਸਿ ਜਾਇ ਜੋ ਨਿਮਖ ਮਹਿ ਸੋ ਅਲਪ ਸੁਖੁ ਭਨੀਐ ॥

ਕਹਿੰਦੇ, ਜਿਹੜੇ ਵਿਸ਼ੇ ਬਿਨਸ ਜਾਣੇ ਨੇ, 'ਅਲਪ ਸੁਖੁ' ਨੇ, ਥੋੜ੍ਹਾ ਜਿਹਾ ਸੁੱਖ ਹੈ।ਇਹ ਜਿਹੜਾ 'ਅਲਪ ਸੁਖੁ' ਹੈ, ਇਹਦੇ ਵਿੱਚ ਨਾ ਫਸ ਜਿਉ। ਆਤਮ-ਸੁੱਖ ਵਿੱਚ ਬਿਰਤੀ ਜੋੜਿਓ, ਆਤਮਾ ਦੇ ਨਾਲ ਬਿਰਤੀ ਜੋੜਿਓ, ਨਾਮ ਨਾਲ ਬਿਰਤੀ ਜੋੜਿਓ ਤੇ ਹੋਰ ਦੁਨੀਆਂ ਦੇ ਨਾਲ ਨਾ ਬਿਰਤੀ ਜੋੜ ਬੈਠਿਓ।ਹੁਣ ਤੁਸੀਂ ਆਪਣੇ ਸਾਖਸ਼ੀ ਆਪ ਓਂ, ਜਿੱਥੇ ਥੁਆਡਾ ਮਨ ਜੁੜੇਗਾ, ਥੁਆਨੂੰ ਤਾਂ ਪਤੈ। ਇਹ ਆਹ ਸਿਨੇਮੇ ਨੂੰ ਭੱਜੇ ਜਾਂਦੇ ਨੇ, ਜਿਵੇ ਦੁਨੀਆਂ ਦਾ ਮੀਂਹ ਵਰ੍ਹਦਾ ਹੁੰਦੈ, ਨਾਲੇ ਰੁਪੱਈਏ ਦੇ ਕੇ ਆਉਂਦੇ ਨੇ। ਕਿਉਂ ਜਾਂਦੇ ਨੇ? ਇਹਦਾ ਮਤਲਬ ਹੈ ਕਿ ਇਨ੍ਹਾਂ ਦਾ ਮਨ, 'ਨਾਮੁ' ਨਾਲ ਜੁੜਿਆ ਨਹੀਂ ਹੈ। ਜੀਹਦਾ ਮਨ 'ਨਾਮੁ' ਨਾਲ ਜੁੜ ਜੂਗਾ, ਉਹ ਅਹੇ ਜੇ ਕੰਮ ਨਹੀਂ ਕਰਦਾ। ਰਵਿਦਾਸ, ਕਬੀਰ, ਨਾਮਦੇਵ, ਧੰਨਾਂ ਉਹ ਨਾ ਐਧਰ ਚਲੇ ਗਏ? ਏਸ ਕਰਕੇ, ਐਵੇਂ ਦੁਨੀਆਂ ਦੇ ਇਹ ਗਲਤ ਜਿਹੇ ਕੰਮ ਨੇ-

ਪ੍ਰਤਿਪਾਲੈ ਅਪਿਆਉ ਦੇਇ

ਕਹਿੰਦੇ, ਥੁਆਡੀ ਪ੍ਰਤਿਪਾਲਣਾ ਨਹੀਂ ਕਰਦਾ ਪ੍ਰਮੇਸ਼ਰ? ਥੁਆਨੂੰ ਖਾਣਾ, ਪੀਣਾ, ਕੱਪੜੇ ਨਹੀਂ ਦਿੰਦਾ? ਇੱਕ ਸੰਤ ਦੇ ਪਾਸ, ਇੱਕ ਆਦਮੀ ਆਇਆ, ਉਹ ਕਹਿੰਦਾ, ਜੀ! ਮੈਂ ਬੜਾ ਦੁਖੀ ਆਂ। ਉਹ ਕਹਿੰਦੇ, ਤੇਰੇ ਕੱਪੜੇ ਤਾਂ ਬਹੁਤ ਵਧੀਆ ਨੇ, ਤੈਨੂੰ ਰੋਟੀ ਨਹੀਂ ਮਿਲਦੀ? ਤੈਨੂੰ ਰਹਿਣ ਦੀ ਥਾਂ ਮਿਲੀ ਹੋਈ ਐ। ਫੇਰ ਹੋਰ ਪੁੱਛਿਆ, ਕਹਿੰਦੇ ਤੈਨੂੰ ਤਾਂ ਰੋਟੀ, ਕੱਪੜਾ ਚਾਹੀਦੈ, ਰੱਬ ਦਿੰਦੈਗਾ,

ਹੋਰ ਤੈਂ ਕੀ ਲੈਣੈ? ਏਸ ਕਰਕੇ-

ਪ੍ਰਤਿਪਾਲੈ ਅਪਿਆਉ ਦੇਇ

ਕਹਿੰਦੇ, ਤੇਰੀ ਪ੍ਰਤਿਪਾਲਣਾ ਕਰਦੈ ਪ੍ਰਮੇਸ਼ਰ। ਤੈਨੂੰ ਖਾਣਾ ਪੀਣਾ ਦਿੰਦੈ ਗਾ, ਤੇਰੇ ਸੰਬੰਧੀ ਤੇਰੀ ਸੇਵਾ ਕਰਦੇ ਨੇ, ਉਹ ਵੀ ਉਹਦੇ ਬਣਾਏ ਵੇ ਨੇ, ਇਹਦੀ ਸੇਵਾ ਕਰੋ-

ਕਛੁ ਊਨ ਨ ਹੋਈ ॥

ਕਦੇ ਕੋਈ 'ਊਨ ਨ ਹੋਈ', ਸਭ ਨੂੰ ਰੋਜ ਰੋਟੀ ਮਿਲਦੀ ਹੈ। ਸਭ ਨੂੰ ਸਭ ਕੁੱਛ ਮਿਲਦਾ ਹੈਗਾ, ਪਰ ਪਰਮਾਦ ਹੈ। ਹੁਣ ਸ਼ਰਾਬਾਂ ਤਾਂ ਨਹੀਂ ਰੱਬ ਥੁਆਨੂੰ ਦਏਗਾ ਤੇ ਅਫੀਮਾਂ ਨਹੀਂ ਦਏਗਾ। ਇਹ ਤਾਂ ਤੁਸੀਂ ਲੋਕਾਂ ਨੂੰ ਠੱਗ ਕੇ ਖਾਵੋਂਗੇ, ਐਂ ਨਾ ਸਮਝੋ ਬਈ ਇਹ ਰੱਬ ਨੇ ਤੁਹਾਨੂੰ ਭੇਜਣੀਆਂ ਨੇ, ਐਵੇਂ ਤਾਂ ਨਹੀਂ ਰੱਬ ਥੁਆਨੂੰ ਅਫੀਮਾਂ ਭੇਜ ਦੇਗਾ ਤੇ ਸ਼ਰਾਬਾਂ ਭੇਜ ਦੇਗਾ। ਇਹ ਤਾਂ ਥੁਆਨੂੰ ਰੋਟੀ ਖਾਣ ਨੂੰ ਦਿੰਦੈ। ਕਿੰਨਾਂ ਅੰਨ ਲੱਗਦੈ ਰੋਜ ਦੁਨੀਆਂ ਦੇ ਵਿੱਚ, ਕਦੇ ਮੁਕਦੈ? ਤੇ ਕਿਤਨੇ ਫਲ ਦਿੰਦਾ ਹੈ। ਕਿੰਨਾਂ ਸਭ ਕੁੱਛ ਦਿੰਦੈ। ਇਹ ਸਭ ਕੁੱਛ ਉਹਦਾ ਦਿੱਤਾ ਵਿਐ ਤੇ ਕੁੱਛ ਊਣ ਨਹੀਂ ਓਹਨੇ ਰੱਖੀ। ਥੁਆਨੂੰ ਖਾਣਾ ਪੀਣਾ, ਥੁਆਡੇ ਪ੍ਰਾਣਾਂ ਦਾ ਅਧਾਰ ਦਿੰਦੈ ਪਰ ਤੁਸੀਂ ਓਸ ਪ੍ਰਮੇਸ਼ਰ ਦੇ ਨਾਲ ਨਹੀਂ ਲੱਗਦੇ-

ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥

ਉਹ ਸੁਆਸ ਸੁਆਸ ਥੁਆਨੂੰ ਯਾਦ ਕਰਦੈ, ਕਦੇ ਨਹੀਂ ਥੁਆਨੂੰ ਭੁੱਲਦਾ। ਤੁਸੀਂ ਉਹਨੂੰ ਭੁੱਲ ਜਾਉਂਗੇ, ਰੱਬ ਥੁਆਨੂੰ ਨਹੀਂ ਭੁੱਲਦਾ ਕਦੇ ਵੀ। ਜੇ ਰੱਬ ਭੁੱਲੇ ਤਾਂ ਥੁਆਡੇ ਕਰਮਾਂ ਨੂੰ ਟੈਪ ਕੈਸੇ ਕਰੇ?

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥

(ਪੰਨਾ ੧੪੪)

ਜਿਹੜੀਆਂ ਤੁਸੀਂ ਬੜੀਆਂ ਚਲਾਕੀਆਂ ਕਰਦੇ ਹੋਂ, ਉਹ ਤਾਂ ਉਨ੍ਹਾਂ ਨੂੰ ਵੀ ਦੇਖਦੈ। ਮੈਂ ਕੁਰਾਨ ਸੁਣਦਾ ਰਿਹਾਂ ਤੇ ਖੁਦਾ ਕਹਿੰਦਾ, ਮੈਂ ਤਾਂ ਉਨ੍ਹਾਂ ਨੂੰ ਵੀ ਦੇਖਦਾ ਹਾਂ ਮੁਹੰਮਦ! ਜੇ ਤੈਂ ਵੀ ਇਉਂ ਕੀਤਾ ਤਾਂ ਤੈਨੂੰ ਵੀ ਕਹਿੰਦਾ, ਦੋਜਖ ਵਿੱਚ ਸਿੱਟੂੰਗਾ। ਮੈਂ ਤਾਂ ਤੇਰੇ ਅੰਦਰ ਦੀ

ਸਾਰੀ ਬਾਤ ਜਾਣਦਾਂ ਗਾ। ਇਹ ਤਾਂ ਦੁਨੀਆਂ ਦੀਆਂ ਚਲਾਕੀਆਂ ਨੇ। ਏਸ ਕਰਕੇ, ਉਹ ਤੈਨੂੰ ਸਵਾਸ ਸਵਾਸ ਯਾਦ ਰੱਖਦੈ, ਤੇਰੀ ਪਾਲਣਾ ਕਰਦੈ, ਤੇਰੀ ਪ੍ਰਤਿਪਾਲਾ ਕਰਦੈ। ਉਹ ਐਹਾ ਜਿਹਾ ਦਿਆਲੂ ਐ, ਉਹ ਰਹਿਮ ਦਿਲ ਐ, ਉਹ ਬੜਾ ਦਿਆਲੂ ਐ ਪ੍ਰਮੇਸ਼ਰ–

ਮੇਰਾ ਪ੍ਰਭੁ ਸੋਈ ॥

ਉਹ ਮੇਰਾ ਪ੍ਰਭੂ ਹੈ। ਇਹ ਕੌਣ ਕਹਿੰਦੇ? ਪੰਚਮ ਪਾਤਸ਼ਾਹ। ਪੰਚਮ ਪਾਤਸ਼ਾਹ ਕਹਿੰਦੇ, ਮੇਰਾ ਰੱਬ ਭਾਈ ਐਹਾ ਜਿਹਾ ਹੈ, ਜਿਹੜਾ ਐਹ ਕੰਮ ਕਰਦੈ, ਉਹ ਮੇਰਾ ਰੱਬ ਐ–

ਅਛਲ ਅਛੇਦ ਅਪਾਰ ਪ੍ਰਭ

ਉਹ ਜਿਹੜਾ ਪ੍ਰਭੂ ਐ ਉਹ 'ਅਛਲ' ਐ, ਉਹਨੂੰ ਕੋਈ ਛਲ ਨਹੀਂ ਸਕਦਾ, 'ਅਛੇਦ' ਹੈ। ਉਹ ਪ੍ਰਭੂ ਸਭ ਦਾ ਪ੍ਰੇਰਕ ਹੈ, ਵਿਆਪਕ ਹੈ, ਰਖਸ਼ਕ ਹੈ–

ਊਚਾ ਜਾ ਕਾ ਰੂਪ ॥

ਸਾਰਿਆਂ ਨਾਲੋਂ ਉਹਦਾ ਸਰੂਪ ਬੜਾ ਹੈ, ਅਟੱਲ ਹੈ। ਉਹ ਕਦੇ ਉਤਪਤੀ, ਨਾਸ ਨਹੀਂ ਹੋਇਆ–

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)

ਇਹ ਤਾਂ ਹੁਣ ਥੁਆਡੇ ਸਾਹਮਣੇ ਬਾਤ ਹੈ। ਜੇ ਥੁਆਡਾ ਆਤਮਾ ਅਮਰ ਨਾ ਹੋਵੇ ਤਾਂ ਤੁਸੀਂ ਇੱਕ ਵਾਰ ਜੰਮ ਕੇ ਮਰ ਜਾਉਂ–

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ ਮੀਨ ਕੁਰੰਗਾ ॥ (ਪੰਨਾ ੧੭੬)

ਇਹ ਆਪਣੀ ਭੁੱਲ ਦਾ ਮਾਰਿਆ ਜਨਮਾਂ 'ਚ ਧੱਕੇ ਖਾਂਦਾ ਫਿਰਦੈ, ਆਪਣੀ ਗਲਤੀ ਨਾਲ। ਪ੍ਰਮੇਸ਼ਰ ਦੀ ਬਖਸ਼ਿਸ਼ ਮੇਂ ਕੋਈ ਫਰਕ ਨਹੀਂ–

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਉਹ ਤਾਂ ਬਖਸ਼ਿਸ਼ ਕਰ ਦਿੰਦੈ ਗਾ, ਤੁਸੀਂ ਉਹਦੀ ਬਖਸ਼ਿਸ਼ ਦੇ

ਪਾਤਰ ਬਣੋ ਭਾਈ! ਉਹਦਾ ਨਾਮ ਸਿਮਰਨ ਕਰੋ, ਭਾਣਾ ਮੰਨੋ, ਹੰਕਾਰ ਤਿਆਗ ਦਿਉ, ਉਹ ਤਾਂ ਥੁਆਨੂੰ ਬਖਸ਼ ਦਏਗਾ-

ਜਪਿ ਜਪਿ ਕਰਹਿ ਅਨੰਦੁ ਜਨ

'ਜਪਿ ਜਪਿ' ਕੇ 'ਅਨੰਦੁ' ਕਰਦੇ ਨੇ, ਜਿਨ੍ਹਾਂ ਨੇ ਨਾਮ ਜਪਿਆ। ਕਬੀਰ ਨੇ, ਧੰਨੇ ਨੇ, ਨਾਮਦੇਵ ਨੇ, ਉਹ ਅਨੰਦ 'ਚ ਪਹੁੰਚ ਗੇ। ਉਨ੍ਹਾਂ ਨੂੰ ਅਨੰਦ ਸਰੂਪ ਪ੍ਰਾਪਤ ਹੋ ਗਿਆ-

ਅਚਰਜ ਆਨੂਪੁ ॥

ਉਹ ਪ੍ਰਮੇਸ਼ਰ ਬੜਾ 'ਅਚਰਜ' ਹੈ, ਉਪਮਾ ਉਹਦੀ ਕੋਈ ਨਹੀਂ। ਉਪਮਾ ਤਾਂ ਹੋਵੇ ਜੇ ਦੂਸਰਾ ਪ੍ਰਮੇਸ਼ਰ ਹੋਰ ਹੋਵੇ।ਉਹ ਤਾਂ ਅਨੂਪ ਹੈ, ਅਸਚਰਜ ਹੈ, ਵਿਆਪਕ ਹੈ, ਰਖਸ਼ਕ ਹੈ, ਪਰੀਪੂਰਣ ਹੈ ਤੇ ਬੜਾ ਦਿਆਲੂ ਹੈ-

ਸਾ ਮਤਿ ਦੇਹੁ ਦਇਆਲ ਪ੍ਰਭ

ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ, ਹੇ ਦਿਆਲੂ! ਉਹ 'ਮਤਿ' ਮੈਨੂੰ ਦਿਉ, ਆਪ ਦੀ 'ਮਤਿ' ਦਿੱਤੀ ਹੀ ਮਿਲੇਗੀ। ਕਬੀਰ ਨੇ ਲਿਖਿਐ-

ਕਹਿ ਕਬੀਰ ਬੁਧਿ ਹਰਿ ਲਈ ਮੇਰੀ ਬੁਧਿ ਬਦਲੀ ਸਿਧਿ ਪਾਈ ॥

(ਪੰਨਾ ੩੩੯)

ਕਬੀਰ ਕਹਿੰਦਾ ਉਹ ਪਹਿਲੀ ਬੁੱਧੀ ਮੇਰੀ ਰੱਬ ਨੇ ਖੋਹ ਲੀ। ਅਖੇ ਫੇਰ? ਕਹਿੰਦਾ, ਹੋਰ ਮਤਿ ਦੇ 'ਤੀ-

ਬੁਧਿ ਬਦਲੀ ਸਿਧਿ ਪਾਈ

ਜਦ ਇਹ 'ਬੁਧਿ' ਬਦਲਾਅ 'ਤੀ, ਮੈਨੂੰ ਮੋਕਸ਼ ਦੇ 'ਤੀ। ਐਹੀ ਜਿਹੀ 'ਮਤਿ' ਦਿੱਤੀ ਮੈਨੂੰ ਵਿਆਪਕ ਨਾਲ ਇੱਕ ਹੋਣ ਦੀ, ਮੇਰੀ ਮੋਕਸ਼ ਹੋ ਗੀ। ਕਹਿੰਦਾ, ਆਹ ਉਪਕਾਰ ਕਬੀਰ ਆਂਹਦਾ ਪ੍ਰਮੇਸ਼ਰ ਨੇ ਮੇਰੇ ਤੇ ਕੀਤਾ। ਗੁਰੂ ਸਾਹਿਬ ਕਹਿੰਦੇ, ਉਹ ਮਤਿ ਮੈਨੂੰ ਦਿਉ।'ਸਾ' ਮਹਿਨੇ ਉਹ 'ਮਤਿ' ਦਿਉ ਹੇ ਪ੍ਰਮੇਸ਼ਰ! ਤੇਰੀ ਉਸਤਤੀ ਹੋਵੇ-

ਜਿਤੁ ਤੁਮਹਿ ਅਰਾਧਾ ॥

ਜਿਸ ਕਰਕੇ ਮੈਂ ਥੁਆਨੂੰ ਹੀ ਅਰਾਧਨ ਕਰੂੰ।ਥੁਆਡਾ ਈ ਨਾਮ ਜਪਾਂ, ਥੁਆਡਾ ਹੀ ਧਿਆਨ ਕਰਾਂ, ਥੁਆਡੀ ਆਗਿਆ ਮੰਨਾਂ।ਇਹ 'ਮਤਿ', ਹੇ ਪ੍ਰਮੇਸ਼ਰ! ਮੈਨੂੰ ਬਖਸ਼ਿਸ਼ ਕਰ ਦਿਉ, ਗੁਰੂ ਅਰਜਨ ਦੇਵ ਜੀ ਕਹਿੰਦੇ–

ਨਾਨਕੁ ਮੰਗੈ ਦਾਨੁ ਪ੍ਰਭ

ਇੱਕ 'ਦਾਨੁ' ਗੁਰੂ ਸਾਹਿਬ ਜੀ ਕਹਿੰਦੇ, ਹੇ ਪ੍ਰਭੂ! ਹੇ ਪ੍ਰਮੇਸ਼ਰ ਪਰੀਪੂਰਣ! ਮੈਂ ਇੱਕ 'ਦਾਨੁ' ਆਪ ਤੇ ਮੰਗਦਾਂ–

ਰੇਨ ਪਗ ਸਾਧਾ ॥

ਮੈਂ, ਜਿਹੜੇ ਰੱਬ ਦੇ ਬਖਸ਼ੇ ਵੇ ਨੇ, ਉਨ੍ਹਾਂ ਦੇ ਚਰਨਾਂ ਦੀ ਧੂੜੀ ਹੋ ਜਾਂ। ਬੱਸ, ਜਿਹੜੇ ਰੱਬ ਦੇ ਬਖਸ਼ੇ ਵੇ ਨੇ, ਉਨ੍ਹਾਂ ਦੇ ਚਰਨਾਂ ਦੀ ਧੂੜੀ ਹੋ ਜਾਂ।ਉਹ ਜਿਹੜੇ ਬਖਸ਼ੇ ਹੋਏ ਨੇ, ਉਹ ਮੈਨੂੰ ਵੀ ਬਖਸ਼ਾਅ ਦੇਣਗੇ–

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

(ਪੰਨਾ ੯੬੪)

ਤੇਰੇ ਬਰਾਬਰ ਦਾ, ਗੁਰੂ ਸਾਹਿਬ ਕਹਿੰਦੇ, ਮੈਂ ਕੋਈ ਨਹੀਂ ਦੇਖਿਆ। ਤੂੰ ਮੇਰੇ ਮਨ ਦੇ ਵਿੱਚ ਭਾਅ ਗਿਆ–

ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

ਗੁਰੂ ਅਰਜਨ ਦੇਵ ਕਹਿੰਦੇ, ਗੁਰੂ ਰਾਮਦਾਸ ਮਹਾਰਾਜ ਓਸ ਵਿਚੋਲੇ 'ਰਾਮਦਾਸ ਗੁਰੂ' ਨੇ ਮੈਨੂੰ ਮਿਲਾਇਆ, ਮੈਂ ਉਹਦਾ ਵੀ ਦਾਸ ਹਾਂ। ਮੈਂ ਗੁਰੂ ਰਾਮਦਾਸ ਦਾ ਵੀ ਦਾਸ ਹੈਂਗਾ। ਪ੍ਰਮੇਸ਼ਰ ਦਾ ਤਾਂ ਮੈਂ ਦਾਸ ਹਾਂ ਹੀ। ਉਹ ਤਾਂ ਸਾਰਿਆਂ ਦਾ ਮਾਲਕ ਹੈ। ਮੈਂ, ਗੁਰੂ ਰਾਮਦਾਸ ਸਾਧ ਦੇ ਚਰਨਾਂ ਦੀ ਧੂੜੀ ਮੰਗਦਾਂ ਗਾ–

ਸਾ ਮਤਿ ਦੇਹੁ ਦਇਆਲ ਪ੍ਰਭ ਜਿਤੁ ਤੁਮਹਿ ਅਰਾਧਾ ॥
ਨਾਨਕੁ ਮੰਗੈ ਦਾਨੁ ਪ੍ਰਭ ਰੇਨ ਪਗ ਸਾਧਾ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

ਸਤਿਗੁਰ ਪ੍ਰਸਾਦਿ॥

੫੭

ਸੋਰਠਿ ਮਹਲਾ ੫ ਘਰ ੩ ਦੁਪਦੇ
ਸਤਿਗੁਰ ਪ੍ਰਸਾਦਿ ॥

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥
ਨਿਰਮਲ ਹੋਏ ਕਰਿ ਇਸਨਾਨਾ ॥ ਗੁਰਿ ਪੂਰੈ ਕੀਨੇ ਦਾਨਾ॥ ੧॥
ਸਭਿ ਕੁਸਲ ਖੇਮ ਪ੍ਰਭਿ ਧਾਰੇ ॥
ਸਹੀ ਸਲਾਮਤਿ ਸਭਿ ਥੋਕ ਉਬਾਰੇ ਗੁਰ ਕਾ ਸਬਦੁ ਵੀਚਾਰੇ ॥ ਰਹਾਉ ॥
ਸਾਧਸੰਗਿ ਮਲੁ ਲਾਥੀ ॥ ਪਾਰਬ੍ਰਹਮੁ ਭਇਓ ਸਾਥੀ ॥
ਨਾਨਕ ਨਾਮੁ ਧਿਆਇਆ ॥ ਆਦਿ ਪੁਰਖ ਪ੍ਰਭੁ ਪਾਇਆ ॥

(ਪੰਨਾ ੬੨੫)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ!!

ਸ਼ਬਦ, ਹੁਕਮਨਾਮਾ ਸ੍ਰੀ ਗੁਰੂ ਅਰਜਨ ਦੇਵ ਦੁਆਰਾ ਆਇਐ। ਰੱਬੀ ਬਾਣੀ ਹੈ ਤੇ ਜੀਹਨਾਂ ਦੁਆਰੇ ਹੁਕਮਨਾਮਾ ਆਇਐ, ਉਹ ਵੀ ਰੱਬ ਨੇ–

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥

(ਪੰਨਾ ੧੪੦੯)

ਏਸ ਕਰਕੇ, ਜੋ ਹੁਕਮਨਾਮਾ ਆਇਆ ਹੈ ਓਸ ਦਾ ਵਿਚਾਰ ਜੈਸੇ ਪ੍ਰਮੇਸ਼ਰ ਦੀ ਕਿਰਪਾ ਤੇ ਮੇਰੀ ਬੁੱਧੀ ਕਰੇਗੀ, ਵੈਸੇ ਕਰਾਂਗੇ–

ਸੋਰਠਿ ਮਹਲਾ ੫ ॥

ਸੋਰਠਿ ਰਾਗ ਦੇ ਵਿੱਚ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਮਹਾਰਾਜ ਕਥਨ ਕਰਦੇ ਨੇ-

ਘਰ ੩ ਦੁਪਦੇ

ਇਹ ਤੀਸਰੀ ਤਾਰ ਦੇ ਵਿੱਚ ਗਾਉਣੈ ਗਾ,ਦੋ ਪਦਾਂ ਦਾ ਸ਼ਬਦ ਐ-

ਸਤਿਗੁਰ ਪ੍ਰਸਾਦਿ ॥

ਇੱਕ ਜੋ ਪ੍ਰਮੇਸ਼ਰ ਹੈ, ਉਹ ਸਤਿਗੁਰੂ ਦੀ ਕਿਰਪਾ ਤੇ ਈ ਪ੍ਰਾਪਤ ਹੁੰਦੈ-

ਰਾਮਦਾਸ ਸਰੋਵਰਿ ਨਾਤੇ ॥

ਆਪ ਨੂੰ ਏਸ ਬਾਤ ਦਾ ਪਤੈ ਗਾ-

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਜਦ ਪ੍ਰਮੇਸ਼ਰ ਦੀ, ਗੁਰੂ ਦੀ ਪੂਰਨ ਕਿਰਪਾ ਹੁੰਦੀ ਐ ਤਾਂ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਪ੍ਰਮੇਸ਼ਰ ਦਾ ਪ੍ਰਤਿਅਕਸ਼ ਹੁੰਦੈ ਗਾ।ਪ੍ਰਮੇਸ਼ਰ ਵਿਆਪਕ ਹੈ, ਪਰੀਪੂਰਣ ਹੈ, ਸਭ ਦਾ ਆਪਾ ਹੈ ਜੀਹਨੂੰ 'ਆਤਮਾ' ਕਹਿੰਦੇ ਨੇ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

(ਪੰਨਾ ੪੨੧)

ਆਪਣੇ ਆਪ ਨੂੰ ਜਾਣਨੇ ਸੇ ਪ੍ਰਮੇਸ਼ਰ ਪ੍ਰਾਪਤ ਹੋ ਜਾਂਦੈ ਗਾ। ਕਿਉਂ ? ਇਹ ਤਾਂ ਤੁਸੀਂ ਕਹਿ ਨਹੀਂ ਸਕਦੇ ਬਈ ਪ੍ਰਮੇਸ਼ਰ ਦੋ ਹਨ ਤੇ ਇਹ ਵੀ ਨਹੀਂ ਕਹਿ ਸਕਦੇ ਬਈ ਉਹ ਇੱਕ ਪੂਰਣ ਨਹੀਂ-

ਆਦਿ ਪੂਰਨ ਮਧਿ ਪੂਰਨ ਅੰਤਿ ਪੂਰਨ ਪਰਮੇਸੁਰਹ ॥
ਸਿਮਰੰਤਿ ਸੰਤ ਸਰਬਤ੍ਰ ਰਮਣੰ ਨਾਨਕ ਅਘ ਨਾਸਨ ਜਗਦੀਸੁਰਹ ॥
ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥

ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥

(ਪੰਨਾ ੨੯੫)

ਪੂਰਨ ਪ੍ਰਭੂ ਦਾ, ਪੂਰਨ ਪ੍ਰਮੇਸ਼ਰ ਦਾ, ਜਦ ਇਹ (ਜੀਵ) ਪੂਰਨ ਦੇ ਨਾਲ ਇੱਕ ਹੋ ਜਾਂਦੈ, ਤਦ ਹੰਕਾਰ ਦੀ ਨਵਿਰਤੀ ਹੋ ਜੂ।ਹੰਕਾਰ ਦੀ ਨਵਿਰਤੀ ਸੇ, ਤ੍ਰਿਸ਼ਨਾ ਆਦੀ ਜਿਤਨੇ ਰੋਗ ਨੇ, ਉਹ ਸਾਰੇ ਦੂਰ ਹੋ ਜਾਂਦੇ ਨੇ। ਏਸ ਕਰਕੇ, ਏਕੰਕਾਰ ਜੋ ਪ੍ਰਮੇਸ਼ਰ ਹੈ, ਜਦ ਪੂਰਨ ਗੁਰੂ ਦੀ ਦਇਆ, ਮਿਹਰ ਹੁੰਦੀ ਐ ਤਾਂ ਇਹਨੂੰ ਉਹ ਪ੍ਰਾਪਤ ਹੁੰਦੈ ਗਾ-

ਰਾਮਦਾਸ ਸਰੋਵਰਿ ਨਾਤੇ ॥ ਸਭਿ ਉਤਰੇ ਪਾਪ ਕਮਾਤੇ ॥

ਆਪ ਨੂੰ ਪਤੈ, ਭਾਈ ਬਹਿਲੋ ਕਹਾਂ ਜੰਗਲ ਦੇਸ਼ ਮੇਂ ਬੈਠਾ ਸੀ ਪਰ ਉਹਦੀ ਬੁੱਧੀ ਮਾਇਆ ਦੇ ਵਿੱਚ ਆ ਕੇ, ਕੁੱਛ ਇਸਥਿਤ ਨਹੀਂ ਸੀ ਰਹੀ। ਉਹ, ਗੁਰੂ ਦੀ ਸੇਵਾ ਕਰਦਾ ਆਇਆ ਸੀ ਪਿਛਲੇ ਜਨਮਾਂ ਤੇ। ਤੇ ਗੁਰੂ ਤਾਂ ਇੱਕੋ ਈ 'ਜੋਤਿ' ਹੁੰਦੈ-

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥

(ਪੰਨਾ ੧੪੦੮)

ਇਹ ਇੱਕੋ ਈ 'ਜੋਤਿ' ਜੋ ਹੁੰਦੀ ਐ, ਓਸ ਦੀ ਸਰਬੱਗਤਾ ਹੁੰਦੀ ਐ। ਉਹ ਪੂਰਨ ਸਰਬੱਗ 'ਜੋਤਿ' ਹੁੰਦੀ ਐ, ਈਸ਼ਰ ਮੇਂ ਕਦੇ ਅਲਪੱਗਤਾ ਆਈ ਨਹੀਂ। 'ਭਾਈ ਕੇ ਫਫੜੇ' ਉਹਨੂੰ (ਓਸ ਪਿੰਡ ਨੂੰ) ਹੁਣ ਬੋਲਦੇ ਨੇ ਤੇ ਪਹਿਲਾਂ ਉਹਦਾ ਨਾਉਂ ਫਫੜੇ ਸੀ। ਓਸ ਜਗ੍ਹਾ ਦਾ ਇਹ (ਭਾਈ ਬਹਿਲੋ) ਨੰਬਰਦਾਰ ਹੋ ਗਿਆ, ਮੁਸਲਮਾਨਾਂ ਨੇ ਇਹਨੂੰ ਇੱਕ ਖੂੰਡੀ ਦੇ 'ਤੀ। ਆਪਣੇ ਵਿਹੜੇ ਵਿੱਚ ਇਹਨੇ ਇੱਕ ਥੜ੍ਹਾ ਅਸਥਾਪਨ ਕਰ ਲਿਆ ਜੀਹਦੇ ਉੱਤੇ ਬੈਠਕੇ ਉਹ ਲੋਕਾਂ ਨੂੰ ਵਰ ਦਿੰਦਾ ਹੁੰਦਾ ਸੀ। ਪਰ ਉਹਦੇ ਉੱਤੇ ਗੁਰੂ ਦੀ ਕਿਰਪਾ ਹੋਈ ਵੀ ਸੀ। ਮਾਇਆ ਦਾ ਝੋਲਾ ਆਇਆ, ਉਨ੍ਹਾਂ ਦਾ ਉਹ ਵਿਰੋਧੀ ਸੇਵਕ ਹੋ ਗਿਆ। ਜਦ ਗੁਰੂ ਸਾਹਿਬ ਨੇ ਇਹ ਨਿਯਮ ਕੀਤਾ ਬਈ ਹਰਿਮੰਦਰ ਸਾਹਿਬ ਅਸਥਾਪਨ ਕਰਕੇ, ਬਣਾ ਕੇ, ਇਹਦੇ ਵਿੱਚ ਗੁਰੂ ਗ੍ਰੰਥ ਸਾਹਿਬ ਅਸਥਾਪਨ ਕਰਨੈ, ਸਾਰੀ ਵਿਧੀ ਕਰਨੀ ਐਂ।

ਭਾਈ ਬਹਿਲੋ ਨੇ ਬੜੀ ਸੇਵਾ ਕੀਤੀ ਤੇ ਉਹਦੇ ਤੇ ਕ੍ਰਿਪਾ ਹੋ ਗਈ। ਕਹਿੰਦਾ,ਅਸੀਂ ਪਾਣੀ ਬਿਨਾਂ, ਜਲ ਬਿਨਾਂ, ਬੜੇ ਦੁਖੀ ਸੇ ਤੇ ਸਾਡਾ ਸਾਰਾ ਪਿੰਡ ਮਾਲ ਡੰਗਰ ਸਭ ਸੁਖੀ ਹੋ ਗਏ। ਤੇ ਹੁਣ ਤਲਾਅ ਬਣਿਆ ਹੋਇਐ। ਲੋਕ ਓਥੇ ਇਸ਼ਨਾਨ ਕਰਦੇ ਨੇ, ਸੁੱਕੇ ਬੱਚਿਆਂ ਦੇ (ਇਸ਼ਨਾਨ) ਕਰਾਉਂਦੇ ਨੇ। ਇਹ ਇੱਕ ਬੜਾ ਮਹਾਤਮ ਜਗ੍ਹਾ ਹੋ ਗਈ। ਏਸ ਕਰਕੇ, ਸੇਵਾ ਕਰਨ ਵਾਲਾ ਵੀ ਨਿਹਾਲ ਹੋ ਗਿਆ। ਜਿਹੜਾ ਓਥੇ ਸ਼ਰਧਾ ਦੇ ਨਾਲ, ਪੂਰੀ ਸ਼ਰਧਾ ਨਾਲ ਨ੍ਹਾਏਗਾ, ਉਹਦੇ ਵੀ ਪਾਪ ਉੱਤਰ ਜਾਣਗੇ, ਕੋਈ ਬੜੀ ਬਾਤ ਨਹੀਂ। ਪ੍ਰਵਕਤਾ ਦਾ ਤਾਤਪਰਜ ਜਿਹੜਾ ਹੈ, ਉਹ ਹੋਰ ਕੁੱਛ ਹੈ ਤੇ ਨਾਮ ਸੇ ਨਾਮੀ ਪ੍ਰਾਪਤ ਹੁੰਦੈ ਤੇ ਸ਼ਬਦ ਦੇ ਅੰਤ ਮੇਂ ਜਾ ਕੇ ਦੱਸ 'ਤਾ ਬਈ ਐਂ ਨਾਮ ਧਿਆ ਕੇ ਨਾਮੀ ਪ੍ਰਾਪਤ ਹੋਇਆ ਤੇ ਨਾਮ ਮੁੱਖ ਹੈ–

ਸੁਣਿਆ ਮੰਨਿਆ ਮਨਿ ਕੀਤਾ ਭਾਉ ॥
ਅੰਤਰਗਤਿ ਤੀਰਥਿ ਮਲਿ ਨਾਉ ॥ (ਪੰਨਾ ੪)

'ਅੰਤਰਗਤਿ ਤੀਰਥਿ' ਦੇ ਵਿੱਚ ਜੀਵ ਉਦੋਂ ਨ੍ਹਾਉਂਦੈ ਗਾ, ਜਦੋਂ ਇਹਦੀ ਬੁੱਧੀ ਦੀ ਮੈਲ ਸਾਰੀ ਉੱਤਰ ਜਾਂਦੀ ਐ ਪਰ ਸ਼ਰਤ ਇਹ ਹੈ ਬਈ ਇਹਦੀ ਪੂਰਨ ਸ਼ਰਧਾ ਹੋਵੇ, ਇਹਦੇ ਸ਼ਰਧਾ, ਵਿਸਵਾਸ਼ 'ਚ ਕੋਈ ਫਰਕ ਨਾ ਹੋਵੇ–

ਜਾ ਕੈ ਰਿਦੈ ਬਿਸ੍ਵਾਸੁ ਪ੍ਰਭ ਆਇਆ
ਤਤੁ ਗਿਆਨੁ ਤਿਸੁ ਮਨਿ ਪ੍ਰਗਟਾਇਆ ॥ (ਪੰਨਾ ੨੮੫)

ਜੀਵ ਦਾ ਵਿਸਵਾਸ਼ ਨਹੀਂ ਹੁੰਦਾ। ਸ਼ਰਧਾ ਵਿਸਵਾਸ਼ ਹੋ ਜੈ ਤਾਂ ਪ੍ਰਮੇਸ਼ਰ ਤਾਂ ਦੂਰ ਨਹੀਂ, ਵਿਆਪਕ ਹੈ। ਇਹਦੀ ਬੁੱਧੀ ਦੇ ਵਿੱਚ ਬੈਠੈ, ਇਹਦੀ ਬਿਰਤੀ ਦੇ ਵਿੱਚ ਬੈਠ ਕੇ ਬਿਰਤੀ ਦਾ ਪ੍ਰਕਾਸ਼ ਕਰਦੈ। ਇਹਦੇ ਮਨ ਦੇ ਵਿੱਚ ਬੈਠ ਕੇ ਮਨ ਦਾ ਪ੍ਰਕਾਸ਼ ਕਰਦੈ। ਏਸ ਕਰਕੇ, ਪ੍ਰਮੇਸ਼ਰ ਅੰਤਰਜਾਮੀ ਐਂ, ਓਹ ਸਾਰੀ ਦੁਨੀਆਂ ਦਾ ਰਾਖੈਗਾ–

ਰਾਖਾ ਏਕੁ ਹਮਾਰਾ ਸੁਆਮੀ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਉਹ ਸਾਰਿਆਂ ਦੇ ਹਿਰਦਿਆਂ ਦਾ ਅੰਤਰਜਾਮੀ ਹੈ। ਉਹ ਕਿਤੇ

ਦੂਰ ਨਹੀਂ ਹੈ, ਉਹ ਇਹਦਾ ਆਪੈ ਗਾ। ਇਹਨੂੰ ਦ੍ਰਸ਼ਟਾ ਕਹਿੰਦੇ ਨੇ, ਸਾਖਸ਼ੀ ਕਹਿੰਦੇ ਨੇ, ਦਾਨਾ-ਬੀਨਾ ਕਹਿੰਦੇ ਨੇ, ਪਾਰਖ ਕਹਿੰਦੇ ਨੇ। ਏਹੀ ਇਹਦਾ ਮਤਲਬ ਹੈ ਬਈ ਕਿਸੇ ਵਕਤ ਇਹਨੂੰ ਕੁੱਛ ਭਿਣਕ ਓਧਰਲੀ ਪੈ ਜਾਵੇ, ਇਹ ਓਸ ਦੇਸ਼ ਮੇਂ ਚਲਿਆ ਜਾਵੇ-

ਉਹ ਰਸੁ ਪੀਆ ਇਹ ਰਸੁ ਨਹੀ ਭਾਵਾ ॥ (ਪੰਨਾ ੩੪੨)

ਜਦ ਏਸ ਨੂੰ, ਉਹ ਰਸ ਪ੍ਰਾਪਤ ਹੋ ਗਿਆ, ਇਹ ਰਸ, ਏਸ ਨੂੰ ਨਹੀਂ ਭਾਏਗਾ। ਏਸ ਕਰਕੇ, ਉਹ ਪ੍ਰਮੇਸ਼ਰ ਦੇ ਪਿਆਰੇ ਜੋ ਵੀ ਓਥੇ ਇਸ਼ਨਾਨ ਕਰਨਗੇ, ਉਹ ਗੁਰੂ ਈਸ਼ਰ ਨੇ ਆਪ ਤੀਰਥ ਬਣਾਇਆ। ਏਸੇ ਕਰਕੇ ਬਣਾਇਆ ਬਈ ਜੋ ਸ਼ਰਧਾ ਭਗਤੀ ਨਾਲ ਇਸ਼ਨਾਨ ਕਰੇਂਗੇ ਤਾਂ ਉਨ੍ਹਾਂ ਦਾ ਕਲਿਆਣ ਹੋਏਗਾ। ਅਸੀਂ ਇੱਕ ਜਗ੍ਹਾ ਸੰਤਾਂ ਕੋਲ ਗਏ। ਉਹ ਸੰਤ ਬੜੇ ਚੰਗੇ ਸੇ। ਉਨ੍ਹਾਂ ਨੇ ਜੋ ਕੁੱਛ ਓਥੇ ਕੀਆ, ਪੁੰਨ ਤੇ ਇਸ਼ਨਾਨ ਕਰਨਾ, ਹੋਰ ਕਰਨਾ। ਇਹਦੇ ਵਿੱਚ ਇੱਕੋ ਈ ਗੱਲ ਉਨ੍ਹਾਂ ਨੇ ਇਹ ਕਹੀ ਬਈ ਭਾਈ ਇਸ਼ਨਾਨ ਬਾਹਰ ਕਰਨੈ। ਪਵਿੱਤ੍ਰ ਹੋ ਕੇ, ਫੇਰ ਬੜੀ ਪਵਿੱਤ੍ਰਤਾ ਨਾਲ ਇਸ਼ਨਾਨ ਕਰਨੈ, ਐਸ ਵਿਧੀ ਨਾਲ ਕਰਨੈ ਤੇ ਉਨ੍ਹਾਂ ਨੂੰ ਸ਼ਰਧਾ ਬਹੁਤ ਸੀ ਤੇ ਏਸ ਸਰੋਵਰ ਦੇ ਵਿੱਚ ਜੋ ਨ੍ਹਾਏਗਾ, ਓਸ ਦੇ ਪਾਪ ਦੂਰ ਹੋ ਜਾਏਂਗੇ-

ਰਾਮਦਾਸ ਸਰੋਵਰਿ ਨਾਤੇ ॥

ਜੋ ਵੀ ਗੁਰੂ ਰਾਮਦਾਸ ਦੇ ਸਰੋਵਰ ਮੇਂ ਨ੍ਹਾਏਂਗੇ। ਕਿਉਂ? ਟੱਕ (ਟੱਪਾ) ਗੁਰੂ ਰਾਮਦਾਸ ਜੀ ਨੇ ਲਾਇਆ ਸੀ, ਗੁਰੂ ਅਮਰਦੇਵ ਨੇ ਭੇਜਿਆ ਸੀ, ਇਹ ਇਤਿਹਾਸ ਹੈ। ਗੁਰੂ ਰਾਮਦਾਸ ਜੀ ਦੇ ਸਰੋਵਰ ਵਿੱਚ ਜੋ ਵੀ ਇਸ਼ਨਾਨ ਕਰੇਗਾ-

ਸਭਿ ਉਤਰੇ ਪਾਪ ਕਮਾਤੇ ॥

ਉਨ੍ਹਾਂ ਦੇ ਪਾਪ ਦੂਰ ਹੋ ਜਾਣਗੇ, ਉਨ੍ਹਾਂ ਦੀ ਬੁੱਧੀ ਸ਼ੁੱਧ ਹੋਜੇਗੀ-

ਨਿਰਮਲ ਹੋਏ ਕਰਿ ਇਸਨਾਨਾ ॥

ਭਾਈ, ਸ਼ੁੱਧ ਹੋਕੇ ਇਸ਼ਨਾਨ ਕਰਨੈ, ਅੰਦਰੋਂ ਪੂਰਨ ਸ਼ਰਧਾ ਵਿਸ਼ਵਾਸ਼, ਬਾਹਰੋਂ ਪੂਰਨ ਸ਼ੁੱਧੀ ਕਰਕੇ, ਇਸ਼ਨਾਨ ਕਰਕੇ ਵਿਧੀ ਪੂਰਬਕ, ਫੇਰ ਇਸ਼ਨਾਨ ਕਰਨੈ-

ਗੁਰਿ ਪੂਰੈ ਕੀਨੇ ਦਾਨਾ ॥

ਇਹ ਗੁਰੂ, ਪੂਰਨ ਗੁਰੂ ਰਾਮਦਾਸ ਦਾਨ ਕਰ ਗਏ ਨੇ ਬਈ ਜੋ ਏਥੇ ਇਸ਼ਨਾਨ ਕਰੇਗਾ, ਉਹਦੇ ਪਾਪ ਨਾਸ ਹੋ ਜਾਏਂਗੇ, ਬੜਾ ਭਾਰੀ ਦਾਨ ਕੀਤਾ–

ਸਭਿ ਕੁਸਲ ਖੇਮ ਪ੍ਰਭਿ ਧਾਰੇ ॥

ਤੇ ਸਾਰੇ ਕੁਸ਼ਲ ਤੇ ਖੇਮ ਕਲਿਆਣ ਧਾਰੇ, ਜੋ ਪ੍ਰਭੂ ਦੇ ਏਸ ਤਲਾਅ ਵਿੱਚ ਇਸ਼ਨਾਨ ਕਰੇਗਾ, ਪੂਰਨ ਸ਼ਰਧਾ ਨਾਲ–

ਸਹੀ ਸਲਾਮਤਿ ਸਭਿ ਥੋਕ ਉਬਾਰੇ

ਸਾਡੇ ਜਿੰਨੇ 'ਥੋਕ' ਜੋ ਵਸਤੂ, ਸਹੀ ਸਲਾਮਤ 'ਉਬਾਰੇ' ਬਚਾ ਲਏ, ਜੋ ਸਾਨੂੰ ਵਰ ਦਿੱਤੇ ਸੇ, ਉਹ ਪੂਰੇ ਹੋ ਗਏ–

ਗੁਰ ਕਾ ਸਬਦੁ ਵੀਚਾਰੇ ॥ ਰਹਾਉ॥

ਪਰ ਗੁਰੂ ਦੇ ਸ਼ਬਦ ਦਾ ਵਿਚਾਰ ਕਰੋ। ਗੁਰੂ ਦਾ ਸ਼ਬਦ ਜੋ ਹੁੰਦੈ, ਉਹ ਮਨ ਨੂੰ ਪਕੜ ਕਰਕੇ, ਨਾਮੀ ਦੇ ਨਾਲ ਮੇਲ ਦਿੰਦੈ।ਸ਼ਬਦ ਹੁੰਦਾ ਹੈ 'ਨਾਮੁ' ਪ੍ਰਮੇਸ਼ਰ ਦਾ ਤੇ ਜਦ ਨਾਮ ਦੇ ਨਾਲ –

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਜਦ ਨਾਮ ਦੇ ਨਾਲ ਇਹਦਾ ਮਨ, ਮੰਨ ਗਿਆ ਤਾਂ ਨਾਮੀ ਦੇ ਨਾਲ ਇਹ ਇੱਕ ਹੋ ਗਿਆ ਤੇ ਏਸ ਦੀ ਮੋਕਸ਼ ਹੋ ਜਾਏਗੀ–

ਸਾਧਸੰਗਿ ਮਲੁ ਲਾਥੀ ॥

ਇਹ ਸੰਤਾਂ ਦੇ ਸੰਗ ਕਰਕੇ, ਗੁਰੂ ਰਾਮਦਾਸ ਮਹਾਰਾਜ ਜੀ ਦੇ ਸੰਗ ਕਰਕੇ, ਗੁਰੂ ਸਾਹਿਬ ਕਹਿੰਦੇ, ਸਾਡੀ ਸਾਰੀ ਮੈਲ ਲਹਿ ਗੀ ਤੇ ਜੋ ਪੂਰਣ ਸ਼ਰਧਾ ਨਾਲ 'ਸੰਗਿ' ਕਰੇਗਾ, ਉਹਦੀ ਵੀ ਮੈਲ ਦੂਰ ਹੋਜੇਗੀ। ਸਭ ਸੇ ਬੜੀ ਮੈਲ 'ਹੰਕਾਰ' ਦੀ ਹੁੰਦੀ ਐ, ਓਸ ਦੇ ਮਗਰੋਂ ਪਾਪਾਂ ਦੀ ਹੁੰਦੀ ਹੈ। ਮੈਲਾਂ ਬੜੀਆਂ ਲਿਖੀਆਂ ਨੇ। ਜਿੰਨਾਂ ਚਿਰ ਹੰਕਾਰ ਦੀ ਮੈਲ, ਜੀਵ ਦੇ ਅੰਦਰੋਂ ਨਾ ਜਾਵੇ, ਓਹਨੇ ਉਹਦਾ ਕੁੱਛ ਨਹੀਂ ਕਰਨਾ। ਏਸ ਕਰਕੇ, ਉਹ ਸੰਤਾਂ ਦੇ ਸੰਗ ਨਾਲ, ਗੁਰੂ ਰਾਮਦਾਸ ਮਹਾਰਾਜ ਦੇ ਸੰਗ ਨਾਲ, ਸਾਡੀ ਮੈਲ ਲਹਿ ਗਈ ਐ।

ਆਪ ਹੀ ਗੁਰੂ ਸਾਹਿਬ ਨੇ ਕਥਨ ਕੀਤੈ ਗਾ–

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥

ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਇਹ 'ਸੰਤ' ਦੇ 'ਸੰਗਿ' ਨਾਲ ਅਸੀਂ ਆਪਣੇ ਅੰਦਰ ਪ੍ਰਮੇਸ਼ਰ ਦੇਖਿਆ।ਓਸ ਨਾਮ ਨੇ ਸਾਨੂੰ ਨਾਮੀ ਦੇ ਨਾਲ ਮਿਲਾ 'ਤਾ। ਏਸ ਕਰਕੇ ਭਾਈ, ਸੰਤਾਂ ਦੇ ਸੰਗ ਨਾਲ ਪ੍ਰਮੇਸ਼ਰ ਪ੍ਰਾਪਤ ਹੋ ਜਾਂਦੈ–

ਪਾਰਬ੍ਰਹਮੁ ਭਇਓ ਸਾਥੀ ॥

ਹੁਣ ਅਸੀਂ ਪਾਰਬ੍ਰਹਮ ਦੇ ਸਾਥੀ ਹੋ ਗੇ।ਹੁਣ ਸਾਡਾ ਮਨ, ਹੁਣ ਸਾਡੀ ਪਾਰਬ੍ਰਹਮ ਦੇ ਨਾਲ ਲਿਵ ਲੱਗ ਗੀ, ਇੱਕ ਹੋ ਗਿਆ। ਹੁਣ ਅਸੀਂ ਪ੍ਰਮੇਸ਼ਰ ਦੇ ਸਾਥੀ ਹੋ ਗੇ। ਹੁਣ ਦੁਨੀਆਂ ਦਾ ਸੰਗ ਸਾਡਾ ਕੋਈ ਨਹੀਂ ਰਿਹਾ। ਹੁਣ ਅਸੀਂ ਪ੍ਰਮੇਸ਼ਰ ਦੇ ਸਾਥੀ ਹੋ ਗੇ–

ਨਾਨਕ ਨਾਮੁ ਧਿਆਇਆ ॥

ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਜੋ ਸਾਨੂੰ ਨਾਮ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ ਨੇ ਬਖਸ਼ਿਆ, ਉਹ ਅਸੀਂ ਧਿਆਇਆ।ਧਿਆਨ ਤੇ ਸਿਮਰਨ ਇੱਕ ਹੁੰਦੈ, ਇਹ ਨਿਯਮ ਐ ਇੱਕ। ਜਿੰਨਾਂ ਚਿਰ ਥੁਆਡਾ ਧਿਆਨ ਨਹੀਂ ਹੋਊ, ਓਨਾਂ ਚਿਰ ਥੁਆਡਾ ਸਿਮਰਨ ਨਹੀਂ ਚਲਦਾ, ਚਾਹੇ ਤੁਸੀਂ ਜੋਰ ਲਾ ਲਿਉ। ਕਾਜੀ ਦਾ ਨਾ ਚੱਲ ਗਿਆ, ਤੇ ਪਠਾਣ ਦਾ ਨਾ ਚੱਲ ਗਿਆ। ਜਦ ਤੱਕ ਥੁਆਡਾ ਧਿਆਨ ਓਥੇ ਨਹੀਂ ਟਿਕੇਗਾ, ਓਨਾਂ ਚਿਰ ਥੁਆਡਾ ਸਿਮਰਨ ਨਹੀਂ ਚੱਲੇਗਾ। ਓਸ ਗੁਰੂ ਦੀ ਕਿਰਪਾ, ਸ੍ਰੀ ਗੁਰੂ ਰਾਮਦਾਸ ਦੀ ਕਿਰਪਾ ਦੇ ਨਾਲ, ਅਸੀਂ ਨਾਮ ਧਿਆਇਆ–

ਆਦਿ ਪੁਰਖ ਪ੍ਰਭੁ ਪਾਇਆ ॥

ਜਿਹੜਾ ਸਾਰਿਆਂ ਦਾ 'ਆਦਿ ਪੁਰਖ', ਪਰੀਪੂਰਣ ਪ੍ਰਮੇਸ਼ਰ ਸੀ, ਸ੍ਰੀ ਗੁਰੂ ਅਰਜਨ ਦੇਵ ਜੀ ਕਹਿੰਦੇ, ਉਹ ਅਸੀਂ ਪਾ ਲਿਆ।

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

ਸਤਿਗੁਰ ਪ੍ਰਸਾਦਿ॥

੫੮

ਸੋਰਠਿ ਮਹਲਾ ੫ ॥

ਗੁਰਿ ਪੂਰੈ ਪੂਰੀ ਕੀਨੀ ॥ ਬਖਸ ਅਪੁਨੀ ਕਰਿ ਦੀਨੀ ॥
ਨਿਤ ਅਨੰਦ ਸੁਖ ਪਾਇਆ ॥ ਥਾਵ ਸਗਲੇ ਸੁਖੀ ਵਸਾਇਆ॥ ੧॥
ਹਰਿ ਕੀ ਭਗਤਿ ਫਲ ਦਾਤੀ ॥
ਗੁਰਿ ਪੂਰੈ ਕਿਰਪਾ ਕਰਿ ਦੀਨੀ ਵਿਰਲੈ ਕਿਨ ਹੀ ਜਾਤੀ ॥ ਰਹਾਉ॥
ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥
ਨਾਨਕ ਨਾਮੁ ਧਿਆਇਆ ॥ ਪੂਰਬਿ ਲਿਖਿਆ ਪਾਇਆ॥ ੨॥ ੧੭॥

(ਪੰਨਾ ੬੨੮)

ਸਾਰੀ ਸੰਗਤ ਕਿਰਪਾ, ਦਇਆ, ਮਿਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ!!

ਧਰਨਿ ਗਗਨ ਨਵ ਖੰਡ ਮਹਿ ਜੋਤਿ ਸ੍ਵਰੂਪੀ ਰਹਿਓ ਭਰਿ ॥
ਭਨਿ ਮਥੁਰਾ ਕਛੁ ਭੇਦੁ ਨਹੀ ਗੁਰੁ ਅਰਜੁਨੁ ਪਰਤਖ੍ਯ ਹਰਿ ॥

(ਪੰਨਾ ੧੪੦੯)

ਸ੍ਰੀ ਗੁਰੂ ਅਰਜਨ ਦੇਵ, ਪੰਚਮ ਗੁਰੂ ਨਾਨਕ ਦੁਆਰੇ, ਇਹ ਸ਼ਬਦ ਆਇਐ ਗਾ ਰੱਬੀ ਬਾਣੀ ਦਾ, ਓਸ ਦੀ ਵਿਆਖਿਆ ਕਰਦੇ ਆਂ। ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ–

ਸੋਰਠਿ ਮਹਲਾ ੫ ॥

ਸੋਰਠ ਰਾਗ ਦੇ ਵਿੱਚ ਪੰਚਮ ਪਾਤਸ਼ਾਹ ਮਹਾਰਾਜ ਕਥਨ ਕਰਦੇ ਨੇ–

ਗੁਰਿ ਪੂਰੈ ਪੂਰੀ ਕੀਨੀ ॥

ਪੂਰੇ ਗੁਰੂ ਰਾਮਦਾਸ ਮਹਾਰਾਜ ਨੇ ਮੇਰੀ ਸਾਰੀ ਬਾਤ ਪੂਰੀ ਕਰ 'ਤੀ, ਕੋਈ ਬਾਕੀ ਨਹੀਂ ਛੱਡੀ ਹੈ-

ਬਖਸ ਅਪੁਨੀ ਕਰਿ ਦੀਨੀ ॥

ਗੁਰ ਜੋਤਿ ਅਰਜੁਨ ਮਾਹਿ ਧਰੀ ॥ (ਪੰਨਾ ੧੪੦੯)

ਆਪਣੀ ਬਖਸ਼ਿਸ਼ ਪੂਰੀ ਕਰ 'ਤੀ, ਹੁਣ ਉਹ 'ਜੋਤਿ' ਗੁਰੂ ਅਰਜਨ ਦੇਵ ਦੇ ਵਿੱਚ ਰੱਖ 'ਤੀ। ਦੁਨਿਆਵੀ ਤੌਰ ਤੇ ਤਾਂ ਪਿਰਥੀਏ ਦਾ ਹੱਕ ਸੀ, ਬੜਾ ਸੀ। ਮਹਾਂਦੇਵ ਛੋਟਾ ਸੀ ਪਰ ਈਸ਼ਰੀ ਹੁਕਮ ਨਹੀਂ ਸੀਗਾ। ਏਸ ਕਰਕੇ, ਪੂਰਣ ਗੁਰੂ ਨੇ ਮੇਰੇ ਤੇ ਪੂਰੀ ਕਿਰਪਾ ਕਰਕੇ, ਮੇਰੇ ਸਾਰੇ ਕਾਰਜ, ਗੁਰੂ ਅਰਜਨ ਦੇਵ ਕਹਿੰਦੇ, ਪੂਰੇ ਕਰ 'ਤੇ, ਗੁਰੂ ਰਾਮਦਾਸ ਨੇ-

ਨਿਤ ਅਨੰਦ ਸੁਖ ਪਾਇਆ ॥

ਉਹ ਜਿਹੜਾ 'ਨਿਤ ਅਨੰਦ' ਹੈ ਆਤਮ-ਅਨੰਦ, ਉਹ 'ਸੁਖ ਪਾਇਆ', ਆਤਮ-ਸੁੱਖ ਪ੍ਰਾਪਤ ਹੋ ਗਿਆ। ਹੁਣ ਮੈਨੂੰ ਉਹ ਪੂਰਣ-ਸੁੱਖ ਪ੍ਰਾਪਤ ਹੋ ਗਿਆ ਪਰ ਗੁਰੂ ਤੇ ਬਿਨਾਂ ਹੋਰ ਕਿਸੇ ਕੋਲੋਂ ਮਿਲਦਾ ਵੀ ਨਹੀਂ ਹੈ-

ਥਾਵ ਸਗਲੇ ਸੁਖੀ ਵਸਾਇਆ ॥

ਸਾਰੇ ਥਾਈਂ ਹੁਣ ਮੈਂ ਸੁਖੀ ਵਸ ਗਿਆ। ਅੰਮ੍ਰਿਤਸਰ ਤੀਰਥ ਬਣ ਗਿਆ, ਤਰਨ ਤਾਰਨ ਬਣ ਗਿਆ ਤੇ ਇੱਕ ਉਨ੍ਹਾਂ ਨੇ ਹੁਕਮ ਦਿੱਤਾ ਸੀ ਬਈ ਕਰਤਾਰਪੁਰ ਬੰਨ੍ਹਣਾ, ਉਹ ਵੀ ਹੋ ਗਿਆ। ਗੁਰੂ ਗ੍ਰੰਥ ਸਾਹਿਬ ਦੀ ਬੀੜ ਬੱਝ ਗੀ। ਸਾਰਾ ਕੁੱਛ ਮੇਰਾ ਪੂਰਨ ਹੋ ਗਿਆ, ਸਾਰੇ ਜਗ੍ਹਾ ਸੁੱਖ ਹੋ ਗਿਆ-

ਹਰਿ ਕੀ ਭਗਤਿ ਫਲ ਦਾਤੀ ॥

ਉਹ ਜਿਹੜੀ ਪ੍ਰੇਮਾ ਭਗਤੀ ਸੀ ਫਲ ਦੇਣੇ ਵਾਲੀ, ਉਹ ਮੈਨੂੰ ਗੁਰੂ ਰਾਮਦਾਸ ਨੇ ਬਖਸ਼ 'ਤੀ, ਉਹ ਮੈਨੂੰ ਪ੍ਰਾਪਤ ਹੋ ਗੀ-

ਗੁਰਿ ਪੂਰੈ ਕਿਰਪਾ ਕਰਿ ਦੀਨੀ

ਪੂਰਣ ਗੁਰੂ ਰਾਮਦਾਸ ਨੇ, ਮੇਰੇ ਉੱਤੇ ਪੂਰਣ ਕਿਰਪਾ ਕਰ 'ਤੀ-

ਵਿਰਲੈ ਕਿਨ ਹੀ ਜਾਤੀ ॥ ਰਹਾਉ॥

ਪਰ ਏਸ ਬਾਤ ਦਾ ਪਤਾ ਨਹੀਂ–

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥

(ਪੰਨਾ ੧੨੩੭)

ਗੁਰਬਾਣੀ ਗਾਵਹ ਭਾਈ ॥ ਓਹ ਸਫਲ ਸਦਾ ਸੁਖਦਾਈ ॥

ਉਹ ਬਾਣੀ ਬੜਾ ਸਫਲ ਕਰੇਗੀ ਥੁਆਡੇ ਜਨਮ ਨੂੰ ਤੇ ਥੁਆਨੂੰ ਸੁੱਖ ਦਏਗੀ। ਏਸ ਕਰਕੇ ਭਾਈ, ਇਹ ਕਰਿਆ ਕਰੋ–

ਨਾਨਕ ਨਾਮੁ ਧਿਆਇਆ ॥

ਸ੍ਰੀ ਗੁਰੂ ਸਾਹਿਬ ਕਹਿੰਦੇ, ਮੈਂ 'ਨਾਮੁ ਧਿਆਇਆ' ਜਿਹੜਾ ਨਾਮ ਮੈਨੂੰ ਬਖਸ਼ਿਆ ਸੀ ਗੁਰੂ ਰਾਮਦਾਸ ਨੇ। ਉਹ ਨਾਮ ਮੈਂ ਧਿਆਇਆ–

ਪੂਰਬਿ ਲਿਖਿਆ ਪਾਇਆ ॥

ਇਹ ਪੂਰਬ ਲਿਖਿਆ ਵਿਆ ਸੀਗਾ ਮੇਰਾ–

ਸੰਜੋਗੁ ਵਿਜੋਗੁ ਧੁਰਹੁ ਹੀ ਹੂਆ ॥ (ਪੰਨਾ ੧੦੦੭)

ਇਹ ਪੂਰਬ ਲਿਖਿਆ ਵਿਆ ਨਾ ਹੁੰਦਾ ਤਾਂ ਉਹ ਪਿਰਥੀਏ ਨੂੰ ਮਿਲ ਜਾਂਦਾ, ਮਹਾਂਦੇਵ ਨੂੰ ਮਿਲ ਜਾਂਦਾ। ਉਹ ਪੂਰਬ ਲਿਖਿਆ ਵਿਆ ਸੀ ਬਈ ਜਦ ਗੁਰੂ ਰਾਮਦਾਸ ਜੋਤੀ ਸਰੂਪ ਆਉਣਗੇ,ਇਹ 'ਜੋਤਿ' ਤੇਰੇ ਵਿੱਚ ਧਰ ਕੇ ਫੇਰ ਉਹ ਗੁਰਿਆਈ ਗੱਦੀ ਦੇ ਕੇ–

ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਪੰਨਾ ੯੬੬)

ਇੱਕ ਸਰੀਰ ਦਾ ਹੀ ਫਰਕ ਕੀਤਾ, 'ਜੋਤਿ' ਔਰ 'ਜੁਗਤਿ' ਜੋ ਗੁਰੂ ਰਾਮਦਾਸ ਦੀ ਸੀ, ਉਹ ਦੋਨੋਂ ਗੁਰੂ ਅਰਜਨ ਦੇਵ ਨੂੰ ਬਖਸ਼ ਕੇ ਚਲੇ ਗਏ। ਇਹ ਨਾਮ ਦੀ ਤਾਕਤ ਐ, ਇਹ ਨਾਮ ਦਾ ਪਰਤਾਪ ਹੈ–

ਨਾਨਕ ਨਾਮੁ ਧਿਆਇਆ ॥
ਪੂਰਬਿ ਲਿਖਿਆ ਪਾਇਆ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ!

ਸਤਿਗੁਰ ਪ੍ਰਸਾਦਿ॥

੫੯

ਧਨਾਸਰੀ ਮਹਲਾ ੧ ॥

ਚੋਰੁ ਸਲਾਹੇ ਚੀਤੁ ਨ ਭੀਜੈ ॥ ਜੇ ਬਦੀ ਕਰੇ ਤਾ ਤਸੂ ਨ ਛੀਜੈ ॥
ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥ ੧॥
ਸੁਣਿ ਮਨ ਅੰਧੇ ਕੁਤੇ ਕੂੜਿਆਰ ॥
ਬਿਨੁ ਬੋਲੇ ਬੂਝੀਐ ਸਚਿਆਰ॥ ੧॥ ਰਹਾਉ॥
ਚੋਰੁ ਸੁਆਲਿਉ ਚੋਰੁ ਸਿਆਣਾ ॥ ਖੋਟੇ ਕਾ ਮੁਲੁ ਏਕੁ ਦੁਗਾਣਾ ॥
ਜੇ ਸਾਥਿ ਰਖੀਐ ਦੀਜੈ ਰਲਾਇ ॥
ਜਾ ਪਰਖੀਐ ਖੋਟਾ ਹੋਇ ਜਾਇ॥ ੨॥
ਜੈਸਾ ਕਰੇ ਸੁ ਤੈਸਾ ਪਾਵੈ ॥ ਆਪਿ ਬੀਜਿ ਆਪੇ ਹੀ ਖਾਵੈ ॥
ਜੇ ਵਡਿਆਈਆ ਆਪੇ ਖਾਇ ॥
ਜੇਹੀ ਸੁਰਤਿ ਤੇਹੈ ਰਾਹਿ ਜਾਇ ॥ ੩॥
ਜੇ ਸਉ ਕੂੜੀਆ ਕੂੜੁ ਕਬਾੜੁ ॥ ਭਾਵੈ ਸਭੁ ਆਖਉ ਸੰਸਾਰੁ ॥
ਤੁਧੁ ਭਾਵੈ ਅਧੀ ਪਰਵਾਣੁ ॥
ਨਾਨਕ ਜਾਣੈ ਜਾਣੁ ਸੁਜਾਣੁ॥ ੪॥ ੪॥ ੬॥

(ਪੰਨਾ ੬੬੨)

ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਮਹਾਰਾਜ ਦੁਆਰਾ ਜੋ ਸ਼ਬਦ ਰੱਬੀ ਬਾਣੀ ਦਾ ਆਇਐ ਗਾ, ਓਸ ਹੁਕਮਨਾਮੇ ਦੀ ਜੈਸੇ ਈਸ਼ਰ ਦੀ ਕਿਰਪਾ ਦੁਆਰੇ ਵਿਆਖਿਆ ਹੋਏਗੀ। ਆਪ ਸਾਰੇ ਕਿਰਪਾ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !! ਸਤਿਨਾਮੁ ਸ੍ਰੀ ਵਾਹਿਗੁਰੂ !!!

ਗੁਰੂ ਕੇ ਸੇਵਕ ਨੇ (ਉਥਾਨਕਾ ਇਹ ਹੈ ਗਿਆਨੀਆਂ ਦੀ) ਚੋਰੀ ਕਰ ਲੀ ਸੀ। ਗੁਰੂ ਸਾਹਿਬ ਨੂੰ ਆ ਕੇ ਆਖਿਆ, ਮਹਾਰਾਜ! ਓਸ ਨੂੰ ਕਿਰਪਾ ਕਰਕੇ ਛੁਡਾ ਦੋ। ਉਹ ਕਹਿੰਦੇ, ਨਾ-

ਚੋਰ ਕੀ ਹਾਮਾ ਭਰੇ ਨ ਕੋਇ ॥ ਚੋਰੁ ਕੀਆ ਚੰਗਾ ਕਿਉ ਹੋਇ ॥

ਜਦ ਚੋਰੀ ਕਰਨੀ ਚੰਗੀ ਨਹੀਂ, ਅਸੀਂ ਉਹਦਾ ਹਾਂਬਾ (ਹਾਮਾ) ਕੈਸੇ ਭਰਾਂਗੇ?

ਚੋਰ ਕੀ ਹਾਮਾ ਭਰੇ ਨ ਕੋਇ ॥

ਅਸੀਂ ਵੀ ਚੋਰ ਦਾ ਹਾਮਾ ਨਹੀਂ ਭਰਾਂਗੇ। ਫੇਰ ਉਹ ਜੈਸੇ ਅੱਗੇ ਹੋਈ, ਫੇਰ ਉਹ ਛੁੱਟ ਗਿਆ। ਫੇਰ ਓਹਨੇ ਮਾਫੀ ਮੰਗੀ ਜੋ ਕੁੱਛ ਹੋਇਆ। ਪਰ ਗੁਰੂ ਸਾਹਿਬ ਨੇ ਜੁਆਬ ਦੇ 'ਤਾ। ਗੁਰੂ ਸਾਹਿਬ ਨੇ ਕੋਈ ਲਿਹਾਜ ਨਹੀਂ ਕੀਤੀ, ਸਿਫਾਰਿਸ਼ ਨਹੀਂ ਕੀਤੀ-

ਚੋਰੁ ਕੀਆ ਚੰਗਾ ਕਿਉ ਹੋਇ ॥

ਚੋਰੀ ਕਰਨੀ ਚੰਗੀ ਨਹੀਂ ਹੈ। ਜਿਹੜਾ ਕੰਮ ਚੰਗਾ ਨਹੀਂ, ਅਸੀਂ ਉਹਦਾ ਹਾਮਾ ਕੈਸੇ ਭਰੀਏ?

ਗੁਰੁ ਪੀਰੁ ਹਾਮਾ ਤ ਭਰੇ ਜਾ ਮੁਰਦਾਰ ਨ ਖਾਇ ॥

(ਪੰਨਾ ੧੪੧)

ਗੁਰੂ, ਪੀਰ ਉਹਦਾ ਹਾਮਾ ਭਰੇਗਾ ਜਿਹੜਾ ਪਰਾਇਆ ਮਾਲ ਨਹੀਂ ਚੁਰਾਏਗਾ, ਧੋਖਾ ਨਹੀਂ ਕਰੇਗਾ। ਅਸਲੀ 'ਗੁਰੁ ਪੀਰੁ' ਜਿਹੜਾ ਸੋਯੰ-ਪ੍ਰਕਾਸ਼, ਚੇਤਨ ਦਾ ਬਖਸ਼ਿਆ ਵਿਆ ਪ੍ਰਮੇਸ਼ਰ ਦਾ, ਉਹ ਕਦੇ ਝੂਠ ਦਾ ਹਾਮਾ ਨਹੀਂ ਭਰੇਗਾ। ਉਹ ਤਾਂ ਝੂਠ, ਚੋਰੀ, ਐਬਾਂ ਨੂੰ ਛੁਡਾਉਣ ਆਇਐ ਗਾ ਤੇ ਹਾਮਾ ਕੈਸੇ ਭਰ ਦੇਵੇ? ਏਸ ਕਰਕੇ, ਉਹ ਸ਼ਬਦ ਐ-

ਚੋਰੁ ਸਲਾਹੇ ਚੀਤੁ ਨ ਭੀਜੈ ॥

ਜੇ ਚੋਰ ਸਲਾਹੇ ਤਾਂ ਭਲੇ ਪੁਰਸ਼ਾਂ ਦਾ ਚਿੱਤ ਨਹੀਂ ਭਿੱਜਦਾ। ਓਹਨੇ ਚੋਰੀ ਜੋ ਕੀਤੀ ਐ। ਉਹਦੀ ਕੋਈ ਸ਼ਲਾਘਾ ਕਰੇ ਆ ਕੇ ਕਿ ਉਹ ਚੰਗਾ ਆਦਮੀ ਐਂ, ਉਹ ਭਲਾ ਆਦਮੀ ਐਂ। ਮਹਾਂਪੁਰਸ਼ਾਂ ਦਾ,

ਸੱਚੇ ਪੁਰਸ਼ਾਂ ਦਾ ਚਿੱਤ ਨਹੀਂ ਉਹ ਤੇ ਭਿੱਜੇਗਾ। ਉਹ ਤਾਂ ਸਰਬੱਗ ਨੇ, ਉਹ ਤਾਂ ਜਾਣਦੇ ਨੇ ਸਭ ਕੁੱਛ। ਹਾਂ, ਸ਼ਰਣਾਗਤੀ ਆਏ ਤੇ, ਸਭ ਨੂੰ ਤਿਆਗ ਕੇ ਪ੍ਰਮੇਸ਼ਰ ਦੀ ਸ਼ਰਣ ਆਏਗਾ, ਗੁਰੂ ਦੀ ਸ਼ਰਣ ਆਏਗਾ ਫੇਰ ਓਸ ਮਹਾਂਪੁਰਸ਼ ਦਾ ਚਿੱਤ ਭਿੱਜੇਗਾ। ਭਾਈ ਭੂਮੀਏ ਤੇ ਜਦ ਓਸ ਨੇ ਬਚਨ ਮੰਨ ਲਿਆ ਤਾਂ ਗੁਰੂ ਦਾ ਉਹਦੇ ਤੇ ਮਨ ਭਿੱਜਿਆ।ਸੱਜਣ ਠੱਗ ਜਦ ਸਾਰੀ ਠੱਗੀ ਛੱਡ ਕੇ ਚਰਨਾਂ ਤੇ ਪੈ ਗਿਆ ਸੱਚੇ ਦਿਲੋਂ ਤਾਂ ਗੁਰੂ ਕਾ ਉਹਦੇ ਉੱਤੇ ਮਨ ਭਿੱਜ ਗਿਆ ਤਾਂ ਗੁਰੂ ਕਿਆਂ ਨੇ ਬਖਸ਼ਿਆ। ਚੋਰ ਦੀ ਤੁਸੀਂ ਸ਼ਲਾਘਾ ਕਰੋ ਭਲਾ ਕਹੋ ਪਰ ਗੁਰੂ ਪੀਰਾਂ ਦਾ ਉਹਦੇ ਉੱਤੇ ਮਨ ਨਹੀਂ ਭਿੱਜਦਾ, ਉਹ ਕਿਸੇ ਦੀ ਬਾਤ ਏਹੀ ਜਿਹੀ ਨਹੀਂ ਮੰਨਦੇ ਹੁੰਦੇ–

ਜੇ ਬਦੀ ਕਰੇ ਤਾ ਤਸੂ ਨ ਛੀਜੈ ॥

ਜੇ ਕੋਈ ਬਦੀ ਕਰੇ ਤਾਂ ਉਹਦੀ ਬਦੀ ਨਾਲ ਭਲੇ ਪੁਰਸ਼ਾਂ ਦਾ ਤਸੂ ਮਾਤਰ ਵੀ ਕੁੱਛ ਨੁਕਸਾਨ ਨਹੀਂ ਹੁੰਦਾ, ਸੱਚੇ ਪੁਰਸ਼ ਦਾ ਕਦੇ ਨੁਕਸਾਨ ਨਹੀਂ ਹੁੰਦਾ। ਸੱਚ ਨੂੰ ਕਦੇ ਆਂਚ ਲੱਗਦੀ ਨਹੀਂ। ਪ੍ਰਹਿਲਾਦ ਸੱਚਾ ਸੀ, ਉਹਨੂੰ ਆਂਚ ਲੱਗ ਗੀ? ਅਗਨੀ ਨੇ ਨਾ ਉਹਨੂੰ ਜਲਾਇਆ। ਕਿਉਂ? ਉਹ ਸੱਚਾ ਪੁਰਸ਼ ਸੀ। ਸੱਚੇ ਪੁਰਸ਼ਾਂ ਦਾ ਕੁੱਛ ਨਹੀਂ ਵਿਗੜਦਾ, ਸੱਚ ਦਾ ਕਦੇ ਕੁੱਛ ਨਹੀਂ ਵਿਗੜਦਾ। ਬਦੀ ਕਰਨੇ ਵਾਲੇ ਦਾ ਈ ਨੁਕਸਾਨ ਹੋਏਗਾ ਤੇ ਉਨ੍ਹਾਂ ਦਾ 'ਤਸੂ' ਮਾਤਰ ਵੀ ਨੁਕਸਾਨ ਨਹੀਂ ਹੋਏਗਾ, ਸੱਚੇ ਪੁਰਸ਼ਾਂ ਦਾ। ਇਉਂ ਤਾਂ ਫੇਰ ਸੱਚੇ ਪੁਰਸ਼ਾਂ ਨੂੰ ਲੋਕ ਨੁਕਸਾਨ ਪਹੁੰਚਾ ਦੇਣ। ਪ੍ਰਹਿਲਾਦ ਨੂੰ ਨਾ ਪਹੁੰਚਾ ਦਿੱਤਾ, ਨਾਮਦੇਵ ਨੂੰ ਨਾ ਪਹੁੰਚਾ ਦਿੱਤਾ, ਕਬੀਰ ਨੂੰ ਨਾ ਪਹੁੰਚਾ 'ਤਾ, ਕਿਸੇ ਨੂੰ ਪਹੁੰਚਿਆ ਨੁਕਸਾਨ? 'ਤਸੂ' ਮਾਤਰ ਨਹੀਂ ਉਨ੍ਹਾਂ ਦਾ ਕੁੱਛ ਵਿਗੜਿਆ। ਏਸ ਕਰਕੇ, ਬਦੀ ਤੇ ਡਰਦੇ ਕਦੇ ਤੁਸੀਂ ਉਨ੍ਹਾਂ ਦੀ ਸਿਫਾਰਿਸ਼ ਨਾ ਕਰੋ। ਉਨ੍ਹਾਂ ਦੀ ਬਦੀ ਤੇ ਡਰਦੇ ਕਦੇ ਉਨ੍ਹਾਂ ਨਾਲ ਨਾ ਮਿਲੋ। ਅੱਜ ਕਲ੍ਹ ਏਹੀ ਖਰਾਬ ਹੋ ਗਿਆ ਕ ਨਾ ਕੰਮ, ਲੋਕ ਜਿਹੜੇ ਬਦੀ ਕਰਨ ਵਾਲੇ ਨੇ ਉਨ੍ਹਾਂ ਤੇ ਡਰਦੇ ਚੁੱਪ ਕਰ ਜਾਏਂਗੇ, ਉਨ੍ਹਾਂ ਨਾਲ ਮਿਲ ਜਾਏਂਗੇ। ਇਉਂ ਤਾਂ ਸੁਧਾਰ ਹੀਂ ਨਹੀਂ ਹੋਏਗਾ, ਜੇ ਬਦੀ

ਕਰਨ ਵਾਲਿਆਂ ਤੋਂ ਤੁਸੀਂ ਡਰਕੇ ਉਨ੍ਹਾਂ ਨਾਲ ਮਿਲ ਗੇ, ਫੇਰ ਬਦੀ ਵੱਧ ਜਾਏਗੀ। ਤੁਸੀਂ ਤਾਂ ਸੱਚ ਨੂੰ ਜਾਹਰ ਕਰਨੈ, ਤੁਸੀ ਤਾਂ ਸੱਚ ਦੇ ਮਾਰਗ ਤੇ ਚੱਲਣੈ-

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

(ਪੰਨਾ ੪੬੮)

ਥੁਆਡਾ ਉਧਾਰ ਤਾਂ ਸੱਚ ਨੇ ਕਰਨੈ। ਥੁਆਡੇ ਸਾਰੇ ਪਾਪ ਸੱਚ ਨੇ ਖੰਡਨ ਕਰਨੇ ਨੇ। ਜੇ ਤੁਸੀਂ ਬਦੀ ਵਾਲਿਆਂ ਤੇ ਡਰ ਗੇ, ਮਿਲ ਗੇ ਉਨ੍ਹਾਂ ਨਾਲ, ਫਿਰ ਤਾਂ ਸੱਚ ਦਾ ਗਲ ਕੱਟ 'ਤਾ ਤੁਸੀਂ। ਤੁਸੀਂ, ਸੱਚ ਦੇ ਵਿੱਚ ਇਸਥਿਤ ਰਹਿਣੈ ਗਾ। ਇਉਂ ਤਾਂ ਫੇਰ ਗੁਰੂ ਨਾਨਕ ਚਹੁੰ ਦਿਸ਼ਾਂ ਮੇਂ ਗਏ, ਕਿਸੇ ਤੋਂ ਡਰੇ ਕਦੇ ਉਹ? ਕਿਉਂ? ਉਨ੍ਹਾਂ ਨੇ ਦੁਨੀਆਂ 'ਚ ਸੱਚ ਜਾਹਰ ਕਰਨਾ ਸੀ। ਉਨ੍ਹਾਂ ਨੇ ਆਪਣੇ ਮੁੱਖ ਤੇ ਕਿਹਾ-

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)

ਫੇਰ ਉਨ੍ਹਾਂ ਦੇ ਏਸ ਕਥਨ ਦਾ ਕੀ ਮੁੱਲ ਪੈਂਦਾ ਜੇ ਉਹ ਝੂਠ ਨਾਲ, ਚੋਰਾਂ ਨਾਲ, ਬਦੀ ਵਾਲਿਆਂ ਨਾਲ ਮਿਲ ਜਾਂਦੇ ਜਾਂ ਉਨ੍ਹਾਂ ਦੀ ਸਿਫਾਰਸ਼ ਕਰਦੇ ਤੇ ਫੇਰ ਸੱਚ ਜਾਹਰ ਕੈਸੇ ਹੁੰਦਾ? ਉਹ ਤਾਂ ਸੱਚ ਨੂੰ ਇਸਥਿਤ ਕਰਨ ਆਏ ਸੇ। ਉਹ ਤਾਂ ਜਿਹੜਾ ਰਹੱਸਕ ਸੱਚ ਐ, ਆਤਮਕ ਸੱਚ ਐ, ਓਸ ਨੂੰ ਜਾਹਰ ਕਰਨ ਆਏ ਸੇ-

ਚੋਰ ਕੀ ਹਾਮਾ ਭਰੇ ਨ ਕੋਇ ॥

ਗੁਰੂ ਸਾਹਿਬ ਕਹਿੰਦੇ, ਭਾਈ! ਚੋਰ ਕਾ ਹਾਮਾ ਕੋਈ ਨਹੀਂ ਭਰੇਗਾ ਚਾਹੇ ਉਹ ਗੁਰੂ ਕਾ ਸਿੱਖ ਬਣਿਆ ਵਿਆ ਸੀ, ਸੇਵਕ ਬਣਿਆ ਵਿਆ ਸੀ, ਓਹਨੇ ਚੋਰੀ ਕਰ ਲੀ। ਗੁਰੂ ਸਾਹਿਬ ਕਹਿੰਦੇ, ਨਾ ਬਈ-

ਚੋਰ ਕੀ ਹਾਮਾ ਭਰੇ ਨ ਕੋਇ ॥

ਚੋਰ ਕਾ ਹਾਮਾ ਕਦੇ ਕੋਈ ਨਹੀਂ ਭਰੇਗਾ-

ਚੋਰੁ ਕੀਆ ਚੰਗਾ ਕਿਉ ਹੋਇ ॥

ਜਦ ਚੋਰੀ ਕਰਨੀ ਚੰਗੀ ਨਹੀਂ ਹੈ ਫੇਰ ਕੈਸੇ ਹਾਮਾ ਭਰ ਲਏ? ਜਦ ਚੋਰੀ ਕਰਨੀ ਚੰਗੀ ਨਹੀਂ, ਗੁਰੂ ਪਹਿਲੀ ਪਾਤਸ਼ਾਹੀ ਕਹਿੰਦੇ, ਅਸੀਂ ਉਨ੍ਹਾਂ ਦਾ ਹਾਮਾ ਕੈਸੇ ਭਰ ਦਈਏ, ਚੋਰ ਦਾ। ਉਨ੍ਹਾਂ ਨੇ ਬਿਲਕੁਲ ਸਿਫਾਰਿਸ਼ ਨਹੀਂ ਕੀਤੀ, ਕੁੱਛ ਨਹੀਂ ਕੀਤਾ। ਉਹਦੀ ਕਰਨੀ ਦਾ ਫਲ ਆਏਗਾ–

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥

(ਪੰਨਾ ੮)

ਕਰਮੀ ਤਾਂ ਆਪੋ ਆਪਣੀ ਐਂ। ਪਾਰ ਤਾਂ ਇਹ ਜੀਵ ਨੂੰ 'ਨਾਮੁ' ਨੇ ਲਾਉਣੈ। ਜਦ ਤੱਕ ਇਹ ਕਰਮੀ 'ਚ ਐ, ਭਲੀ ਬੁਰੀ 'ਚ ਉਦੋਂ ਤੱਕ ਤਾਂ ਇਹ ਜੀਵ ਐ। ਤੇ ਜੀਵਪੁਣੇ ਦੀ ਹੱਦ ਤਾਂ ਜਦ ਇਹਦਾ ਮਨ 'ਨਾਮੁ' ਨਾਲ ਜੁੜਨੈ, ਅਭਿਆਸ ਦੁਆਰਾ ਸਮਾਧੀ'ਚ, ਸਰੂਪ ਮੇਂ ਪਹੁੰਚਣੈ ਤਾਂ ਇਹਨੇ ਪਾਰ ਹੋਣੈ ਗਾ।'ਨਾਮੁ' ਨਾਲ ਤਾਂ ਇਹਦਾ ਮਨ ਈ ਨਹੀਂ ਅਜੇ ਜੁੜਿਆ ਤੇ ਇਹ ਕਰਮੀ 'ਚ ਐ। ਤੇ ਕਰਮੀ ਇਹਦੀ ਏਸੇ ਨੂੰ ਈ ਪ੍ਰਾਪਤ ਹੋਏਗੀ ਚਾਹੇ ਭਲੀ ਐ, ਚਾਹੇ ਬੁਰੀ ਐ। ਕਰਮੀ ਤਾਂ ਆਪੋ ਆਪਣੀ ਹੈ ਕਿ ਨਾ। ਪਾਰ ਤਾਂ ਨਾਮ ਦੀ ਮਸ਼ੱਕਤ ਨੇ ਕਰਨੈ, ਪਾਰ ਤਾਂ ਇਹਨੂੰ ਨਾਮ ਅਭਿਆਸ ਨੇ ਕਰਨੈ। ਜਦ ਮਨ 'ਨਾਮੁ' ਨਾਲ ਜੁੜ ਗਿਆ ਤੇ ਏਸ ਨੇ ਅਭਿਆਸ ਕੀਤਾ ਤਾਂ ਨਾਮੀ ਪ੍ਰਾਪਤ ਹੋ ਜੂ, ਇਹਦਾ ਜਨਮ-ਮਰਨ ਕੱਟਿਆ ਜਾਊ। ਏਸ ਨੂੰ ਅਸਲੀ ਰੂਪ ਮਿਲ ਜੂਗਾ ਤੇ ਏਸ ਕਰਕੇ–

ਚੋਰੁ ਕੀਆ ਚੰਗਾ ਕਿਉ ਹੋਇ ॥

ਗੁਰੂ ਸਾਹਿਬ ਕਹਿੰਦੇ, ਚੋਰੀ ਕਰਨੀ ਚੰਗੀ ਨਹੀਂ ਤੇ ਅਖੇ ਫੇਰ ਚੋਰ ਦਾ ਹਾਮਾ ਅਸੀਂ ਗੁਰੂ ਸਾਹਿਬ ਕਹਿੰਦੇ, ਕੈਸੇ ਭਰੀਏ? ਇਹ ਪਹਿਲੀ ਪਾਤਸ਼ਾਹੀ ਦਾ ਸ਼ਬਦ ਹੈਗਾ–

ਸੁਣਿ ਮਨ ਅੰਧੇ ਕੁਤੇ ਕੂੜਿਆਰ ॥

ਹੇ ਮਨ! ਤੂੰ ਸੁਣ ਲੈ ਇੱਕ ਬਾਤ, ਕੀ?

ਸੁਣਿ ਮਨ ਅੰਧੇ

ਹੇ ਮੂਰਖ ਮਨ! ਅਗਿਆਨੀ, ਸੁਣ ਲੈ ਬਾਤ–

ਕੁਤੇ

ਤੂੰ ਕੁੱਤਾ ਹੈਂਗਾ, ਲੋਭ ਦੇ ਵਿੱਚ ਫਸ ਕੇ ਤੂੰ ਇਹ ਸਾਰੇ ਕੰਮ ਕਰਦੈਂ–

ਕੂੜਿਆਰ ॥

ਝੂਠੈਂ, ਕੂੜਿਆਰ ਐਂ, ਤੂੰ ਝੂਠਾ ਐਂ, ਮਨ!–

ਬਿਨੁ ਬੋਲੇ ਬੂਝੀਐ ਸਚਿਆਰ ॥

ਪਰ ਤੈਨੂੰ ਮਨ! ਭੁਲੇਖਾ ਪਿਆ ਵਿਐ ਇਹ ਤੇ–

ਬਿਨੁ ਬੋਲੇ ਬੂਝੀਐ ਸਚਿਆਰ ॥

ਉਹ ਜਿਹੜਾ ਸੱਚ ਤੇਰੇ ਅੰਦਰ ਐ ਪ੍ਰਮੇਸ਼ਰ, ਚੇਤਨ, ਜਿਹੜਾ 'ਦਾਨਾ ਬੀਨਾ ਸਾਈਂ ਮੈਂਡਾ' ਐ।ਜਿਹੜਾ ਤੇਰੇ ਸਾਰੇ ਕੰਮਾਂ ਨੂੰ ਵੀ ਦੇਖਦੈ, ਤੈਨੂੰ ਵੀ ਦੇਖਦੈ, ਤੈਨੂੰ ਵੀ ਜਾਣਦੈ, ਤੇਰੇ ਕਰਤੱਬਾਂ, ਨੂੰ ਵੀ ਜਾਣਦੈ। ਉਹ ਸੱਚ ਨੂੰ ਕੋਈ ਦੱਸਣ ਦੀ ਜਰੂਰਤ ਐ? ਏਹ ਐਵੇਂ ਲੋਕਾਂ ਨੂੰ ਭੁਲੇਖਾ ਹੈਗਾ। ਉਹ ਕਰਮ ਨੇ ਜਿੱਦਣ ਆਉਣੈ, ਆਪੇ ਇਨਸਾਫ਼ ਹੋ ਜਾਣੈਗਾ। ਉਹ ਸੱਚ ਤਾਂ ਬਿਨਾਂ ਦੱਸੇ ਤੇ ਜਾਣਦੈ। ਉਹਦੇ ਤਾਂ 'ਦਾਨਾ ਬੀਨਾ' ਦੇ ਸਾਹਮਣੇ ਮਨ ਖਿਆਲ ਕਰਦੈ, ਸੰਕਲਪ ਕਰਦੈ ਜੋ ਕੁੱਛ, ਚਾਹੇ ਉਹ ਚੋਰੀ ਦਾ ਕਰੇ, ਚਾਹੇ ਉਹ ਯਾਰੀ ਦਾ ਕਰੇ, ਚਾਹੇ ਉਹ ਝੂਠ ਦਾ ਕਰੇ, ਉਹ ਸਾਰੇ ਤਾਂ ਉਹਦੇ ਸਾਹਮਣੇ ਕਰਦੈ। ਏਸ ਕਰਕੇ, ਮਨ ਨੂੰ ਝਿੜਕਿਐ ਗਾ–

ਸੁਣਿ ਮਨ ਅੰਧੇ ਕੁਤੇ ਕੂੜਿਆਰ ॥

ਹੇ ਮਨ! ਤੂੰ ਸੁਣ ਲੈ, ਤੂੰ ਅੰਨਾਂ ਐਂ ਤੇ ਕੁੱਤਾ ਐਂ ਤੇ 'ਕੂੜਿਆਰ' ਝੂਠੈਂ ਗਾ। ਪਰ ਤੈਨੂੰ ਇਹ ਨਹੀਂ ਪਤਾ–

ਬਿਨੁ ਬੋਲੇ ਬੂਝੀਐ ਸਚਿਆਰ ॥

ਇਹ ਬਿਨਾਂ ਬੋਲੇ ਸੇ, ਸੱਚਾ ਪ੍ਰਮੇਸ਼ਰ ਤੇਰੇ ਅੰਦਰ ਸਭ ਕੁੱਛ ਜਾਣਦਾ ਨਹੀਂ? ਉਹ ਤਾਂ ਦਾਨਾ ਬੀਨੈਂ। 'ਦਾਨਾ' ਨਾਉਂ ਹੈ ਜਾਣਨੇ ਵਾਲੇ ਦਾ ਤੇ 'ਬੀਨਾ' ਨਾਉਂ ਹੈ ਦੇਖਣੇ ਵਾਲੇ ਦਾ। ਉਹ ਤਾਂ ਤੇਰੇ ਸਾਰੇ

ਖਿਆਲਾਂ ਨੂੰ ਦੇਖਦੈ, ਜਾਣਦੈ ਤੇ ਟੈਪ ਵੀ ਉਦੋਂ ਈ ਕਰਦੈ। ਇਉਂ ਤਾਂ ਨਹੀਂ ਉਹ ਕਰਦਾ ਬਈ ਅੱਜ ਦੇਖਿਆ ਤਾਂ ਕਲ੍ਹ ਨੂੰ ਟੈਪ ਕਰੇਗਾ। ਨਹੀਂ, ਉਸੇ ਛਿਨ ਮੇਂ ਟੈਪ ਕਰ ਦਿੰਦੈ। ਜੇ ਇਉਂ ਕਰੇ ਤਾਂ ਕਈ ਕਾਗਜ ਖੋਏ ਜਾਣ ਉਹਦੇ ਤਾਂ, ਜਾਂ ਦੂਸਰੇ ਦਿਨ ਕੋਈ ਕਾਗਜ, ਉਹੀ ਕਾਗਜ ਚੱਕ ਕੇ ਲੈ ਜੇ, ਜੀਹਦਾ ਹੋਵੇ। ਮਨ ਹੀ ਆਪਣੇ ਕਾਗਜ ਨੂੰ ਗੁੰਮ ਕਰ ਦੇਵੇ। ਨਾ, ਨਾ ਓਹਨੇ ਤਾਂ ਉਦੋਂ ਈ ਦੇਖਿਆ ਤੇ ਜਾਣਿਆਂ ਤੇ ਟੈਪ ਕੀਤਾ, ਬੱਸ! ਓਸੇ ਛਿਨ ਮੇਂ। ਉਹ ਤਾਂ ਸਭ ਕੁੱਝ ਜਾਣਦੈ ਗਾ। ਹੇ ਮਨ ! ਤੈਨੂੰ ਭੁਲੇਖਾ ਐ । ਤੇਰੇ ਭਾਅ ਦਾ ਕੋਈ ਦੇਖਦਾ ਨਹੀਂ, ਜਾਣਦਾ ਨਹੀਂ, ਮੈਂ ਇਕੱਲਾ ਹੀ ਕਰਦਾ ਹੈਂਗਾ। ਨਹੀਂ, ਉਹ ਤੇਰੇ ਪਿਛਲੇ ਪਾਸੇ, ਸੱਚਾ ਪ੍ਰਮੇਸ਼ਰ ਬੈਠਾ ਐ, ਤੇਰਾ ਸਾਖਸ਼ੀ ਹੋਇਆ, ਤੇਰਾ ਦ੍ਰਸ਼ਟਾ ਹੋਇਆ। 'ਦਾਨਾ' ਜਾਣਨੇ ਵਾਲਾ ਤੇ 'ਬੀਨਾ' ਦੇਖਣੇ ਵਾਲਾ। ਉਹ ਸਭ ਕੁੱਛ ਜਾਣਦੈ, ਓਹਨੇ ਟੈਪ ਮਨ ਨਾਲ ਕਰ ਦੇਣੈ। ਤੂੰ ਆਪਣੇ ਆਪ ਸਮਝ, ਜੇ ਤੂੰ ਸਮਝ ਜਾਏਂ ਫੇਰ ਤੂੰ ਚੋਰੀ ਕਰੇਂ ਈ ਕਿਉਂ? ਉਹ ਗੁਰੂ ਸਾਹਿਬ ਕਹਿੰਦੇ, ਇਹਨੂੰ ਪਤਾ ਨਹੀਂ ਸੀ, ਏਸਨੂੰ ਆਤਮਾ ਦਾ ਗਿਆਨ ਨਹੀਂ ਸੀ, ਏਸਨੂੰ ਅਸਲੀ ਗਿਆਨ ਨਹੀਂ ਸੀ। ਇਹ ਸੱਚੇ ਨੂੰ ਕਿਤੇ ਹੋਰ, ਸੱਤਵੇਂ ਅਕਾਸ਼ ਮੇਂ ਜਾਂ ਚੌਥੇ ਅਕਾਸ਼ ਮੇਂ ਮੰਨਦਾ ਸੀ। ਕਈ ਸੱਤਵੇਂ ਅਕਾਸ਼ ਮੇਂ ਰੱਬ ਨੂੰ ਮੰਨਦੇ ਨੇ, ਕਈ ਚੌਥੇ ਮੇਂ ਇਸਾਈ ਮੰਨਦੇ ਨੇ, ਕੋਈ ਨੌਵੇਂ ਅਕਾਸ਼ ਮੇਂ ਵੀ ਇੱਕ ਮੱਤ ਵਾਲੇ ਮੰਨਦੇ ਨੇ। ਹੁਣ ਉਹ ਆਏਗਾ ਫੇਰ ਅੱਗੋਂ ਨਿਰਣਾ ਕਰੇਗਾ ਫੇਰ ਅੱਗੇ ਟੈਪ ਕਰੇਗਾ। ਉਹ ਤਾਂ ਗਿਆਤਾ, ਉਹ ਤੇਰਾ ਜਿਹੜਾ ਗਿਆਤਾ ਐ, ਉਹ ਤਾਂ ਤੇਰੇ ਪਾਸ ਐ। ਉਹ ਤਾਂ ਮਨ, ਤੈਨੂੰ ਤੇ ਤੇਰੇ ਸਾਰੇ ਕੰਮਾਂ ਨੂੰ ਜਾਣਦੈ ਤੇ ਓਹਨੇ ਟੈਪ ਕਰ ਦੇਣੈ–

ਚੋਰੁ ਸੁਆਲਿਉ ਚੋਰੁ ਸਿਆਣਾ ॥

ਚੋਰ ਨੂੰ 'ਸੁਆਲਿਉ', ਕਹਿੰਦੇ, ਚੋਰ ਬੜਾ ਸੋਹਣੈ ਤੇ ਚੋਰ ਬਈ ਬੜਾ ਸਿਆਣੈ ਗਾ। ਸਿਆਣਾ ਤਾਂ ਹੁੰਦੈ ਪਰ ਚੋਰੀ ਕਰਨੇ ਮੇਂ ਸਿਆਣਾ ਹੁੰਦੈ, ਸੱਚੇ ਦੇ ਅੱਗੇ ਤਾਂ ਨਹੀਂ ਸਿਆਣਾ। ਲੋਕਾਂ ਦੇ ਵਿੱਚ ਸਿਆਣੈ ਗਾ। ਪਾੜ ਲਾਉਣ ਨੂੰ ਸਿਆਣਾ, ਚੋਰੀ ਕਰਨ ਨੂੰ ਸਿਆਣਾ।

ਆਹ ਸੁਨਿਆਰੇ, ਘੜਦੇ ਘੜਦੇ ਵਿੱਚੋਂ ਸੋਨਾ ਲੈ ਜਾਂਦੇ ਨੇ ਉਹਦੇ (ਗ੍ਰਾਹਕ ਦੇ) ਸਾਮ੍ਹਣੇ। ਪ੍ਰਮੇਸ਼ਰ ਦੇ ਅੱਗੇ ਤਾਂ ਨਹੀਂ ਸਿਆਣੇ। ਉਹ ਤਾਂ ਇਹ ਖਿਆਲ ਕਰਦੇ ਨੇ ਬਈ ਐਨਾਂ ਸੋਨਾ ਐਂ ਕਰ ਸਕਦੇ ਹਾਂ, ਉਹ ਤਾਂ ਉਦੋਂ ਟੈਪ ਹੋ ਗਿਆ ਜਦ ਐਧਰ ਡਿੱਗਿਆ। ਉਹ ਤਾਂ ਟੈਪ ਹੋ ਗਿਆ ਪਰ ਕਹਿੰਦੇ, ਬੜਾ ਸਿਆਣੈ। ਲੋਕ ਕਹਿੰਦੇ, ਬਈ ਏਹ ਆਦਮੀ ਬੜਾ ਸਿਆਣੈ ਤੇ ਸਿਆਣਾ ਕਾਹਦਾ ਹੈਗਾ? ਕਮਲ਼ਾ ਕਹੋ, ਜੀਹਨੇ ਐਹੇ ਜਿਹੇ ਕੰਮ ਕਰਕੇ, ਟੈਪ ਕਰਾ ਲਏ। ਉਨ੍ਹਾਂ ਵਿੱਚ ਮਨ ਫਸ ਗਿਆ ਤੇ ਭੋਗਣੇ ਵੀ ਪਏ। ਜਦ ਭੋਗਣਗੇ ਤਾਂ ਉਦੋਂ ਪੁੱਛਿਓ, ਬਈ ਸਿਆਣਾ ਹੈਗਾ ਤੂੰ? ਉਹ ਆਖੂ, ਨਾਂਹ! ਮੇਰੀ ਅਰਦਾਸ ਕਰੋ, ਮੈਂ ਬੜੇ ਪਾਪ ਕੀਤੇ ਨੇ, ਮੈਨੂੰ ਬਖਸ਼ਾਉ! ਉਹ ਸਿਆਣਪ ਕਿੱਧਰ ਗਈ ਉਹਦੀ? ਜੇ ਤਾਂ ਉਹ ਟੈਪ ਨਾ ਹੁੰਦੇ, ਉਹਨੂੰ ਨਾ ਭੋਗਣੇ ਪੈਂਦੇ ਤਾਂ ਤਾਂ ਸਿਆਣਾ ਸੀ। ਸਿਆਣਾ ਓਹੋ ਦੁਨੀਆਂ 'ਚ ਐ। ਈਸ਼ਰ ਅੱਗੇ ਕੀਹਦੀ ਸਿਆਣਪ ਐ? ਸਿਆਣਪ ਤਾਂ ਅਸੀਂ ਈਸ਼ਰ ਤੇ ਲੈ ਕੇ ਵਰਤਦੇ ਆਂ। ਚੇਤਨ, ਆਤਮਾ ਦਾ ਗਿਆਨ ਲੈ ਕੇ ਤਾਂ ਬੁੱਧੀ ਕੰਮ ਕਰਦੀ ਐ। ਜਦ ਤੱਕ ਆਤਮਾ, ਚੇਤਨ, ਸੱਤਾ-ਸਫੁਰਤੀ ਨਾ ਦੇਵੇ, ਬੁੱਧੀ ਕੰਮ ਈ ਨਹੀਂ ਕਰਦੀ।ਏਸ ਕਰਕੇ ਭਾਈ! ਇਹ ਚੋਰ ਨੂੰ ਸਲਾਹੁੰਦੈ ਤੇ ਚੋਰ ਨੂੰ ਕਹਿੰਦਾ, ਇਹ ਬੜਾ ਸਿਆਣੈਂ, ਇਹ ਗਲਤ ਐ। ਸਿਆਣਾ ਦੁਨੀਆਂ 'ਚ ਐ ਕਿ ਈਸ਼ਰ ਅੱਗੇ ਸਿਆਣੈ? ਉਹ ਸਿਆਣਪ ਤਾਂ ਜਿਹੜੀ ਇਹਨੇ ਵਰਤੀ ਐ, ਪ੍ਰਮੇਸ਼ਰ ਦੀ ਸੱਤਾ-ਸਫੁਰਤੀ ਨਾਲ ਵਰਤੀ ਐ ਤੇ ਪ੍ਰਮੇਸ਼ਰ ਏਸ ਨੂੰ ਜਾਣਦੈ, ਉਹ ਓਸੇ ਸਮੇਂ ਇਹਦੇ ਸੰਕਲਪਾਂ ਨੂੰ ਟੈਪ ਕਰਦੈ। ਜੇ ਐਸਾ ਨਾ ਹੋਵੇ ਤਾਂ ਮਨ ਦਾ ਪਾਪ ਤਾਂ ਲੱਗੇ ਈ ਨਾ ਕਿਸੇ ਨੂੰ। ਉਹ ਬੇੜੀਆਂ ਵਾਲੇ ਕਹਿੰਦੇ ਨੇ, ਭਾਈ! ਮਨ ਦਾ ਪਾਪੀ ਨਾ ਕੋਈ ਚੜ੍ਹਿਓ, ਬੇੜੀ ਡੁੱਬ ਜੂਗੀ। ਤਾਂ ਮਨ ਦਾ ਪਾਪ ਬਹੁਤ ਬੁਰਾ ਹੋਇਆ ਕਿ ਨਾ? ਏਸ ਕਰਕੇ, ਉਹ ਸਿਆਣਾ ਕਹਿੰਦੇ ਨੇ ਤੇ ਉਹਨੂੰ ਸਲਾਹੁੰਦੇ ਵੀ ਨੇ ਬਈ ਬੜਾ ਸਿਆਣੈ। ਅੱਜ ਕਲ੍ਹ ਕਹਿੰਦੇ ਨੇ ਬੜਾ ਸਿਆਸਤਦਾਨ ਐ। ਉਹਨੂੰ ਆਖੇ ਸਿਆਸਤਦਾਨ ਨਹੀਂ, ਝੂਠਾ ਬੜਾ ਕਹੋ, ਚਲਾਕ, ਝੂਠਾ ਕਹੋ-

ਖੋਟੇ ਕਾ ਮੁਲੁ ਏਕੁ ਦੁਗਾਣਾ ॥

ਹੁਣ ਤਾਂ ਨਹੀਂ ਕੋਈ ਕਸਰ ਰਹੀ, ਉਹ ਖੋਟੇ ਕੰਮਾਂ ਨਾਲ ਖੋਟਾ ਹੋ ਗਿਆ ਕਿ ਨਹੀਂ? ਉਹ ਤਾਂ ਚੋਰੀ ਕਰਨੇ ਸੇ, ਯਾਰੀ ਕਰਨੇ ਸੇ, ਬੇਈਮਾਨੀ ਕਰਨੇ ਸੇ, ਝੂਠ ਬੋਲਣੇ ਸੇ ਖੋਟਾ ਹੋ ਗਿਆ ਤੇ ਖੋਟੇ ਦਾ ਮੁੱਲ ਕੀ ਹੁੰਦੈਗਾ? ਜੇ ਰੁਪੱਈਆ ਖੋਟਾ ਹੋਵੇ, ਉਹ ਕਹਿੰਦਾ, ਬਈ ਆਹ ਦੋ ਪੈਸੇ ਲੈਣੇ ਨੇ ਤਾਂ ਲੈ ਲੈ ਓਨੀਂ ਕੁ ਚਾਂਦੀ ਤਾਂ ਹੋਏਗੀ ਵਿੱਚ, ਓਦੂੰ ਜਿਆਦਾ ਹੋਏਗੀ। ਸਮਝ ਗਏ? ਦੋ ਪੈਸੇ ਖੋਟੇ ਦਾ ਮੁੱਲ ਹੁੰਦੈ ਰੁਪੱਈਏ ਦਾ। ਓਸ ਪੁਰਸ਼ ਦਾ ਮੁੱਲ ਅੱਧਾ ਆਨਾ, ਅਧਿਆਨੀ ਕਹਿ ਦਿਉ। ਉਹ ਤਾਂ ਸੋਲ੍ਹਾਂ ਆਨੇ ਉਹਦਾ ਮੁੱਲ ਸੀਗਾ, ਉਹ ਤਾਂ ਦੋ ਪੈਸੇ ਦਾ ਰਹਿ ਗਿਆ। ਉਹ ਗੱਲ ਵੀ ਕਰਦੇ ਨੇ ਲੋਕ, ਕਹਿੰਦੇ, ਉਹ ਆਦਮੀ ਕੈਸਾ ਐ? ਉਹ ਤਾਂ ਦੋ ਪੈਸੇ ਦਾ ਵੀ ਨਹੀਂ। ਉਹ ਇਵੇਂ ਈ ਕਹਿੰਦੇ ਨੇ ਕਿ ਉਹ ਤਾਂ ਦੋ ਪੈਸੇ ਦਾ ਵੀ ਨਹੀਂ ਹੈ। ਏਸ ਕਰਕੇ, ਉਹ ਖੋਟੇ ਦਾ ਮੁੱਲ ਕਦੇ ਪਿਆ ਸੋਲ੍ਹਾਂ ਆਨੇ? ਖੋਟੇ ਦਾ ਮੁੱਲ ਦੋ ਪੈਸੇ ਕਹਿ ਦੋ ਜਾਂ ਅਧਿਆਨੀ ਕਹਿ ਦਿਉ–

ਜੇ ਸਾਥਿ ਰਖੀਐ ਦੀਜੈ ਰਲਾਇ ॥

ਜੇ ਖੋਟੇ ਨੂੰ ਸਾਥ ਰੱਖੋਂਗੇ ਤੇ ਥੁਆਡੇ ਨਾਲ ਵੀ ਉਹ ਰਲ ਜੂ ਤੇ ਤੁਸੀਂ ਵੀ ਰਲ ਜਾਉਂਗੇ। ਜਿਸ ਕੋਲ ਤੁਸੀਂ ਬੈਠੋਂਗੇ, ਉਹਦੇ ਸੰਸਕਾਰ ਥੁਆਡੇ ਅੰਦਰ ਆ ਜਾਣਗੇ ਤੇ ਥੁਆਡੇ ਉਹਦੇ ਅੰਦਰ ਚਲੇ ਜਾਣਗੇ ਪਰ ਪੂਰਣ ਬ੍ਰਹਮ ਗਿਆਨੀ ਨਾ ਹੋਵੇ। ਤੁਸੀਂ ਜਾ ਕੇ ਖੋਟੇ ਆਦਮੀ ਕੋਲ ਬੈਠੋ, ਓਹੀ ਗੱਲਾਂ ਥੁਆਡੇ 'ਚ ਵੀ ਆ ਜਾਣਗੀਆਂ। ਉਹਦਾ ਤਾਂ ਸੰਗ ਕਰਨਾ ਵੀ ਮਾੜਾ ਹੈਗਾ ਖੋਟੇ ਦਾ ਤਾਂ–

ਨਾਨਕ ਮਨਮੁਖਾ ਨਾਲੋ ਤੁਟੀ ਭਲੀ ਜਿਨ ਮਾਇਆ ਮੋਹ ਪਿਆਰੁ ॥ (ਪੰਨਾ ੩੧੬)

ਗੁਰੂ ਸਾਹਿਬ ਕਹਿੰਦੇ, ਜਿਨ੍ਹਾਂ ਦਾ ਮਾਇਆ ਦੇ ਮੋਹ ਵਿੱਚ ਪਿਆਰ ਲੱਗਿਆ ਵਿਐ ਉਨ੍ਹਾਂ ਨਾਲੋਂ ਟੁੱਟੀ ਭਲੀ। ਉਨ੍ਹਾਂ ਦੇ ਨਾਲੋਂ ਜੇ ਟੁੱਟ ਜੈ ਤਾਂ ਅੱਗੇ ਵਾਸਤੇ ਤਾਂ ਅੱਛਾ ਹੋ ਜੂ। ਜੇ ਹੋਰ ਕੋਲ ਬੈਠੇਗਾ ਤਾਂ ਉਹ ਕੁਸੰਗ ਦਾ ਅਸਰ ਆ ਜਾਣੈ । ਸਤਿਸੰਗ ਦਾ ਅਸਰ ਵੀ

ਆਉਂਦੈ ਤੇ ਕੁਸੰਗ ਦਾ ਅਸਰ ਵੀ ਆਉਂਦੈ। ਸਤਿਸੰਗ, ਸਤਿ ਨਾਲ ਜੋੜਦੈ ਤੇ ਕੁਸੰਗ ਦੁਨੀਆਂ ਨਾਲ ਜੋੜਦੈ। ਏਸ ਕਰਕੇ, ਉਹਦੇ ਸਾਥ ਵੀ ਭਾਈ ਨਾ ਰਹੋ ਕਦੇ!-

ਜਾ ਪਰਖੀਐ ਖੋਟਾ ਹੋਇ ਜਾਇ ॥

ਤੇ ਜਦ ਫੇਰ ਉਹ ਮਹਾਂਪੁਰਸ਼ਾਂ ਦੀ ਪਰਖ 'ਚ ਗਿਆ, ਫੇਰ ਉਹ ਖੋਟਾ ਨਹੀਂ ਹੋਜੇਗਾ? ਜਦ ਸਰਾਫ ਦੇ ਕੋਲ ਖੋਟਾ ਰੁਪੱਈਆ ਜਾਏਗਾ, ਉਹ ਖੋਟਾ ਸੁੱਟ ਨਹੀਂ ਦਏਗਾ? ਉਹ ਆਖੇਗਾ, ਹੋਰ ਦਿਉ। ਕਿਸੇ ਤੋਂ ਸੌਦਾ ਲਉ ਤੇ ਖੋਟਾ ਰੁਪੱਈਆ ਉਹਨੂੰ ਫੜਾਉ ਉਹ ਲੈ ਲੂਗਾ? ਆਖੇਗਾ ਨਾ, ਲੈ ਜਾ। ਉਹ ਤਾਂ ਪਰਖਣੇ ਸੇ ਫੇਰ ਖੋਟਾ ਹੋ ਜਾਣੈ। ਖੋਟੇ ਨੇ ਤਾਂ ਖੋਟਾ ਹੋ ਈ ਜਾਣੈ। ਜਦ ਤੁਸੀਂ ਪਰਖ ਕਰਾਉਂਦੇ ਸੇ ਚਾਂਦੀ ਦੇ ਰੁਪੱਈਆਂ ਦੀ, ਉਹ ਵਜਾ ਕੇ ਦੱਸ ਨਹੀਂ ਦਿੰਦਾ ਸੀ ਬਈ ਖੋਟਾ ਐ ਭਾਈ? ਉਹ ਪਰਖ 'ਚ ਫੇਰ ਖੋਟਾ ਹੋ ਜੂ। ਉਹ ਧਰਮਰਾਜ ਦੇ ਸਾਹਮਣੇ ਜਾ ਕੇ ਖੋਟਾ ਹੋ ਜੂ-

ਜੈਸਾ ਕਰੇ ਸੁ ਤੈਸਾ ਪਾਵੈ ॥

ਕਹਿੰਦੇ, ਇਹ ਜੀ! ਕਿਉਂ ਐਸਾ ਹੋਇਆ? ਕਹਿੰਦੇ, ਜੇਹੋ ਜਿਹਾ ਜੀਵ ਕਰੇਗਾ, ਉਹਨੂੰ ਉਹੋ ਜਿਹਾ ਪਾਉਣਾ ਪਏਗਾ। ਚੋਰੀ ਦਾ ਫਲ ਚੋਰੀ ਮਿਲੇਗਾ, ਠੱਗੀ ਦਾ ਫਲ ਠੱਗੀ ਮਿਲੇਗਾ, ਧੋਖੇ ਦਾ ਫਲ ਇਹਦੇ ਨਾਲ ਧੋਖਾ ਹੋਏਗਾ। ਏਸ ਕਰਕੇ, ਜੇਹਾ ਜਿਹਾ ਕਰੇਗਾ-

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ ੧੩੪)

ਇਹ ਤਾਂ ਕਰਮਾਂ ਦਾ ਖੇਤ ਐ, ਸਰੀਰ। ਜਿਹੋ ਜਿਹਾ ਕਰੇਗਾ ਉਹੋ ਜੇਹਾ ਈ ਏਸ ਨੂੰ ਭੋਗੇ ਗਾ-

ਆਪਿ ਬੀਜਿ ਆਪੇ ਹੀ ਖਾਵੈ ॥

ਇਹ ਤਾਂ ਗੁਰੂ ਸਾਹਿਬ ਨੇ ਅਰਥ ਈ ਕਰ 'ਤਾ। ਆਪਣਾ ਬੀਜਿਆ ਇਹ ਆਪ ਖਾਏਗਾ । ਆਪਣਾ ਬੁਰਾ ਕੀਤਾ ਇਹਨੂੰ ਆਪ ਈ ਭੋਗਣਾ ਪਏਗਾ। ਲੋਕ ਤਾਂ ਐਵੇਂ ਗਲਤ ਕਹਿੰਦੇ ਨੇ। ਹਾਂ ਦੋ ਆਦਮੀਆਂ ਦਾ ਗ੍ਰੰਥਾਂ ਵਿੱਚ ਲਿਖਿਐ ਬਈ ਗੁਰੂ, ਸ਼ਿਸ਼ ਨੂੰ ਤਿੰਨ ਵਾਰੀ ਕਹੇ ਕਿ ਇਹ ਗੱਲ ਠੀਕ ਨਹੀਂ। ਪਿਤਾ, ਪੁੱਤਰ ਨੂੰ ਤਿੰਨ

ਵਾਰੀ ਜਰੂਰ ਕਹੇ ਬਈ ਇਹ ਠੀਕ ਨਹੀਂ। ਪਤੀ, ਇਸਤਰੀ ਨੂੰ ਤਿੰਨ ਵਾਰ ਜਰੂਰ ਮਾਫੀ ਦੇਵੇ ਬਈ ਇਹ ਠੀਕ ਨਹੀਂ। ਉਹਦਾ ਕਹਿਣ ਦਾ ਹੱਕ ਹੈ, ਦੂਇਆਂ ਦਾ ਤਾਂ ਹੱਕ ਹੀ ਨਹੀਂ ਕੁੱਛ ਕਹਿਣ ਦਾ। ਏਸ ਕਰਕੇ, ਜਿਹੋ ਜਿਹਾ ਉਹ ਬੀਜੇਗਾ, ਉਹੋ ਜਿਹਾ ਖਾਏਗਾ। ਕਿਸੇ ਨੂੰ ਉਹਦਾ ਕੋਈ ਦੁੱਖ ਨਹੀਂ ਹੈ। ਕਰਮੀ ਆਪੋ ਆਪਣੀ ਜੋ ਹੈ, ਜਿਹੜਾ ਕਰੇਗਾ ਓਹੀ ਭਰੇਗਾ, ਲੋਕ ਆਮ ਕਹਿੰਦੇ ਨੇ–

ਜੇ ਵਡਿਆਈਆ ਆਪੇ ਖਾਇ ॥

ਜੇ ਉਹ ਆਪਣੀਆਂ ਵਡਿਆਈਆਂ ਨੂੰ ਆਪੇ ਈ ਖਾਏ। ਆਪਣੀਆਂ ਵਡਿਆਈਆਂ ਆਪ ਈ ਚਾਹੇ ਤੇ ਆਪ ਈ ਕਰੇ–

ਜੇਹੀ ਸੁਰਤਿ ਤੇਹੈ ਰਾਹਿ ਜਾਇ ॥

ਕਹਿੰਦੇ, ਜੇਹੀ ਜਿਹੀ ਉਹਦੀ ਸੁਰਤ ਐ, ਉਹੋ ਜਿਹੇ ਈ ਰਸਤੇ ਜਾਏਗਾ। ਜੇ ਉਹਦੀ ਸੁਰਤ, ਸ਼ਬਦ ਨਾਲ ਜੁੜੀ ਵੀ ਐ ਤਾਂ ਉਹ ਸ਼ਬਦੀ ਪਾਸ ਚਲਿਆ ਜਾਏਗਾ ਤੇ ਜੇ ਉਹਦੀ ਸੁਰਤ ਵਿਕਾਰਾਂ ਨਾਲ ਜੁੜੀ ਵੀ ਐ ਤਾਂ ਵਿਕਾਰ ਈ ਫਲ ਹੋਏਗਾ ਤੇ ਜੇ ਉਹਦੀ ਸੁਰਤ, ਵਿਸ਼ਿਆਂ ਨਾਲ ਜੁੜੀ ਵੀ ਐ ਤਾਂ ਵਿਸ਼ੇ ਈ ਫਲ ਹੋਏਗਾ। ਜੇਹੀ ਜੀ ਸੁਰਤ ਹੋਏਗੀ, ਰਾਹ ਓਹਾ ਜਿਹਾ ਈ ਮਿਲੇਗਾ।ਕਿਉਂ? ਸੁਰਤ ਨੂੰ ਚਾਨਣ ਪ੍ਰਮੇਸ਼ਰ ਨੇ ਦੇਣੈ ਤੇ ਦੇਣੈ ਥੁਆਡੇ ਕਰਮਾਂ ਦੇ ਅਨੁਸਾਰ, ਇਹ ਨਿਯਮ ਹੈ। ਓਸ ਨੇ ਵਾਧਾ ਘਾਟਾ ਨਹੀਂ ਕਰਨਾ। ਉਹ ਤਾਂ ਕਰਮ ਫਲ ਦਾ ਦਾਤੈ ਗਾ। ਫਲਪ੍ਰਦਾਤਾ ਉਹ ਹੁੰਦੈ ਜਦ ਤੱਕ ਸਾਡੇ ਅੰਦਰ ਹੰਕਾਰ ਹੋਵੇ ਉਨ੍ਹਾਂ ਕਰਮਾ ਦੇ ਕਰਕੇ ਜੇ ਅਸੀਂ ਕਰਮ ਕਰੀਏ ਹੰਕਾਰ ਸਹਿਤ ਤਾਂ ਪ੍ਰਮੇਸ਼ਰ ਫਲਪ੍ਰਦਾਤਾ ਹੋ ਜੇਗਾ, ਬਖਸ਼ਿੰਦ ਨਹੀਂ ਹੋ ਸਕਦਾ। ਬਖਸ਼ਿੰਦ ਉਦੋਂ ਹੋਏਗਾ ਜਦ ਅਸੀਂ ਉਹਦੀ ਸ਼ਰਣਾਗਤੀ ਪੈਜਾਂਗੇ। ਬਖਸ਼ਿਸ਼ ਤਾਂ ਸ਼ਰਣ ਗਏ ਦੀ ਹੁੰਦੀ ਐ–

ਜਿਤੇ ਸ਼ਰਨ ਜੈਹੈ ਤਿਤਿਓ ਰਾਖ ਲੈਹੈ ॥
ਬਿਨਾ ਸ਼ਰਨ ਤਾ ਕੀ ਨਹੀ ਔਰ ਓਟੰ ॥
ਲਿਖੇ ਜੰਤ੍ਰ ਕੇਤੇ ਪੜੇ ਮੰਤ੍ਰ ਕੋਟੰ ॥
ਬਚੇਗਾ ਨ ਕੋਈ ਕਰੇ ਕਾਲ ਚੋਟੰ ॥

ਜਿਤੇ ਸ਼ਰਨ ਜੈਹੈ ਤਿਤਿਓ ਰਾਖ ਲੈਹੈ ॥ (ਦਸਮ ਗ੍ਰੰਥ)

ਜਿੰਨੇ ਸ਼ਰਣ ਆਏ ਚਾਹੇ ਕਬੀਰ ਆਇਆ, ਨਾਮਦੇਵ ਆਇਆ, ਧੰਨਾ ਆਇਆ, ਰਵਿਦਾਸ ਆਇਆ, ਜੈਦੇਵ ਆਇਆ ਸਾਰੇ ਰੱਖ ਲਏ। ਸ਼ਰਣਾਗਤੀ ਆਇਆ ਕੋਈ ਮੁੜਕੇ ਨਹੀਂ ਗਿਆ, ਉਹ ਤਾਂ ਪੁੱਗ ਗਿਆ, ਉਹਦੇ ਤੇ ਤਾਂ ਬਖਸ਼ਿਸ਼ ਹੋ ਗੀ, ਉਹ ਤਾਂ ਬਖਸ਼ਿਆ ਗਿਆ ਤੇ ਜਿੰਨਾਂ ਚਿਰ ਇਹਦੇ ਅੰਦਰ ਪ੍ਰਛਿੰਨ ਹੰਕਾਰ ਹੈ ਓਨਾਂ ਚਿਰ ਇਹਨੂੰ ਕਰਮ ਫਲ ਭੋਗਣਾ ਪਊ। ਪ੍ਰਮੇਸ਼ਰ ਕਰਮ ਦੇ ਅਨੁਸਾਰ ਈ ਫਲਪ੍ਰਦਾਤਾ ਹੋਏਗਾ, ਬਖਸ਼ਿੰਦ ਨਹੀਂ ਹੋਏਗਾ। ਬਖਸ਼ਿੰਦ ਤਾਂ ਸ਼ਰਣਾਗਤੀ ਨੂੰ ਦਿੱਤੀ। ਓਨਾਂ ਚਿਰ ਫਲਪ੍ਰਦਾਤਾ ਐ ਪ੍ਰਮੇਸ਼ਰ। ਓਹ ਆਪਣਾ ਕੀਤਾ ਇਹਨੂੰ ਆਪ ਭੋਗਣਾ ਪਏਗਾ–

ਜੇ ਸਉ ਕੂੜੀਆ ਕੂੜੁ ਕਬਾੜੁ ॥

ਜੇ ਸੌ ਵਾਰ ਕੂੜ ਕਰੇਗਾ–

ਕੂੜੀਆ ਕੂੜੁ ਕਬਾੜੁ ॥

ਕੂੜ ਦਾ ਵੀ ਕਬਾੜ ਇਹਦੇ ਅੰਦਰ ਭਰਿਆ ਜਾਏਗਾ। ਆਹ, ਤੁਸੀਂ ਕਿਸੇ ਨਾਲ ਗੱਲ ਕਰੋ ਜਿਹੜਾ ਬਹੁਤਾ ਝੂਠ ਬੋਲਦਾ ਹੋਵੇ, ਉਹ ਵੀਹ ਗੱਲਾਂ ਝੂਠੀਆਂ ਈ ਮਿਲਾ ਦਏਗਾ। ਕਿਉਂ? ਉਹਦੇ ਅੰਦਰ ਝੂਠ ਈ ਭਰਿਆ ਵਿਆ ਹੁੰਦੈ। ਜੇ ਉਹਨੂੰ ਆਖੋ ਸੱਚ ਬੋਲੇ, ਓਹ ਬੋਲੂ? ਉਹ ਤਾਂ ਹਾਕਮਾਂ ਦੇ ਸਾਮ੍ਹਣੇ ਨਹੀਂ ਬੋਲਦਾ ਜਾ ਕੇ ਤੇ ਇਹਨੇ ਅੰਦਰ ਕਬਾੜ ਭਰਿਆ, ਝੂਠ ਭਰਿਆ, ਓਹਨੇ ਸੱਚ ਥੋੜੇ ਭਰਿਆ ਹੈ। ਉਹਦੇ ਹਿਰਦੇ 'ਚ ਅੰਤਹਕਰਣ 'ਚ, ਉਹਦੀ ਬੁੱਧੀ 'ਚ ਕੂੜ ਕਬਾੜ ਭਰਿਆ ਪਿਐ। ਉਹ ਜਿਹੜੇ ਕਰਮ ਨੇ ਉਨ੍ਹਾਂ ਦੇ ਅਨੁਸਾਰ ਈ ਉਹਨੂੰ ਰਸਤਾ ਮਿਲਣੈ ਉਹ ਤਾਂ ਓਧਰੇ ਈ ਜਾਏਗਾ, ਕੁਸੰਗੀ–

ਭਾਵੈ ਸਭੁ ਆਖਉ ਸੰਸਾਰੁ ॥

ਸਾਰਾ ਸੰਸਾਰ ਆਖੇ, ਬੜਾ ਲਾਇਕ ਐ ਪਰ ਉਹਦੇ ਅੰਦਰ ਤਾਂ ਕੂੜ ਕਬਾੜ ਭਰਿਆ ਵਿਐ। ਥੁਆਡੇ ਵੋਟਾਂ ਨਾਲ ਤਾਂ ਨਹੀਂ ਉਹ ਸੱਚਾ ਹੋਜੂਗਾ?

ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ ॥

ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ ॥

(ਪੰਨਾ ੪੬੮)

ਫੇਰ ਇਹ ਤਨ ਮਨ ਧੋ ਕੇ ਅੱਛਾ ਕਰ ਲਏਗਾ–

ਸਚੁ ਸਭਨਾ ਹੋਇ ਦਾਰੂ ॥

ਏਸ ਦੇ ਅੰਤਹਕਰਣ ਨੂੰ ਸੱਚ ਨੇ ਸਾਫ ਕਰਨੈ। ਝੂਠ ਨੇ ਤਾਂ ਮੈਲਾ ਕਰਨੈ, ਝੂਠ ਤਾਂ ਕੂੜ ਕਬਾੜ ਹੈ। ਜੈਸੇ ਕਹਿੰਦੇ ਨੇ ਬਈ ਆਹ ਕੂੜ ਕਬਾੜ ਭਰਿਆ ਪਿਐ, ਪਰ੍ਹੇ ਸਿੱਟੋ। ਇਹ ਤਾਂ ਝੂਠ ਕਬਾੜ ਭਰਿਐ ਇਹਨੇ, ਚਾਹੇ ਸਾਰੇ ਲੋਕ ਉਹਨੂੰ ਆਖਣ, ਬੜਾ ਚੰਗੈ। ਉਹਦੇ ਅੰਦਰ ਤਾਂ ਕਬਾੜ ਐ। ਏਸ ਕਰਕੇ, ਗੁਰੂ ਸਾਹਿਬ ਕਹਿੰਦੇ, ਇਹ ਬਾਤ ਹੈ ਭਾਈ, ਉਹਨੂੰ ਰਾਹ ਈ ਓਹੋ ਜਿਹਾ ਮਿਲੇਗਾ–

ਤੁਧੁ ਭਾਵੈ ਅਧੀ ਪਰਵਾਣੁ ॥

ਕਹਿੰਦੇ, ਜੇ ਤੈਨੂੰ ਭਾਅ ਜੀਏ, ਪ੍ਰਮੇਸ਼ਰ ਤੂੰ ਖੁਸ਼ ਹੋਜੈਂ ਤਾਂ ਅੱਧੀ ਰੋਟੀ ਵੀ ਸਾਨੂੰ ਪਰਵਾਣ ਐਂ। ਫੇਰ ਤਾਂ ਅੱਧੀ ਰੋਟੀ ਵੀ ਪਰਵਾਣ ਐਂ ਜੇ ਪ੍ਰਮੇਸ਼ਰ ਨੂੰ ਭਾਅ ਜਾਈਏ। ਤੇ ਬਿਦਰ, ਖਿਚੜੀ ਈ ਵਿਚਾਰਾ ਖਾਂਦਾ ਸੀਗਾ, ਸਮਝ ਗਏ? ਤੇ ਲਾਲੋ ਕੋਧਰਾ ਈ ਖਾਂਦਾ ਹੁੰਦਾ ਸੀਗਾ ਤੇ ਮਲਕ ਭਾਗੋ ਤਾਂ ਰੋਜ ਪੂੜੀਆਂ ਈ ਖਾਂਦਾ ਸੀ, ਸਮਝ ਗਏ? ਪਰ ਭਾਅ ਤਾਂ ਗਿਆ ਸੀ, ਜੇ ਨਾਂ ਭਾਇਆ ਹੁੰਦਾ ਲਾਲੋ ਤੇ ਗੁਰੂ ਨਾਨਕ ਦੇਵ ਉਹਦੇ ਘਰ ਕਿਉਂ ਜਾਂਦੇ, ਬਹਿੰਦੇ? ਉਹ (ਮਲਿਕ ਭਾਗੋ) ਬੁਲਾਉਣ ਆਇਆ ਸੀ? ਜਦ ਚੱਲੇ ਨੇ ਨਨਕਾਣੇ ਸਾਹਿਬ ਸੇ। ਓਥੇ ਗਏ ਨੇ ਤੇ ਕਿੱਥੇ ਬੈਠੇ ਨੇ? ਲਾਲੋ ਦੇ ਘਰ ਜਾਕੇ ਬੈਠੇ ਨੇ, ਉਹ ਕੋਧਰੇ ਦੀ ਰੋਟੀ ਖਾਧੀ ਐ। ਜਦ ਮਲਕ ਭਾਗੋ ਨੇ ਨਿਮੰਤ੍ਰਣ ਦਿੱਤਾ, ਬ੍ਰਹਮ–ਭੋਜ ਕੀਤਾ, ਨਿਮੰਤ੍ਰਣ ਦੇਣ ਗਏ। ਓਹਨੇ ਆਖਿਆ ਨਾ ਬਈ! ਅਸੀਂ ਨਹੀਂ ਜਾਣਾ। ਓਹਨੇ ਪੰਜ ਕੁ ਆਦਮੀ ਭੇਜੇ ਬਈ ਜੇ ਊਂ ਨੀ ਆਉਂਦੇ ਤਾਂ ਐਂ (ਚੱਕ ਕੇ) ਲੈਕੇ ਆਓ। ਮੈਂ ਵੀ ਖੱਤਰੀ ਤੇ ਉਹ ਵੀ ਖੱਤਰੀ। ਮੈਂ ਬ੍ਰਹਮ–ਭੋਜ ਕੀਤੈ ਤੇ ਉਹ ਸ਼ੂਦਰ ਦੇ ਕੋਧਰਾ ਖਾਂਦੈ ਬੈਠਾ, ਖੱਤਰੀ ਹੋਕੇ। ਜਦ ਓਹਨੇ ਆਖਿਆ ਮਹਾਰਾਜ! ਅਸੀ ਆਏਂ ਆਂ, ਉਹ ਜਬਰਦਸਤ ਐ। ਜੇ ਤੁਸੀਂ ਸਾਨੂੰ ਰੱਖਣੈ ਤਾਂ ਇੱਕ ਵਾਰ ਓਥੇ ਚੱਲੋਂ ਤਾਂ ਸਾਡੀ ਨੌਕਰੀ ਰਹਿ ਜੂ। ਗੁਰੂ ਸਾਹਿਬ ਨੇ ਆਖਿਆ

ਚੱਲੋ। ਉਨ੍ਹਾਂ (ਨੌਕਰਾਂ) ਤੇ ਰਹਿਮ ਕਰਕੇ ਗਏ ਨੇ। ਫੇਰ ਆਖਿਆ (ਮਲਿਕ ਭਾਗੋ) ਤੁਸੀ ਉਹ ਸ਼ੂਦਰ ਦੇ ਕੋਧਰੇ ਦੀ ਰੋਟੀ ਖਾਂਦੇ ਹੋਂ ਤੇ ਮੇਰੇ ਬ੍ਰਹਮ–ਭੋਜ ਨੂੰ ਜੁਆਬ ਦਿੰਨੇ ਓਂ। ਓਹ ਕਹਿੰਦੇ, ਖਾਣ ਵਾਲਾ ਨਹੀਂ। ਅਖੇ ਇਹਦੀ ਕੀ ਨਿਸ਼ਾਨੀ? ਅਖੇ ਜਾਹ ਲਾਲੋ! ਉਹ ਪਿਆ ਹੋਣੈ ਟੁੱਕ (ਰੋਟੀ ਦਾ ਟੁਕੜਾ) ਉਹ ਲੈ ਆ। ਤੇ (ਭਾਗੋ) ਤੂੰ ਵੀ ਲੈ ਆ, ਉਹ ਸਾਰਾ ਜੋ ਬਣਾਇਐ। ਤੇ ਉਹਦੇ ਸਾਹਮਣੇ (ਨਿਚੋੜ ਕੇ) ਦਿਖਾਇਆ। ਅਖੇ ਦੱਸੋ, ਇਹ ਲਹੂ ਖਾਣ ਆਲੈ? ਇਹ ਤਾਂ ਦੁੱਧ ਐ, ਸਮਝ ਗੇ? ਇਹ ਬਾਤ ਐ ਭਾਈ। ਅੱਧੀ ਪਰਵਾਣ ਹੈ ਜੇ ਪ੍ਰਮੇਸ਼ਰ ਨੂੰ ਭਾਅ ਜੀਏ। ਤਾਂ ਤਾਂ ਬੱਸ ਜੇਹਾ ਜਿਹਾ ਮਿਲਿਆ ਓਹੀ ਪਰਵਾਣ ਐਂ। ਪਰ ਪ੍ਰਮੇਸ਼ਰ ਨੂੰ ਭਾਅ ਜਾਈਏ। ਪ੍ਰਮੇਸ਼ਰ ਸਾਡੇ ਤੇ ਖੁਸ਼ ਹੋ ਜੈ। ਭਾਈ ਲਾਲੋ ਤੇ ਪੂਰਾ ਖੁਸ਼ ਨਹੀਂ ਸੀ? ਬਖਸ਼ਿਆ ਨਹੀਂ ਉਹਨੂੰ? ਹਾਂ ਆਪ ਬਖਸ਼ਿਆ ਜਾਕੇ–

ਨਾਨਕ ਜਾਣੈ ਜਾਣੁ ਸੁਜਾਣੁ ॥

ਅਖੇ, ਉਹ ਪ੍ਰਮੇਸ਼ਰ ਜਾਣੀ ਜਾਣ ਹੈ, ਸੁਜਾਣ ਹੈ, ਸਰਬ ਗਿਆਤਾ ਹੈ ਜੋ ਸਰਬੱਗ ਐ ਉਹ ਸਭ ਵਿੱਚ ਸਭ ਨੂੰ ਜਾਣਨੇ ਵਾਲਾ, ਜਿਸ ਨੂੰ ਸਧਾਰਣ, ਅਸਧਾਰਣ ਦੋਨੋਂ ਗਿਆਨ ਨੇ। ਉਹ ਪ੍ਰਮੇਸ਼ਰ ਸਭ ਜਾਣਦੈ। ਓਹਨੇ ਕਿਸੇ ਦੇ ਆਖੇ ਤੇ ਨਹੀਂ ਬਖਸ਼ਣਾ, ਓਹਨੇ ਤਾਂ ਸੱਚ ਨੂੰ ਬਖਸ਼ਣੈ। ਉਹ ਤਾਂ ਨਿਆਇਕਾਰੀ ਹੈ, ਕਿਰਪਾਲੂ ਹੈ, ਦਿਆਲੂ ਐ ਪਰ ਨਿਆਇਕਾਰੀ ਵੀ ਹੈਗਾ ਨਾਲ। ਏਸ ਕਰਕੇ, ਉਹ ਇੱਕ ਸਮਾਜੀ ਮਤਿ ਹੈਗਾ, ਬਾਂਗਰ ਮੇਂ ਹੈ ਖਾਸਾ। ਉਹ ਕਹਿੰਦੇ, ਜੀ ਜੇ ਪ੍ਰਮੇਸ਼ਰ ਦਿਆਲੂ ਐ ਤਾਂ ਨਿਆਇਕਾਰੀ ਨਹੀਂ ਹੋ ਸਕਦਾ। ਜੇ ਨਿਆਇਕਾਰੀ ਹੈ ਤਾਂ ਦਿਆਲੂ ਨਹੀਂ ਹੋ ਸਕਦਾ। ਜੇ ਦਇਆ ਕਰੇਗਾ ਤਾਂ ਫੇਰ ਨਿਆਏ ਕੈਸੇ ਰਹਿ ਗਿਆ? ਉਹਦੇ ਤੇ ਦਇਆ ਕਰ 'ਤੀ ਛੱਡ 'ਤਾ। ਜੇ ਨਿਆਏ ਕਰੇਗਾ ਤਾਂ ਦਇਆਲਤਾ ਕੈਸੇ ਕਰ ਸਕਦੈ? ਉਹਦੇ ਅਪਰਾਧ ਦੀ ਉਹਨੂੰ ਕਰਨੀ ਪੈਣੀ ਐਂ। ਇਹ ਉਨ੍ਹਾਂ ਦੀ ਸ਼ੰਕੈ ਰੋਹਤਕ ਜਿਲ੍ਹੇ ਦੀ। ਮੈਂ ਆਖਿਆ ਨਾ ਭਾਈ ਐਂ ਨਹੀਂ। ਉਨ੍ਹਾਂ ਆਖਿਆ, ਕਿਉਂ? ਮੈਂ ਆਖਿਆ ਥੁਆਨੂੰ ਅਸੀਂ ਇੱਕੋ ਉਦਾਹਰਣ ਦਿੰਨੇ ਆਂ ਫੇਰ ਹੋਰ ਦੇਵਾਂਗੇ, ਉਹ ਸੁਣ ਲਉ। ਅਖੇ, ਸੁਣਾਉ। ਮੈਂ ਆਖਿਆ, ਗਊ ਜੋ

ਹੁੰਦੀ ਐ, ਕਹਿੰਦੇ ਹਾਂ। ਜਦ ਉਹ ਪਹਿਲੇ ਦਿਨ ਸੂੰਦੀ ਐ, ਉਹਦਾ ਬੱਚਾ ਗੋਹੇ 'ਚ ਲਿੱਬੜ ਜਾਂਦੈ, ਕੈਹਾ ਜਿਹਾ ਹੁੰਦੈ? ਅਖੇ ਹਾਂ ਜੀ, ਡਿੱਗ ਪੈਂਦੈ, ਲਿੱਬੜ ਜਾਂਦੈ ਉਹਦੇ ਗੋਹੇ 'ਚ।ਮੈਂ ਆਖਿਆ, ਉਹਨੂੰ ਉਹ ਚੱਟ ਕੇ ਚਿੱਟਾ ਨਹੀਂ ਬਣਾਅ ਦਿੰਦੀ? ਕਹਿੰਦੇ , ਜੀ ਬਣਾਅ ਦਿੰਦੀ ਐ। ਮੈਂ ਕਿਹਾ, ਉਹ ਗੋਹਾ ਕਿੱਥੇ ਗਿਆ ਜਿਹੜਾ ਓਹਨੇ ਚੱਟਿਆ? ਅਖੇ ਜੀ ਗਊ ਦੇ ਅੰਦਰ ਗਿਆ। ਮੈਂ ਕਿਹਾ, ਤੁਸੀਂ ਉਹਦੇ ਕੱਖਾਂ ਨੂੰ ਗੋਹਾ ਲਾ ਕੇ ਰੱਖ ਦੋ ਜੇ ਉਹ ਕੱਖ ਖਾ ਗੀ ਤਾਂ ਮੈਨੂੰ ਫੜ ਲਿਉ। ਗਊ ਦਾ ਗੋਹਾ ਲਾ ਦੋ ਕੱਖਾਂ ਨੂੰ, ਉਹਦੇ ਅੱਗੇ ਰੱਖ ਦੋ, ਕਦੇ ਨਹੀਂ ਖਾਏਗੀ, ਭੁੱਖੀ ਮਰ ਜੇਗੀ। ਪਰ ਓਦਣ ਉਹ ਗੋਹਾ ਸਾਰਾ ਚੱਟ ਗੀ, ਉਹਦੇ ਅੰਦਰ ਗਿਆ। ਉਹ ਵੀ ਤਾਂ ਗਊ ਦਾ ਹੀ ਗੋਹਾ ਸੀਗਾ, ਕਿਉਂ? ਬੱਸ ਉਹ ਉਹਦੇ ਤੇ ਐਸ ਲੋਟ ਦੀ ਦਿਆਲੂ ਸੀ, ਉਹਨੂੰ ਪਤਾ ਈ ਨਹੀਂ ਲੱਗਿਆ ਬਈ ਉਹ ਗੋਹਾ ਮੇਰੇ ਅੰਦਰ ਗਿਆ ਕਿ ਨਹੀਂ।ਇਉਂ ਜਦ ਪ੍ਰਮੇਸ਼ਰ ਦਇਆ ਕਰਦੈ, ਭਗਤਾਂ ਨੂੰ ਉਹ ਬਖਸ਼ ਦਿੰਦੈ। ਫੇਰ ਉਹਦੀ ਦਇਆ, ਐਨ ਸਫਲ ਹੋ ਜਾਂਦੀ ਐ। ਜਦ ਗਊ ਦਿਆਲੂ ਵੀ ਹੋ ਸਕਦੀ ਐ ਤੇ ਨਿਆਇਕਾਰੀ ਵੀ ਹੋ ਸਕਦੀ ਐ। ਨਿਆਇਕਾਰੀ ਤੇ ਉਹ ਆਪਣਾ ਗੋਹਾ ਲੱਗਿਆ ਕੱਖ ਨਹੀਂ ਖਾਂਦੀ। ਇਹ ਨਿਆਇਕਾਰੀ ਐ ਤੇ ਦਿਆਲੂ ਇਹ ਐਂ ਬਈ ਸਾਰਾ ਵੱਛੇ ਦਾ ਚੱਟ ਕੇ ਗੋਹਾ, ਉਹਦੇ ਅੰਦਰ ਚਲਿਆ ਜਾਊ, ਉਹਨੂੰ ਪਤਾ ਵੀ ਨਹੀਂ। ਏਸ ਕਰਕੇ, ਪ੍ਰਮੇਸ਼ਰ ਭਗਤਾਂ ਤੇ ਐਵੇਂ ਜੀਕਣ ਦਇਆਕਾਰੀ ਵੀ ਹੈ ਤੇ ਨਿਆਇਕਾਰੀ ਵੀ ਐ, ਇਹ ਇਕੱਠਾ ਹੈਗਾ। ਕਹਿੰਦੇ ਹਾਂ! ਗੱਲ ਤਾਂ ਬਈ ਠੀਕ ਐ। ਬਈ ਏਸ ਕਰਕੇ, ਪ੍ਰਮੇਸ਼ਰ ਸਰਬੱਗ ਹੈ, ਸਭ ਜਾਣਦੈ ਤੇ ਫੇਰ ਉਹ ਦਿਆਲੂ ਵੀ ਹੈ ਤੇ ਨਿਆਇਕਾਰੀ ਵੀ ਹੈ। ਉਹ ਐਹਾ ਜਿਹਾ ਪ੍ਰਮੇਸ਼ਰ ਐ, ਉਹ ਆਪ ਈ ਸਹੀ ਸਭ ਕੁੱਛ ਕਰ ਦਿੰਦੈ। ਸ਼ਰਣ ਆਇਆਂ ਦੇ ਉੱਤੇ ਪੂਰਾ ਦਿਆਲੂ ਐ ਤੇ ਹੰਕਾਰ ਵਾਲਿਆਂ ਤੇ ਉਹ ਪੂਰਾ ਨਿਆਇਕਾਰੀ ਐ–

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਉਹ ਕਿੱਧਰ ਗਿਆ ਹੁਣ ਲੇਖਾ ਸਾਰਾ ਜਦ ਉਹ ਸ਼ਰਣ ਆਇਆ,

ਉਹਦੇ ਤੇ ਬਖਸ਼ਿਸ਼ ਕਰ 'ਤੀ। ਉਹਦੇ ਸਾਰੇ ਪਾਪ ਚਲੇ ਗਏ। ਸੱਜਣ (ਠੱਗ) ਦਾ ਕੋਈ ਪਾਪ ਰਿਹਾ? ਸਧਨੇ (ਕਸਾਈ) ਦਾ ਕੋਈ ਪਾਪ ਰਿਹਾ? ਵੇਸਵਾ (ਗਨਕਾ) ਦਾ ਕੋਈ ਪਾਪ ਰਿਹਾ? ਅਜਾਮਲ (ਪਾਪੀ) ਦਾ ਕੋਈ ਪਾਪ ਰਿਹਾ? ਦੱਸੋ ਕਿੱਥੇ ਗਏ? ਉਹ ਤਾਂ ਬਖਸ਼ ਤੇ ਉਨ੍ਹਾਂ ਦੇ ਪਾਪ ਕੌਣ ਭੋਗੇਗਾ?

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਉਹਦਾ ਲੇਖਾ ਮੁੱਕ ਜਾਂਦੈ ਤੇ ਜਿੰਨਾਂ ਚਿਰ ਤੁਸੀਂ ਆਪਣੀ ਬੁੱਧੀ ਦਾ, ਆਪਣੇ ਮਨ ਦਾ, ਆਪਣੀ ਵਿੱਦਿਆ ਦਾ, ਆਪਣੀਆਂ ਜਾਤੀਆਂ, ਮਜ਼੍ਹਬਾਂ ਦਾ ਅਭਿਮਾਨ ਰੱਖੋਂਗੇ, ਉਦੋਂ ਤੱਕ ਈਸ਼ਰ ਵੀ ਨਿਆਇਕਾਰੀ ਐ, ਉਹ ਫਲਪ੍ਰਦਾਤੈ। ਥੁਆਡਾ ਕਰਮ ਥੁਆਨੂੰ ਈ ਭੋਗਣਾ ਪਏਗਾ। ਇਹ ਬਾਤ ਐ, ਉਹ ਸਭ ਕੁੱਛ ਜਾਣੀ ਜਾਣ ਹੈ। ਉਹ ਲਿਖਿਐ ਬੁੱਲੇ ਸ਼ਾਹ ਨੇ 'ਜਾਣ ਦੀਪ'। ਉਹ ਜਿਹੜਾ ਜਾਣਦੈ ਗਾ, ਉਹਨੂੰ ਤੂੰ ਆਪਣਾ ਰੂਪ ਸਮਝ। ਓਥੇ ਓਹਨੇ ਲਿਖਿਐ, ਜਿਹੜੀ ਉਹ ਬੁੱਧੀ ਜਾਣਦੀ ਐ ਸਭ ਚੀਜਾਂ ਨੂੰ, ਜਿਹੜਾ ਉਹਨੂੰ ਜਾਣਦੈ ਬੁੱਧੀ ਨੂੰ, ਉਹਨੂੰ ਤੂੰ ਆਪਣਾ ਸਰੂਪ ਸਮਝ। ਉਹ ਚੇਤਨ ਐਂ ਤੇਰਾ ਆਪਣਾ ਆਪ ਐ, ਤੇਰਾ ਆਤਮਾ ਹੈ। ਉਹ ਹੈ ਸਰਬੱਗ। ਪੜ੍ਹਦੇ ਪਿਛਲੀ ਪੰਕਤੀ–

ਤੁਧੁ ਭਾਵੈ ਅਧੀ ਪਰਵਾਣੁ ॥ ਨਾਨਕ ਜਾਣੈ ਜਾਣੁ ਸੁਜਾਣੁ ॥

ਉਹਨੂੰ ਨਹੀਂ ਪਤਾ ਇਹਨੂੰ ਪੀੜ ਹੈ? ਜਾਂ ਇਹਨੂੰ ਕੁੱਛ ਚਾਹੀਦੈ। ਓਹਨੇ ਰਾਹੇ ਪਾ ਦੇਣੈ।

ਬੋਲੋ ਭਾਈ ਸਤਿਨਾਮੁ ਸ੍ਰੀ ਵਾਹਿਗੁਰੂ!

ਸਤਿਗੁਰ ਪ੍ਰਸਾਦਿ॥

੬੦

ਸੋਰਠਿ ਮਹਲਾ ੫ ॥

ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥
ਗੁਣ ਨਿਧਾਨ ਭਗਤਨ ਕਉ ਬਰਤਨਿ ਬਿਰਲਾ ਪਾਵੈ ਕੋਈ ॥ ੧॥
ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥
ਜਾ ਕੀ ਸਰਣਿ ਪਇਆਂ ਸੁਖੁ ਪਾਈਐ ਬਾਹੁੜਿ ਦੂਖੁ ਨ ਹੋਈ॥ ੧॥ ਰਹਾਉ॥
ਵਡਭਾਗੀ ਸਾਧਸੰਗੁ ਪਰਾਪਤਿ ਤਿਨ ਭੇਟਤ ਦੁਰਮਤਿ ਖੋਈ ॥
ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥ ੨॥ ੫॥ ੩੩॥

(ਪੰਨਾ ੬੧੭)

ਸਾਰੀ ਸੰਗਤ ਕਿਰਪਾ, ਦਇਆ, ਮੇਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਸੋਰਠਿ ਮਹਲਾ ੫ ॥

ਅਬਿਨਾਸੀ ਜੀਅਨ ਕੋ ਦਾਤਾ

ਨਾਸ ਤੇ ਰਹਿਤ ਜੋ ਪ੍ਰਮੇਸ਼ਰ ਐ, 'ਅਬਿਨਾਸੀ', ਉਹ ਵਿੱਸਰ ਨਾ ਜਾਏ। ਪ੍ਰਮੇਸ਼ਰ ਸਾਰੇ ਜੀਵਾਂ ਦੀ ਉਤਪਤੀ, ਪਾਲਣਾ, ਲੈਅ ਕਰਦੈ ਗਾ। ਉਹ ਸਾਰੇ, ਚਾਰ ਖਾਣੀ ਜੀਵਾਂ ਦਾ ਦਾਤੈ ਗਾ, ਸਾਰਿਆਂ ਦਾ ਰਾਖੈ ਗਾ–

ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਜੋ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਬੈਠੈ ਪ੍ਰਮੇਸ਼ਰ, ਉਹ ਸਾਰੇ

ਜੀਆਂ ਦਾ ਦਾਤਾ ਹੈਗਾ–

ਸਿਮਰਤ ਸਭ ਮਲੁ ਖੋਈ ॥

ਪਰ ਜੀਵ ਦੇ ਵਾਸਤੇ ਇੱਕੋ ਈ ਕਰਤੱਬ ਹੈ, ਉਹਦਾ ਸਿਮਰਨ ਨਹੀਂ ਛੱਡਣਾ ਕਦੇ, ਥੁਆਡੇ ਅੰਤਹਕਰਣ ਦੀ ਸਾਰੀ ਮੈਲ ਖੋਈ ਜਾਊਗੀ, ਧੋਤੀ ਜਾਊਗੀ। ਅੰਤਹਕਰਣ ਸ਼ੁੱਧ ਹੋਜੇਗਾ, ਸ਼ੁੱਧ ਸ਼ੀਸ਼ੇ ਦੇ ਵਿੱਚ ਮੁੱਖ ਸ਼ੁੱਧ ਦਿਸੇਗਾ। ਜਦ ਸ਼ੁੱਧ ਸ਼ੀਸ਼ੇ ਸਾਮ੍ਹਣੇ ਆ ਜਾਂਦੈ, ਏਸ ਨੂੰ ਮੁੱਖ ਜਿਉਂ ਕਾ ਤਿਉਂ ਠੀਕ ਦਿਸਦੈ। ਇਹ ਜਿਹੜਾ ਮਨ ਹੈ ਬਿਰਤੀ, ਜਦ ਇਹ ਮਨ ਸ਼ੁੱਧ ਹੋ ਗਿਆ ਤਾਂ ਇਹਨੂੰ ਆਪਣੇ ਸਰੂਪ ਦੀ ਗਿਆਤ ਹੋ ਜਾਂਦੀ ਐ। ਬੱਸ ਇੱਕ ਉਪਦੇਸ਼ ਮਾਤਰ ਈ ਹੁੰਦੈ। ਇਹਨੂੰ ਆਪਣੇ ਸਰੂਪ ਦਾ ਗਿਆਨ ਹੋ ਜਾਂਦੈ। ਇਹਦਾ ਸ਼ੁੱਧ ਅੰਤਹਕਰਣ ਐਂ ਮਨ, ਉਹ ਸ਼ੀਸ਼ੇ ਦੀ ਨਿਆਈਂ ਅਭੀ ਵਿਅੰਜਕ ਹੈ। ਅਭੀ ਵਿਅੰਜਕ ਉਹਨੂੰ ਕਹਿੰਦੇ ਨੇ ਜਿਹੜਾ ਪ੍ਰਗਟ ਕਰੇ, ਅਭੀ ਵਿਅੰਗ ਉਹਨੂੰ ਕਹਿੰਦੇ ਨੇ ਜਿਹੜਾ ਪ੍ਰਗਟ ਹੋਵੇ। ਜਦ ਸ਼ੀਸ਼ੇ ਸਾਮ੍ਹਣੇ ਆਉਂਦੈ, ਮੁੱਖ ਜਿਉਂ ਕਾ ਤਿਉਂ ਦਿਸ ਪੈਂਦੈ। ਏਸ ਕਰਕੇ ਭਾਈ, ਤੁਸੀਂ ਸਿਮਰਨ ਨਹੀਂ ਛੱਡਣਾ–

ਸਿਮਰਿ ਸਿਮਰਿ ਨਾਮੁ ਬਾਰੰ ਬਾਰ ॥
ਨਾਨਕ ਜੀਅ ਕਾ ਇਹੈ ਅਧਾਰ ॥ (ਪੰਨਾ ੨੯੫)

ਹੇ ਜੀਵ! ਤੈਂ ਸਿਮਰਨ ਨਹੀਂ ਕਦੇ ਪ੍ਰਮੇਸ਼ਰ ਦਾ ਛੱਡਣਾ, ਤੇਰੀ ਸਾਰੀ ਮੈਲ ਧੋਤੀ ਜਾਊ। ਇਹ ਸਾਰਿਆਂ 'ਚੋਂ ਉੱਚੀ ਦਵਾਈ ਐ–

ਸਰਬ ਰੋਗ ਕਾ ਅਉਖਦੁ ਨਾਮ॥
ਕਲਿਆਣ ਰੂਪ ਮੰਗਲ ਗੁਣ ਗਾਮ॥ (ਪੰਨਾ ੨੭੪)

ਸਾਰੀਆਂ ਬਿਮਾਰੀਆਂ ਦੀ ਇੱਕ ਦਵਾਈ ਐ 'ਨਾਮ'। ਜਿੰਨੀਆਂ ਵੀ ਬਿਮਾਰੀਆਂ ਨੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਤ੍ਰਿਸ਼ਨਾ, ਇਹ ਸਾਰਿਆਂ ਨੂੰ ਕੱਟ ਦਿੰਦੈ। ਜਦ ਇਹਦਾ ਸਿਮਰਣ ਸਿਰੇ ਚੜ੍ਹ ਜਾਂਦੈ ਪੂਰਨ ਇਕਾਗਰਤਾ ਮੇਂ, ਇੱਕ ਅੱਗੇ ਮਨ ਦੇ ਰਹਿ ਜਾਂਦੈ ਪ੍ਰਮੇਸ਼ਰ। ਬਾਕੀ ਇਹ ਸਭ ਸਾਫ ਹੋ ਜਾਂਦੈ ਪਰ ਇਹਦੀ ਕੀ ਦਵਾਈ ਹੈ? ਸਿਮਰਣ–

ਗੁਣ ਨਿਧਾਨ ਭਗਤਨ ਕਉ ਬਰਤਨਿ

ਗੁਣਾਂ ਦਾ ਜਿਹੜਾ ਖਜਾਨਾ ਪ੍ਰਮੇਸ਼ਰ, ਭਗਤਾਂ ਦੀ ਉਹਦੇ ਨਾਲ ਈ ਸਾਰੀ 'ਬਰਤਨਿ' (ਵਰਤਣ) ਹੁੰਦੀ ਐ। ਜੈਸੇ ਥੁਆਡੀ ਵਰਤਣ ਹੁੰਦੀ ਐ, ਥੁਆਡੇ ਜਿਹੜੇ ਨਜਦੀਕੀ ਨੇ ਉਹ ਵਿਆਹ ਦੇ ਵਿੱਚ ਆਉਂਦੇ ਨੇ, ਉਹ ਵਿਆਹ ਤੇ ਥੁਆਨੂੰ ਮੱਦਦ ਦਿੰਦੇ ਨੇ। ਭਗਤਾਂ ਦੀ ਇੱਕੋ ਈ 'ਬਰਤਨਿ' (ਵਰਤਣ) ਐ, ਹੋਰ ਕੋਈ ਨਹੀਂ ਹੈ। ਕੀ?

ਗੁਣ ਨਿਧਾਨ ਭਗਤਨ ਕਉ ਬਰਤਨਿ

ਗੁਣਾਂ ਦਾ ਜੋ ਖਜਾਨਾ ਹੈਗਾ 'ਪ੍ਰਮੇਸ਼ਰ', ਭਗਤਾਂ ਦੀ ਵਰਤੋਂ ਉਹਦੇ ਨਾਲ ਈ ਹੁੰਦੀ ਐ। ਭਗਤਾਂ ਦੇ ਕੰਮ ਓਹੀ ਕਰਦਾ ਹੁੰਦੈ। ਭਗਤ ਹੋਰ ਕਿਸੇ ਪਾਸ ਕਦੇ ਫਰਮਾਇਸ਼ ਨਹੀਂ ਪਾਉਂਦੇ। ਨਰਸੀ (ਭਗਤ) ਨੇ ਇੱਕੋ ਈ ਬਾਤ ਕਹੀ 'ਭਾਤ ਸਾਂਵਲੀਆ (ਕ੍ਰਿਸ਼ਨ) ਭਰੇਗਾ'। ਓਸੇ ਸਮੇ ਸਾਂਵਲੀਏ ਨੇ ਉਹਦੀ ਭਾਤ ਭਰੀ। ਜੰਗਲ ਮੇਂ ਗਿਆ ਕੱਖ ਲੈਣ ਝੁੱਗੀ ਵਾਸਤੇ, ਕੁੱਲੀ ਵਾਸਤੇ। ਜਦ ਓਹਨੇ ਪੱਟੇ ਉਹ ਸਵੇਰੇ ਤ੍ਰੇਲ ਜਿਹੀ ਪਈ, ਐਂ ਦੇਖਿਆ ਕਹਿੰਦਾ, ਬਈ ਜਦ ਮੈਨੂੰ ਦੁੱਖ ਲੱਗਦੈ, ਦੁੱਖ ਤਾਂ ਇਨ੍ਹਾਂ ਨੂੰ ਵੀ ਲੱਗਦਾ ਹੈਗਾ। ਕਈ ਤਾਂ ਬਹੁਤਾ ਹੀ ਭਰਮ ਕਰਨ ਲੱਗ ਗਏ ਪਰ ਫੇਰ ਉਹਦੀ ਛੱਪਰੀ ਕੀਹਨੇ ਬਣਾਈ? ਪ੍ਰਮੇਸ਼ਰ ਨੇ। ਭਗਤਾਂ ਦੀ ਸਾਰੀ ਵਰਤਣ ਪ੍ਰਮੇਸ਼ਰ ਨਾਲ ਈ ਹੁੰਦੀ ਐ-

ਸਮੈ ਸੰਤ ਪਰ ਹੋਤ ਸਹਾਈ। ਤਾ ਤੇ ਸੰਖਯਾ ਸੰਤ ਸੁਨਾਈ।

(ਦਸਮ ਗ੍ਰੰਥ)

ਦਸਮੇਂ ਪਾਤਸ਼ਾਹ ਜੀ ਦਾ ਲੇਖ ਐ, ਉਨ੍ਹਾਂ ਨੇ ਆਖਿਆ-

ਸਮੈ ਸੰਤ ਪਰ ਹੋਤ ਸਹਾਈ।

ਕਹਿੰਦੇ, ਜਦ ਵੀ ਸਮਾਂ ਆਇਆ ਕੋਈ ਸੰਤ ਤੇ, ਓਸੇ ਵਕਤ ਪ੍ਰਮੇਸ਼ਰ ਨੇ ਸਹਾਇਤਾ ਕੀਤੀ। ਏਸੇ ਵਾਸਤੇ ਭਗਤਾਂ ਦੀ ਵਰਤਣ ਗੁਣਾਂ ਦੇ ਖਜਾਨੇ ਪ੍ਰਮੇਸ਼ਰ ਨਾਲ ਹੈ, ਉਨ੍ਹਾਂ ਦੀ ਹੋਰ ਕਿਸੇ ਨਾਲ ਵਰਤੋਂ ਨਹੀਂ। ਜੇ ਸੰਸਾਰ ਨਾਲ ਵਰਤੋਂ ਐਂ, ਸੰਸਾਰ ਦੀ ਇੱਛਿਆ ਐ ਤਾਂ ਭਗਤ ਈ ਨਹੀਂ। ਉਹਨੂੰ ਭਗਤ ਕੌਣ ਕਹੂ ਫੇਰ? ਭਗਤ (ਨਰਸੀ) ਦੀ ਭਾਤ ਭਰੀ ਸਾਂਵਲੇ ਨੇ ਕਿ ਕਿਸੇ ਦੁਨੀਆਂ ਦੇ ਲੋਕਾਂ

ਨੇ? ਉਹ ਤਾਂ ਮਖੌਲ ਕਰਦੇ ਸੀ। ਏਸ ਕਰਕੇ ਭਾਈ, ਸੰਤਾਂ ਦੀ ਔਰ ਭਗਤਾਂ ਦੀ ਵਰਤਣ ਪ੍ਰਮੇਸ਼ਰ ਨਾਲ ਹੁੰਦੀ ਐ, ਏਹੀ ਇਨ੍ਹਾਂ ਦੇ ਕੰਮ ਚਲਾਏਗਾ। ਕਿਸੇ ਤੇ ਆਸ ਨਹੀਂ ਰੱਖਦੇ–

ਬਿਰਲਾ ਪਾਵੈ ਕੋਈ ॥

ਏਸ ਬਾਤ ਨੂੰ ਕੋਈ ਵਿਰਲਾ ਪਾਏਗਾ, ਜੀਹਦਾ ਪ੍ਰਮੇਸ਼ਰ ਤੇ ਪੂਰਾ ਭਰੋਸਾ ਹੋਵੇ। ਇਹੋ ਜਿਹਾ ਤਾਂ ਨਰਸੀ ਹੀ ਸੀ ਜਿਹਦੀ ਭਾਤ ਭਰੀ। ਦੁਨੀਆਂ ਦੇ ਕਰੋੜਾਂ ਵਿਆਹ ਹੋਏ ਨੇ, ਕਦੇ ਕਿਸੇ ਦੀ ਭਾਤ ਪ੍ਰਮੇਸ਼ਰ ਨੇ ਭਰੀ ਐ? ਤੇ ਨਾਮਦੇਵ ਦੀ ਛੱਪਰੀ ਬਣਾਈ, ਹੋਰ ਸਾਰੇ ਆਪੇ ਈ ਬਣਾਉਂਦੇ ਫਿਰਦੇ ਨੇ। ਇਹ ਤਾਂ ਪ੍ਰਮੇਸ਼ਰ ਤੇ ਭਾਈ, ਕੋਈ ਵਿਰਲਾ ਹੀ ਭਰੋਸਾ ਪਾਉਂਦੈ। ਜਿਹੜਾ ਐਸ ਜਗ੍ਹਾ ਜਾਕੇ ਟਿਕਿਆ, ਯਕੀਨ ਵਾਲਾ ਹੋਵੇ ਬਈ ਕਰਤਾ, ਹਰਤਾ ਪ੍ਰਮੇਸ਼ਰ ਈ ਐ। ਤੇ–

ਰਾਖਾ ਏਕੁ ਹਮਾਰਾ ਸੁਆਮੀ ॥
ਸਗਲ ਘਟਾ ਕਾ ਅੰਤਰਜਾਮੀ ॥ (ਪੰਨਾ ੧੧੩੬)

ਉਹ ਤਾਂ ਕੋਈ ਵਿਰਲਾ ਹੈਗਾ। ਇੱਕ ਭਗਤ ਸੀ ਦ੍ਰੋਪਦੀ ਚੌਹਾਂ ਦੀ ਆਰਤ ਭਗਤ ਸੀ, ਦੁਖੀ ਹੋ ਚੁੱਕੀ ਸੀ, ਓਹਨੇ ਅਰਦਾਸ ਦੁਖੀ ਹੋ ਕੇ ਕੀਤੀ। ਭੀਸ਼ਮ ਯਾਦ ਕੀਤਾ, ਦ੍ਰੋਣ (ਆਚਾਰੀਆ) ਯਾਦ ਕੀਤਾ ਪਰ ਕੰਮ ਤਾਂ ਕੋਈ ਨਾ ਚੱਲੇ। ਜਦ ਦੁਆਰਕਾ ਵਾਸੀ ਕਹਿਣ ਲੱਗੀ ਫੇਰ ਕਿਹੜਾ ਕੰਮ ਚੱਲ ਗਿਆ। ਜਦ ਓਹਨੇ ਆਰਤ (ਦੁਖੀ) ਹੋਕੇ ਪੂਰਾ ਕਿਹਾ 'ਹੇ ਘਟ ਘਟ ਕੇ ਅੰਤਰਜਾਮੀ ਮੇਰੀ ਰੱਛਿਆ ਕਰੋ'। ਉਹਨੂੰ ਸਾਮ੍ਹਣੇ ਕ੍ਰਿਸ਼ਨ ਦਿਸਿਆ, ਭਗਵਾਨ ਸਾਮ੍ਹਣੇ ਖੜ੍ਹਾ ਦਿਸਿਆ! ਕਿਉਂ? ਉਹਦਾ ਇਸ਼ਟ ਏਹੀ ਸੀ। ਪ੍ਰਮੇਸ਼ਰ ਨੂੰ ਜਿਹੜੇ ਇਸ਼ਟ ਵਿੱਚ ਤੁਸੀਂ ਦੇਖੋਗੇਂ, ਓਸੇ ਰੂਪ ਵਿੱਚ ਈ ਥੁਆਨੂੰ ਦਰਸ਼ਨ ਦਏਗਾ, ਇਹ ਨਿਯਮ ਐਂ। ਏਸ ਕਰਕੇ, ਉਹ ਆਉਂਦੈ ਨਾ ਰਾਮਾਇਣ ਦੇ ਵਿੱਚ–

ਜਿਨ੍ਹ ਕੇ ਰਹੀ ਭਾਵਨਾ ਜੈਸੀ।
ਪ੍ਰਭੁ ਮੂਰਤ ਤਿਨ੍ਹ ਦੇਖੀ ਤੈਸੀ।

(ਰਾਮ ਚਰਿਤ ਮਾਨਸ ਬਾਲ ਕਾਂਡ)

ਤੁਲਸੀ ਦਾਸ ਕਹਿੰਦਾ, ਭਾਵਨਾ ਦਾ ਫਲ ਐ। ਰਾਵਣ ਆਦੀ ਉਹਨੂੰ (ਰਾਮ ਨੂੰ) ਦੁਸ਼ਮਣ ਸਮਝਦੇ ਸੇ, ਲੜਕੀਆਂ ਕੁੱਛ ਹੋਰ ਰੂਪ ਸਮਝਦੀਆਂ ਸੀਆਂ, ਸਾਰੀ ਦੁਨੀਆਂ ਪਰ ਉਹ ਜਿਹੜੇ ਭਗਤ ਸੇ ਉਹਨੂੰ ਭਗਵਾਨ ਰੂਪ 'ਚ ਈ ਦੇਖਦੇ ਸੇ। ਉਨ੍ਹਾਂ ਨੂੰ ਓਸ ਵਕਤ ਭਗਵਾਨ ਦਿਸਿਆ ਤੇ ਉਹਨੂੰ ਦੁਸ਼ਮਣ ਦਿਸਿਆ ਤੇ ਲੜਕੀਆਂ ਨੂੰ ਕੁੱਛ ਹੋਰ ਰੂਪ ਦਿਸਿਆ ਬਈ ਇਹ ਜਨਕ ਦਾ ਪ੍ਰਾਹੁਣਾ ਹੈਗਾ। ਤੁਲਸੀ ਦਾਸ ਨੇ ਏਥੇ ਫੈਸਲਾ ਕਰ 'ਤਾ–

ਜਿਨ੍ਹ ਕੇ ਰਹੀ ਭਾਵਨਾ ਜੈਸੀ।
ਪ੍ਰਭੂ ਮੂਰਤ ਤਿਨ੍ਹ ਦੇਖੀ ਤੈਸੀ।

(ਰਾਮ ਚਰਿਤ ਮਾਨਸ ਬਾਲ ਕਾਂਡ)

ਇਹ ਭਾਵਨਾ ਦਾ ਫਲ ਐ। ਜਿਸ ਪੁਰਸ਼ ਦੀ ਸ਼ੁੱਧ ਭਾਵਨਾ ਹੋਊ, ਪ੍ਰਮੇਸ਼ਰ ਨੂੰ ਓਸੇ ਰੂਪ 'ਚ ਦੇਖੇਗਾ। ਭਗਤਾਂ ਨੂੰ ਪ੍ਰਮੇਸ਼ਰ ਓਸੇ ਰੂਪ 'ਚ ਈ ਦਿਸੇਗਾ–

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥

ਹੇ 'ਮੇਰੇ ਮਨ'! ਤੂੰ ਆਹ ਕੰਮ ਜਰੂਰ ਕਰ। ਫੇਰ ਪੜ੍ਹ–

ਮੇਰੇ ਮਨ ਜਪਿ ਗੁਰ ਗੋਪਾਲ ਪ੍ਰਭੁ ਸੋਈ ॥

ਓਹ ਗੁਰੂ ਰੂਪ ਪ੍ਰਮੇਸ਼ਰ ਨੂੰ 'ਜਪਿ'। 'ਗੋਪਾਲ' ਸਾਰੀ ਦੁਨੀਆਂ ਦੇ ਮਾਲਕ ਦਾ ਨਾਉਂ ਐਂ। ਉਹ 'ਸੋਈ' ਪਰ ਹੈ ਓਹੀ। ਗੋਪਾਲ ਵੀ ਓਹੀ ਹੈ ਤੇ ਗੁਰੂ ਵੀ ਓਹੀ ਹੈ ਏਸ ਰੂਪ ਤੇ ਤੂੰ ਪ੍ਰਮੇਸ਼ਰ ਦਾ ਜਾਪ ਕਰੀਂ–

ਗੁਰੁ ਪ੍ਰਮੇਸਰੁ ਏਕੋ ਜਾਣੁ ॥ ਜੋ ਤਿਸੁ ਭਾਵੈ ਸੋ ਪਰਵਾਣੁ ॥

(ਪੰਨਾ ੮੬੪)

ਤੇ ਗੁਰੂ ਔਰ ਪ੍ਰਮੇਸ਼ਰ ਦੋ ਨਾ ਤੂੰ ਕਦੇ ਬਣਾ ਦੇਂਈ। ਤੂੰ ਏਸ ਰੂਪ ਤੇ ਜਪੀਂ, ਹੈ 'ਸੋਈ'–

ਜਾ ਕੀ ਸਰਣਿ ਪਇਆਂ ਸੁਖੁ ਪਾਈਐ

ਜਿਸ ਦੀ 'ਸਰਣਿ' ਪੈਣੇ ਸੇ ਆਤਮ 'ਸੁਖੁ' ਪ੍ਰਾਪਤ ਹੋ ਜੈ। ਕੌਡੇ ਰਾਖਸ਼ ਨੂੰ ਆਤਮ-ਸੁੱਖ ਪ੍ਰਾਪਤ ਹੋਇਆ। ਜਦ ਓਹਨੇ ਦੇਖਿਆ,

ਉਹਦੇ ਗੁਰੂ ਦਾ ਇੱਕ ਸੀਸ਼ਾ ਦਿੱਤਾ ਹੋਇਆ ਸੀ, ਇਤਿਹਾਸ ਵਿੱਚ ਲਿਖਿਆ ਵਿਐ। ਉਹਨੂੰ, ਗੁਰੂ ਨੇ ਇੱਕ ਸ਼ੀਸ਼ਾ ਦਿੱਤਾ ਸੀ। ਉਹਨੂੰ ਸਰਾਪ ਹੋ ਗਿਆ ਸੀ ਗੁਰੂ ਦਾ। ਓਹਨੇ ਆਖਿਆ, ਜੀ ਅੱਗੇ ਨੂੰ ਵੀ ਕੁੱਛ ਦੱਸ ਦੋ। ਓਹਨੇ ਆਖਿਆ, ਆਹ ਸ਼ੀਸ਼ਾ ਲੈ ਲੈ, ਜੀਹਦੇ 'ਚ ਮਨੁੱਸ਼ ਦਾ ਤੈਨੂੰ ਮੁੱਖ ਦਿਸੇ, ਉਹਦੇ ਚਰਣੀ ਪੈਂ ਜਾਈਂ, ਬੱਸ ਕਿਸੇ ਗੱਲ ਦੀ ਹੋਰ ਨਹੀਂ ਲੋੜ। ਜੀਹਦਾ ਦਿਸਦਾ ਸੀ, ਹੋਰ ਦਿਸਦਾ ਸੀ। ਜਦ ਓਹਨੇ ਗੁਰੂ ਨਾਨਕ ਦੇ ਸਾਹਮਣੇ ਕੀਤਾ ਸੀਸ਼ਾ ਤਾਂ ਉਹਨੂੰ ਦਿਸਿਆ ਮੁੱਖ, ਮਨੁੱਖ ਦਾ। ਉਹ ਕਹਿੰਦਾ (ਕੌਡਾ ਰਾਖਸ਼) ਬੱਸ! ਠੀਕ ਐ, ਏਹੀ ਐ। ਉਹ ਇੱਕ ਦਮ ਚਰਨੀਂ ਪੈ ਗਿਆ ਜਦ ਠੀਕ ਪਤਾ ਲੱਗ ਗਿਆ, ਪੈਰਾਂ ਤੇ ਪੈ ਕੇ ਰੋਣ ਲੱਗ ਗਿਆ, ਬੱਸ! ਛਿਨ ਦੇ ਵਿੱਚ 'ਨਾਨਕ ਨਦਰੀ ਨਦਰਿ ਨਿਹਾਲ'। ਇਹ ਕੰਮ, ਮੇਰੇ ਮਨ! ਤੂੰ ਕਰਦਾ ਰਹੀਂ, ਪ੍ਰਮੇਸ਼ਰ ਨੂੰ ਦੇਖਦਾ ਰਹੀਂ, ਸਾਰਿਆਂ ਦੇ ਵਿੱਚ, ਓਹੀ ਹੈ ਮਾਲਕ। ਇਹ ਬਾਤ ਨਾ ਤੂੰ ਛੱਡੀਂ-

ਬਾਹੁੜਿ ਦੂਖੁ ਨ ਹੋਈ ॥ ਰਹਾਉ॥

ਫੇਰ ਤੈਨੂੰ ਕਦੇ ਦੁੱਖ ਨਹੀਂ ਹੋਏਗਾ ਜਨਮ-ਮਰਨ ਦਾ। ਫੇਰ ਤੈਨੂੰ ਕਦੇ ਕੋਈ ਦੁੱਖ ਨਹੀਂ ਹੋਏਗਾ ਜੇ ਤੇਰੀ ਭਾਵਨਾ ਏਸ ਪਾਸੇ ਦੀ ਹੈ। ਸਾਰਿਆਂ ਵਿੱਚ ਪ੍ਰਮੇਸ਼ਰ ਤੈਨੂੰ ਦਿਸ ਪਿਆ। ਜੀਹਦੀ ਵੀ ਸੇਵਾ ਕਰੇਂ, ਪ੍ਰਮੇਸ਼ਰ ਸਮਝ ਕੇ ਕਰੀਂ ਤੇ ਜਿਹੜਾ ਤੇਰਾ ਹੱਕ ਹੈ, ਲੈ ਲਈਂ, ਰੋਟੀ ਤਾਂ ਖਵਾਣੀ ਐਂ ਪਰ ਸੇਵਾ ਪ੍ਰਮੇਸ਼ਰ ਸਮਝ ਕੇ ਕਰੀਂ। ਜਦ ਪ੍ਰਮੇਸ਼ਰ ਸਮਝ ਕੇ ਕਰੇਂਗਾ, ਉਹ ਬਖਸ਼ ਦਏਗਾ ਤੈਨੂੰ, ਉਹ ਖੁਸ਼ ਹੋ ਜੇਗਾ। ਦੁਸ਼ਮਣ ਸਮਝ ਕੇ ਸੇਵਾ ਨਾ ਕਰੀਂ। ਭਾਈ ਘਨੱਈਏ ਵਾਂਗਣ, ਸਾਰਿਆਂ ਦੀ ਸੇਵਾ ਕਰੀਂ ਪਰ ਕਰੀਂ ਪ੍ਰਮੇਸ਼ਰ ਸਮਝ ਕੇ ਉਹਦੇ ਵਾਂਗੂੰ-

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਪੰਨਾ ੧੪੨੭)

ਈਸ਼ਵਰ: ਸਰਵ ਭੂਤਾਨਾਂ ਹਿਰਦੇ ਦੇਸ਼ੇ ਅਰਜੁਨ ਤਿਸ਼ਠਤਿ।

ਭ੍ਰਾਮਯਨ ਸਰਵ ਭੂਤਾਨਿ ਯੰਤ੍ਰਾ ਰੂਢਾਨਿ ਮਾਯਯਾ।

(ਗੀਤਾ ੧੮/੬੧)

ਸਾਰਿਆਂ ਦੇ ਹਿਰਦਿਆਂ 'ਚ ਪ੍ਰਮੇਸ਼ਰ ਬੈਠੈ। ਗੀਤਾ ਕਹਿੰਦੀ, ਸਾਰਿਆਂ ਦੇ ਹਿਰਦਿਆਂ 'ਚ ਪ੍ਰਮੇਸ਼ਰ ਬੈਠੈ ਤੇ ਗੁਰੂ ਗ੍ਰੰਥ ਸਾਹਿਬ ਕਹਿੰਦੇ, ਸਭ ਦੇ ਹਿਰਦੇ ਦੇ ਵਿੱਚ ਪ੍ਰਮੇਸ਼ਰ ਬੈਠੈ, ਤੈਂ ਓਸ ਨੂੰ ਦੇਖਣੈ। ਜਦ ਸਾਰਿਆਂ 'ਚ ਵੇਦ, ਸਾਸ਼ਤਰ, ਗੀਤਾ, ਗੁਰੂ ਗ੍ਰੰਥ ਸਾਹਿਬ ਦਾ ਕਥਨ ਐਂ, ਤੈਂ ਉਹਦੇ ਨਾਲ ਚੱਲਣੈ, ਤੈਂ ਦੁਨੀਆਂ ਨਾਲ ਨਹੀਂ ਚੱਲਣਾ–

ਵਡਭਾਗੀ ਸਾਧਸੰਗੁ ਪਰਾਪਤਿ

ਕਿਸੇ ਬੜੇ ਭਾਗਾਂ ਵਾਲੇ ਨੂੰ ਐਹੇ ਜਿਹੇ ਸਾਧੂਆਂ ਦਾ 'ਸੰਗੁ' ਹੁੰਦੈ। ਗੁਰੂ ਅਰਜਨ ਦੇਵ ਜੀ ਕਹਿੰਦੇ, ਮੇਰੇ ਬੜੇ ਭਾਗ ਸੇ ਤਾਂ ਮੈਨੂੰ ਗੁਰੂ ਰਾਮ ਦਾਸ 'ਸਾਧ' ਦਾ 'ਸੰਗੁ' ਪ੍ਰਾਪਤ ਹੋਇਐ–

ਤਿਨ ਭੇਟਤ ਦੁਰਮਤਿ ਖੋਈ ॥

ਜਦ ਉਨ੍ਹਾਂ ਦਾ ਦਰਸ਼ਨ ਕੀਤਾ ਤੇ ਉਦੋਂ ਈ ਖੋਟੀ ਬੁੱਧੀ ਨਾਸ ਹੋ ਗੀ–

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ

ਮੈਂ ਉਨ੍ਹਾਂ ਦੇ ਚਰਨਾਂ ਦੀ ਧੂੜ, ਗੁਰੂ ਅਰਜਨ ਦੇਵ ਮਹਾਰਾਜ ਕਹਿੰਦੇ, ਮੰਗਦਾਂ ਗਾ। ਓਸ ਗੁਰੂ ਰਾਮ ਦਾਸ ਸੰਤ ਦੀ ਧੂੜ ਮੈਂ ਮੰਗਦਾਂ ਗਾ–

ਜਿਨ ਹਰਿ ਨਾਮੁ ਰਿਦੈ ਪਰੋਈ ॥

ਜੀਹਨਾਂ ਦੇ ਹਿਰਦੇ 'ਚ ਹਰੀ 'ਨਾਮੁ' ਪਰੋਇਆ ਗਿਆ, ਜੈਸੇ ਸੂਈ 'ਚ ਧਾਗਾ ਪਰੋਇਆ ਹੁੰਦੈ ਗਾ–

ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥

(ਪੰਨਾ ੯੩੮)

ਜੀਹਦੀ ਸੁਰਤੀ ਸ਼ਬਦ ਦੇ ਵਿੱਚ ਪਰੋਈ ਗਈ ਤੇ ਸ਼ਬਦ ਤੇ ਸੁਰਤੀ ਇੱਕ ਹੋ ਗਏ ਤੇ ਉਨ੍ਹਾਂ ਦੀ ਮੈਂ ਧੂੜ ਮੰਗਦਾਂ, ਜਿਨ੍ਹਾਂ ਦੀ ਬਿਰਤੀ ਸ਼ਬਦ ਨਾਲ ਜੁੜ ਗੀ ਤੇ ਸ਼ਬਦ ਦੇ ਵਿੱਚ ਪ੍ਰਮੇਸ਼ਰ ਬੈਠੈ।

'ਨਾਮੁ' ਦੇ ਵਿੱਚ ਹੈ ਕਿ ਨਹੀਂ?

ਨਾਵੈ ਅੰਦਰਿ ਹਉ ਵਸਾਂ ਨਾਉ ਵਸੈ ਮਨਿ ਆਇ ॥

(ਪੰਨਾ ੫੫)

ਉਹ ਤਾਂ ਨਾਮ ਦੇ ਵਿੱਚ ਬੈਠੈ। ਜਦ ਨਾਮ ਨਾਲ ਥ਼ੁਆਡੀ ਬਿਰਤੀ ਜੁੜ ਗਈ ਤਾਂ ਨਾਮੀ ਹੀਂ ਦਿਸੇਗਾ? ਮੈਂ ਉਨ੍ਹਾਂ ਦੀ ਧੂੜ ਮੰਗਦਾ ਹੈਂਗਾ–

ਤਿਨ ਕੀ ਧੂਰਿ ਨਾਨਕੁ ਦਾਸੁ ਬਾਛੈ ਜਿਨ ਹਰਿ ਨਾਮੁ ਰਿਦੈ ਪਰੋਈ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ !

੧

ਸਤਿਗੁਰ ਪ੍ਰਸਾਦਿ॥

੬੧

ੴ ਸਤਿਗੁਰ ਪ੍ਰਸਾਦਿ ॥

ਧਨਾਸਰੀ ਮਹਲਾ ੯ ॥

ਕਾਹੇ ਰੇ ਬਨ ਖੋਜਨ ਜਾਈ ॥
ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ ॥ ੧॥ ਰਹਾਉ॥
ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ ॥ ੧॥
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥ ੨॥ ੧॥

(ਪੰਨਾ ੬੮੪)

ਸਾਰੀ ਸੰਗਤ ਕਿਰਪਾ, ਦਇਆ, ਮੇਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਤੈਡੀ ਬੰਦਸਿ ਮੈ ਕੋਇ ਨ ਡਿਠਾ ਤੂ ਨਾਨਕ ਮਨਿ ਭਾਣਾ ॥
ਘੋਲਿ ਘੁਮਾਈ ਤਿਸੁ ਮਿਤ੍ਰ ਵਿਚੋਲੇ ਜੈ ਮਿਲਿ ਕੰਤੁ ਪਛਾਣਾ ॥

(ਪੰਨਾ ੯੬੪)

ਇਹ ਮਹਾਂਵਾਕ ਅਕਾਲ ਪੁਰਸ਼ ਵੱਲੋਂ, ਗੁਰੂ ਨੌਵੇਂ ਪਾਤਸ਼ਾਹ ਦੁਆਰੇ ਆਇਐ। ਕਰੀਬ ਇਹ ਪ੍ਰਸਿੱਧ ਈ ਹੈ, ਬਹੁਤਿਆਂ ਦੇ ਮਨ ਤੇ ਹੁੰਦੈ ਗਾ। ਅਰਥ ਤਾਂ ਇਹਦਾ ਸਾਰੇ ਈ ਜਾਣਦੇ ਨੇ ਪਰ ਕਿਸੇ ਨੂੰ ਹੁਣ ਏਥੇ ਬੋਲਣ ਦੀ ਜਰੂਰਤ ਨਹੀਂ ਹੈ। ਇਹ, ਗੁਰੂ ਸਾਹਿਬ (ਨੌਵੇਂ) ਧਰਮ ਦੇ ਉੱਤੇ ਸੀਸ ਦੇਕੇ, ਧਰਮ ਦੀ ਰੱਖਿਆ ਕਰਦੇ ਨੇ, ਇਹ ਸਾਰਿਆਂ ਨੂੰ ਪਤੈ। ਇਹ ਬਾਤ ਕਹਿਣੀ ਸੁਖਾਲੀ

(ਸੌਖੀ) ਐ ਪਰ ਕਰਨੀ ਬਹੁਤ ਔਖੀ ਐ। ਏਸ ਕਰਕੇ, ਕਸ਼ਮੀਰ ਦੇ ਬ੍ਰਾਹਮਣਾਂ ਨਾਲ ਕੋਈ ਸੰਬੰਧ ਨਹੀਂ ਸੀ (ਗੁਰੂ ਜੀ ਦਾ) ਕੋਈ ਸ਼ਕੀਰੀ (ਰਿਸ਼ਤੇਦਾਰੀ) ਨਹੀਂ ਸੀ, ਕੋਈ ਮਤਲਬ ਨਹੀਂ ਸੀ। ਉਹ ਆਕੇ ਸ਼ਰਣੀ ਪਏ ਬਈ ਸਾਡੇ ਧਰਮ ਦੀ ਰੱਖਿਆ ਕਰੋ।ਉਨ੍ਹਾਂ ਨੂੰ ਇਹ ਬਾਤ ਕਹਿ 'ਤੀ (ਗੁਰੂ ਜੀ ਨੇ) ਬਈ ਆਹ ਬਾਤ ਜਾਕੇ ਕਹਿ ਦਿਉ ਬਾਦਸ਼ਾਹ ਨੂੰ ਬਈ ਉਨ੍ਹਾਂ ਨੂੰ ਤੁਸੀਂ ਪਹਿਲੇ ਆਪਣੇ ਧਰਮ ਮੇਂ ਲੈ ਆਉ ਤੇ ਅਸੀਂ ਸਾਰੇ ਆਜਾਂਗੇ, ਜਾਉ! ਉਹ ਬਾਤ, ਉਨ੍ਹਾਂ ਨੇ ਕਹਿ 'ਤੀ–

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰੁ ਸੀ ਨ ਉਚਰੀ ॥ (ਦਸਮ ਗ੍ਰੰਥ)

ਉਹ ਗੁਰੂ ਸਾਹਿਬ, ਗੁਰੂ ਗ੍ਰੰਥ ਸਾਹਿਬ ਮੇਂ ਜਿੱਥੇ ਧਰਮ ਦੀ ਬਾਬਤ ਲਿਖਿਆ–

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ੨੬੬)

ਦੋ ਬਾਤਾਂ ਈ ਲਿਖੀਆਂ ਨੇ, ਨਿਸ਼ਕਾਮ ਸੇਵਾ, ਨਿਸ਼ਕਾਮ ਕਰਮ ਤੇ ਸਿਮਰਨ–

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥ (ਪੰਨਾ ੨੮੬)
ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥
(ਪੰਨਾ ੭੧੪)

ਇੱਕ ਪ੍ਰਮੇਸ਼ਰ ਦਾ ਸਿਮਰਨ ਹੀ ਜੀਵ ਨੂੰ ਤਾਰਨੇ ਵਾਲਾ ਤੇ ਨਿਸ਼ਕਾਮ ਸੇਵਾ ਅੰਤਹਕਰਣ ਸ਼ੁੱਧ ਕਰਨੇ ਵਾਲੀ ਵਸਤੂ ਹੈ। ਜਿਸ ਦੇ ਪਾਸ ਇਹ ਦੋ ਬਾਤਾਂ ਹੈਂ, ਉਹ ਮਨੁੱਸ਼ ਹੈ, ਉਹ ਦੇਵਤਾ ਹੈ, ਉਹ ਬੜਾ ਲਾਇਕ ਹੈ। ਜਿਸ ਦੇ ਪਾਸ ਨਹੀਂ ਹੈਂ, ਉਹਦਾ ਸਾਰਾ ਈ

ਗਲਤ ਵਿਹਾਰ ਹੈ, ਉਹ ਜੋ ਕੁੱਛ ਕਰਦੈ–

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥

(ਪੰਨਾ ੧੨)

ਇੱਕ ਨਾਮ ਦਾ ਈ ਸਿਮਰਨ ਪ੍ਰਮੇਸ਼ਰ ਨੂੰ ਮਿਲਾਉਣ ਆਲੈ ਗਾ, ਆਪ ਨੂੰ ਪਤੈ ਗਾ। ਏਸ ਕਰਕੇ, ਲਾਵਾਂ ਦੇ ਵਿੱਚ (ਦੱਸਿਐ) ਜਿੱਥੇ ਲਿਵ ਲੱਗਦੀ ਐ, ਓਥੇ ਅਬਿਨਾਸੀ ਪਦ ਦੀ ਪ੍ਰਾਪਤੀ ਵੀ ਲਿਖੀ ਐ। ਏਸ ਕਰਕੇ, ਪੁਰਸ਼ ਨੂੰ ਚਾਹੀਏ ਪ੍ਰਮੇਸ਼ਰ ਦਾ ਸਿਮਰਨ ਕਰਨਾ ਤੇ ਨਿਸ਼ਕਾਮ ਸੇਵਾ ਕਰਨੀ। ਇਹ ਧਰਮ 'ਪਰਮ ਧਰਮ' ਨੂੰ ਮਿਲਾਉਣ ਆਲੈ ਗਾ। ਹੁਣ ਬੋਲ ਭਾਈ–

ਸਤਿਗੁਰ ਪ੍ਰਸਾਦਿ ॥

ਇੱਕ ਜੋ ਪ੍ਰਮੇਸ਼ਰ ਐ, ਉਹ ਗੁਰੂ ਦੀ ਕਿਰਪਾ ਤੇ ਪ੍ਰਾਪਤ ਹੁੰਦੈ। ਅੱਜ ਤੱਕ ਗੁਰੂ ਦੀ ਕਿਰਪਾ ਤੇ ਬਿਨਾਂ, ਕਿਸੇ ਨੂੰ ਮਿਲਿਆ ਨਹੀਂ ਤੇ ਹੁਣ ਮਿਲਦਾ ਨਹੀਂ ਤੇ ਅੱਗੇ ਨੂੰ ਮਿਲੇਗਾ ਨਹੀਂ–

ਗਿਆਨ ਅੰਜਨੁ ਗੁਰਿ ਦੀਆ ਅਗਿਆਨ ਅੰਧੇਰ ਬਿਨਾਸੁ ॥
ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥

(ਪੰਨਾ ੨੯੩)

ਜਦ ਪ੍ਰਮੇਸ਼ਰ ਦੀ ਦਇਆ, 'ਕਿਰਪਾ' ਹੋਈ ਤਾਂ 'ਸੰਤ ਭੇਟਿਆ' ਗੁਰੂ ਰਾਮਦਾਸ ਮਹਾਰਾਜ, ਗੁਰੂ ਅਰਜਨ ਦੇਵ ਜੀ ਆਂਹਦੇ ਕਿ ਮੇਰੇ ਅੰਤਹਕਰਣ ਦੇ ਵਿੱਚ ਗਿਆਨ ਦਾ ਪ੍ਰਕਾਸ਼ ਹੋ ਗਿਆ। ਅੰਤਹਕਰਣ ਦੇ ਵਿੱਚ ਤਾਂ ਉਹ ਪਹਿਲੇ ਈ ਬੈਠਾ ਸੀ ਪਰ ਪਹਿਲੇ ਪ੍ਰਗਟ ਨਹੀਂ ਸੀ, ਸਾਖਸ਼ਾਤ ਪ੍ਰਗਟ ਨਹੀਂ ਸੀਗਾ। ਉਹ ਨਾ ਪ੍ਰਗਟ ਹੋਣੇ ਸੇ ਅਗਿਆਨ ਦਾ ਈ ਓਹਲਾ (ਪੜਦਾ) ਸੀ। ਏਸ ਕਰਕੇ, ਉਹ ਗੁਰੂ ਦੀ ਕਿਰਪਾ ਜਦ ਹੋਈ–

ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥

ਨਾਮੁ ਪ੍ਰਭੂ ਕਾ ਲਾਗਾ ਮੀਠਾ ॥ (ਪੰਨਾ ੨੯੩)

ਜਦ 'ਨਾਮੁ' ਦੇ ਨਾਲ ਮਨ ਜੁੜ ਗਿਆ ਤਾਂ ਉਹ ਆਪਣੇ ਅੰਦਰ ਪ੍ਰਮੇਸ਼ਰ ਦੇਖਿਆ ਜਿਹੜਾ ਸਾਰਿਆਂ ਦੇ ਅੰਦਰ ਐ। ਸਾਰਿਆਂ ਦੀਆਂ ਬੁੱਧੀਆਂ ਦਾ ਸਾਖਸ਼ੀ ਹੈ, ਸਾਰਿਆਂ ਦਾ 'ਪ੍ਰਤੀਬੋਧ' ਐ-

ਪ੍ਰਤੀਬੋਧ ਵਿਦਿਤੰ ਮਤੰ ਅੰਮ੍ਰਿਤਤਵਮ ਹਿ ਵਿੰਦਤੇ।
ਆਤਮਨਾ ਵਿੰਦਤੇ ਵੀਰਯਮ ਵਿੱਦਯਾ ਵਿੰਦਤੇ ਅਮ੍ਰਿਤਮ ॥

(ਕੇਨ ਉਪਨਿਸ਼ਦ ਖੰਡ ੨ ਮੰਤ੍ਰ ੪)

ਬ੍ਰਹਮਾਕਾਰ ਬਿਰਤੀ ਸੇ 'ਅਗਿਆਨ' ਅੰਧਕਾਰ ਦੀ ਨਵਿਰਤੀ ਹੋ ਜਾਂਦੀ ਐ ਪਰ ਆਤਮਾ ਤਾਂ ਇਹਦਾ 'ਅਮਰ' ਆਪਣਾ ਆਪ ਪਹਿਲੇ ਈ ਹੈ। ਉਹ ਕੋਈ ਪਹਿਲੇ ਨਾ ਅਮਰ ਤੇ ਹੁਣ ਅਮਰ ਨਹੀਂ ਹੋਣਾ ਹੈਗਾ, ਉਹ ਤਾਂ 'ਅਮਰ-ਸਰੂਪ' ਹੈਗਾ। ਉਹ ਗੁਰੂ ਦੀ ਕਿਰਪਾ ਤੇ ਮਿਲਣੈ, ਗੁਰੂ ਪ੍ਰਮੇਸ਼ਰ ਦੀ ਦਇਆ ਤੇ ਮਿਲਣੈ। ਜਦ ਪ੍ਰਮੇਸ਼ਰ ਦੀ ਦਇਆ ਹੋਏਗੀ ਤਾਂ ਗੁਰੂ ਪ੍ਰਾਪਤ ਹੁੰਦੈ। ਜਿਸ ਨੂੰ ਗੁਰੂ ਪ੍ਰਾਪਤ ਹੋ ਜੈ, ਉਹਦੀ ਰਹਿਣੀ ਬਦਲ ਜਾਂਦੀ ਐ। ਬਾਤ ਤਾਂ ਸੱਚ ਇਹ ਹੈ-

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ॥ ੩॥ (ਪੰਨਾ ੧੨੯੯)

ਉਹਨੂੰ ਸਾਰਿਆਂ ਦੇ ਅੰਤਹਕਰਣਾਂ ਦੇ ਵਿੱਚ 'ਇੱਕ ਓਅੰਕਾਰ' ( ) ਦਿਸ ਪੈਂਦੈ-

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥

ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਉਹ 'ਘਟ ਘਟ ਮੈ ਹਰਿ ਜੂ' ਹੈ, ਉਹ ਪ੍ਰਮੇਸ਼ਰ ਐ ਪਰ ਉਹ ਗੁਰੂ ਦੀ ਦਇਆ ਤੇ ਪ੍ਰਾਪਤ ਹੁੰਦੈ, ਇਹ ਮਰਿਯਾਦਾ ਹੈਗੀ। 'ਗੁਰ ਪ੍ਰਸਾਦਿ' ਜਦ ਹੋ ਜਾਂਦੈ, ਪ੍ਰਮੇਸ਼ਰ ਪ੍ਰਾਪਤ ਹੋ ਜਾਂਦੈ। ਪ੍ਰਮੇਸ਼ਰ ਦੀ ਕਿਰਪਾ ਤੇ ਗੁਰੂ ਪ੍ਰਾਪਤ ਹੁੰਦੈ, ਗੁਰੂ ਦੀ ਕਿਰਪਾ ਤੇ ਪ੍ਰਮੇਸ਼ਰ ਪ੍ਰਾਪਤ ਹੁੰਦੈ ਪਰ 'ਗੁਰੂ' ਬ੍ਰਹਮ ਗਿਆਨੀ ਚਾਹੀਏ। ਚੱਲੀਏ–

ਧਨਾਸਰੀ ਮਹਲਾ ੯ ॥

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ–

ਕਾਹੇ ਰੇ ਬਨ ਖੋਜਨ ਜਾਈ ॥

ਭਾਈ! ਕਿਉਂ 'ਬਨ' ਖੋਜਦਾ ਹੈਂ ਗਾ? 'ਬਨ' ਇੱਕ ਜਗ੍ਹਾ 'ਸੰਕਟ ਬਨ' ਸੰਸਾਰ ਨੂੰ ਵੀ ਲਿਖਿਐ। ਹੋਰ ਵੀ ਬਾਹਰ ਜਿਹੜਾ ਬਨ ਐ। ਕਿਉਂ ਬਣਾਂ (ਜੰਗਲਾਂ) ਨੂੰ ਖੋਜਦੈਂ? ਕਿਉਂ ਸੰਸਾਰ ਦੇ ਵਿਸ਼ਿਆਂ ਨੂੰ ਖੋਜਦਾ ਫਿਰਦੈਂ ਗਾ?

ਸਰਬ ਨਿਵਾਸੀ ਸਦਾ ਅਲੇਪਾ

ਉਹ ਸਾਰੇ 'ਸਰਬ ਨਿਵਾਸੀ' ਹੈ ਤੇ ਸਦਾ ਨਿਰਲੇਪ ਹੈ–

ਤੋਹੀ ਸੰਗਿ ਸਮਾਈ ॥ ਰਹਾਉ॥

ਤੇਰੀ ਬਿਰਤੀ ਦਾ ਸਾਖਸ਼ੀ ਹੈ–

ਏਕ ਸਮੇਂ ਹੀ ਭਾਂਨ ਹੋਇ ਸਾਖਸ਼ੀ ਅਰੁ ਆਭਾਸ।
ਦੂਜੋ ਚੇਤਨ ਕੋ ਵਿਸ਼ੈ ਸਾਖਸ਼ੀ ਸਵਯੰ ਪ੍ਰਕਾਸ।

(ਨਿਹਚਲ ਦਾਸ ਵਿਚਾਰ ਸਾਗਰ ੪/੧੧੬)

ਨਿਹਚਲ ਦਾਸ ਜੀ ਨੇ ਲਿਖਿਐ, ਅਭਾਸ ਸਹਿਤ ਬਿਰਤੀ, ਪਰਤਾ ਪ੍ਰਕਾਸ਼ ਹੈ ਪਰ ਚੇਤਨ ਸੋਯੰ ਪ੍ਰਕਾਸ਼ ਹੈ। ਉਹ ਆਪਣਾ 'ਆਪਾ', ਉਹ ਨਿਰਲੇਪ ਐ–

ਅਸੰਗੋ ਹਯਮ ਪੁਰਸ਼ਾ।

(ਬ੍ਰਿਹਦਾਰਣਯਕ ਉਪਨਿਸ਼ਦ ਅ: ੪, ਬ੍ਰਾ: ੩ ਮੰਤ੍ਰ ੧੫)

ਅਸੰਗੋ ਨ ਹੀ ਸਜਯਤੇ।

(ਬ੍ਰਿਹਦਾਰਣਯਕ ਉਪਨਿਸ਼ਦ ਅ: ੪, ਬ੍ਰਾ: ੨ ਮੰਤ੍ਰ ੪)

ਉਹ ਕਦੇ ਅੱਜ ਤੱਕ ਸੰਗ ਵਾਲਾ ਨਹੀਂ ਹੋਇਆ, ਨਿਰਾਕਾਰ, ਨਿਰਲੇਪ ਹੈ। ਉਹ ਕਦੇ ਵਿਕਾਰੀ ਨਹੀਂ ਹੁੰਦਾ। ਉਹ ਨਿਰਵਿਕਾਰ ਹੈ, ਸ਼ੁੱਧ ਹੈ, ਉਹ ਪਰੀਪੂਰਣ ਹੈ, ਉਹ ਸਤਿ, ਚਿੱਤ, ਆਨੰਦ ਸਰੂਪ ਹੈ। ਇੱਕ ਗ੍ਰੰਥਕਾਰ ਨੇ ਖਾਸਾ ਲੇਖ ਲਿਖਿਐ ਗਾ। ਓਹਨੇ ਆਖਿਆ, ਸਤਿ, ਚਿੱਤ, ਆਨੰਦ ਜਾਣ ਲੈਣਾ ਕੋਈ ਮਹਾਤਮ ਨਹੀਂ। ਸਤਿ, ਚਿੱਤ, ਆਨੰਦ ਆਪਣੇ-ਆਪ ਨੂੰ ਦ੍ਰਿੜ ਨਿਸ਼ਚੇ ਕਰ ਲੈਣਾ ਹੀ ਗਿਆਨ ਹੈ। ਉਹ ਸਾਰੇ ਵਿਆਪਕ ਹੈ, ਉਹ ਸਾਰੇ ਨਿਵਾਸੀ ਹੈ, ਨਿਰਲੇਪ ਹੈ, ਤੇਰੇ ਅੰਤਹਕਰਣ ਦੇ ਵਿੱਚ, ਤੇਰੀ ਬੁੱਧੀ ਦੀ ਬਿਰਤੀ ਦਾ ਸਾਖਸ਼ੀ ਹੈ, ਦ੍ਰਸ਼ਟਾ ਹੈ-

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥

(ਪੰਨਾ ੫੨੦)

ਉਹ ਤੇਰੀ ਬਿਰਤੀ ਨੂੰ ਦੇਖਣ ਵਾਲਾ ਤੇ ਜਾਣਨੇ ਵਾਲਾ ਪ੍ਰਮੇਸ਼ਰ ਹੈ-

ਪੁਹਪ ਮਧਿ ਜਿਉ ਬਾਸੁ ਬਸਤੁ ਹੈ

ਇਹ ਦ੍ਰਿਸ਼ਟਾਂਤ ਦਿੱਤੇ ਨੇ ਦੋ। ਪੰਡਿਤ ਰਾਮ ਸਿਹੁੰ ਜੀ ਹੋਰੀਂ ਇਨ੍ਹਾਂ ਨੂੰ ਬੜਾ ਘਟਾਉਂਦੇ ਸੇ। ਓਨਾ ਵਕਤ ਤਾਂ ਹੁਣ ਲੱਗ ਨਹੀਂ ਸਕਦਾ। ਓਹ ਕਹਿੰਦੇ, ਦੋ ਦ੍ਰਿਸ਼ਟਾਂਤ ਕਿਉਂ ਦਿੱਤੇ ਨੇ? ਇਹ ਸਾਨੂੰ ਵੀ ਪੁੱਛਿਆ, ਇਹ ਬਾਤਾਂ ਪੁੱਛਦੇ ਹੁੰਦੇ ਸੇ (ਰਿਸ਼ੀਕੇਸ਼) ਝਾੜੀ 'ਚ।ਦੋ ਦ੍ਰਿਸ਼ਟਾਂਤ ਕਿਉਂ ਦਿੰਦੇ ਨੇ? ਇੱਕ ਤਾਂ ਨਿਰਲੇਪਤਾ ਮੇਂ ਦਿੱਤਾ ਤੇ ਦੂਆ ਵਿਆਪਕਤਾ ਮੇਂ ਦਿੱਤਾ। ਉਹ ਵਿਆਪਕ ਵੀ ਹੈ ਤੇ ਨਿਰਲੇਪ ਵੀ ਹੈ।ਇਹ ਦੋ ਦ੍ਰਿਸ਼ਟਾਂਤ ਇਕੱਠੇ, ਏਸ ਕਰਕੇ ਦਿੱਤੇ। ਹੁਣ ਦੋਨੋਂ ਬੋਲਦੇ ਭਾਈ-

ਪੁਹਪ ਮਧਿ ਜਿਉ ਬਾਸੁ ਬਸਤੁ ਹੈ

ਸਾਰੇ ਫੁੱਲ ਦੇ ਵਿੱਚ, ਜੈਸੇ ਸੁਗੰਧੀ ਰਹਿੰਦੀ ਐ। ਕੋਈ ਜਗ੍ਹਾ ਨਹੀਂ ਪੁਸ਼ਪ (ਫੁੱਲ) ਦੀ ਜਿੱਥੇ ਸੁਗੰਧੀ ਨਾ ਹੋਵੇ। ਐਸੇ ਪ੍ਰਮੇਸ਼ਰ ਸਾਰੇ ਵਿਆਪਕ, ਪਰੀਪੂਰਣ ਹੈ ਜੈਸੇ ਸਾਰੇ ਗਹਿਣਿਆਂ 'ਚ ਸੋਨਾ ਵਿਆਪਕ ਹੈ, ਸਾਰੇ ਮਿੱਟੀ ਦੇ ਬਰਤਨਾਂ 'ਚ ਮਿੱਟੀ ਵਿਆਪਕ ਹੈ,

ਸਾਰੇ ਲੋਹੇ ਦੇ ਸਸ਼ਤਰਾਂ 'ਚ ਲੋਹਾ ਵਿਆਪਕ ਐ। ਕਾਰਨ 'ਸਤਿ' ਹੁੰਦੈ ਤੇ ਕਾਰਜ 'ਕਲਪਿਤ' ਹੁੰਦੈ ਗਾ, ਏਸ ਕਰਕੇ–

ਆਪਿ ਸਤਿ ਕੀਆ ਸਭੁ ਸਤਿ ॥

ਤਿਸੁ ਪ੍ਰਭ ਤੇ ਸਗਲੀ ਉਤਪਤਿ ॥ (ਪੰਨਾ ੨੯੪)

ਇਹ ਸਾਰੇ ਪ੍ਰਮੇਸ਼ਰ ਹੈ ਪਰ ਉਹ ਦੇਖਣ ਵਾਲੀਆਂ ਅੱਖਾਂ, ਗੁਰੂ ਪਾਸੋਂ ਮਿਲਦੀਆਂ ਨੇ–

ਮੁਕਰ ਮਾਹਿ ਜੈਸੇ ਛਾਈ ॥

'ਮੁਕਰ' ਨਾਉਂ ਐਂ ਸ਼ੀਸ਼ੇ ਦਾ। ਸ਼ੀਸ਼ੇ ਦੇ ਵਿੱਚ ਤੁਸੀਂ ਦੇਖੋ, ਥੁਆਡੀ ਛਾਇਆ ਦਿਸਦੀ ਐ ਪਰ ਉਹਨੂੰ ਐਂ (ਉਲਟਾ) ਕਰ ਦਿਉ, ਉਹ ਸ਼ੀਸ਼ਾ ਫੜ ਕੇ ਨਹੀਂ ਉਹਨੂੰ (ਅਕਸ ਨੂੰ) ਲੈ ਜਾਂਦਾ। ਓਹਨੇ ਤਾਂ ਥੁਆਡੇ ਮੁੱਖ ਦੇ ਦਾਗ ਦਿਖਾਲ ਦੇਣੇ ਨੇ। ਸਾਸ਼ਤਰ ਨੇ ਵੀ ਜਿਹੜੇ ਥੁਆਡੇ ਅਉਗੁਣ ਨੇ, ਅੰਦਰ ਖਾਮੀਆਂ ਨੇ, ਝੂਠ ਬੋਲਣਾ, ਬੇਈਮਾਨੀ ਕਰਨੀ, ਛਲ ਕਰਨਾ, ਉਹ ਸਾਰੇ ਥੁਆਨੂੰ ਦਿਖਾ ਦੇਣੇ ਨੇ, ਉਹ ਥੁਆਨੂੰ ਆਪ ਦਿਸਣੇ ਨੇ। ਉਹ ਦੇਖਣੇ ਵਾਲਾ ਦ੍ਰਸ਼ਟਾ ਥੁਆਡੇ ਅੰਦਰ ਐ–

ਮੂਈ ਸੁਰਤਿ ਬਾਦੁ ਅਹੰਕਾਰੁ ॥

ਓਹੁ ਨ ਮੂਆ ਜੋ ਦੇਖਣਹਾਰੁ ॥ (ਪੰਨਾ ੧੫੨)

ਉਹ ਦੇਖਣੇ ਵਾਲਾ ਜਿਉਂਦੀ ਚੀਜ ਐ, ਚੇਤਨ ਐ। ਥੁਆਨੂੰ, ਮੈਨੂੰ ਸਾਰਿਆਂ ਨੂੰ ਪਤੈ ਪਰ–

ਜਾਨਿ ਬੂਝ ਕੈ ਬਾਵਰੇ ਤੈ ਕਾਜੁ ਬਿਗਾਰਿਓ ॥

ਪਾਪ ਕਰਤ ਸੁਕਚਿਓ ਨਹੀ ਨਹ ਗਰਬੁ ਨਿਵਾਰਿਓ ॥

(ਪੰਨਾ ੭੨੭)

ਤੈਂ ਇਹ ਦੋ ਚੀਜਾਂ ਨਾ ਛੱਡੀਆਂ। ਪਖੰਡ ਨਾ ਛੱਡਿਆ, ਲੋਭ ਨਾ ਛੱਡਿਆ, ਕ੍ਰੋਧ ਨਾ ਛੱਡਿਆ, ਇਹ ਵਿਕਾਰ ਨਾ ਤਿਆਗੇ, ਕੁੱਛ ਫਾਇਦਾ ਨਾ ਹੋਇਆ। ਅੰਤਹਕਰਣ ਸ਼ੁੱਧ ਨਾ ਹੋਇਆ, ਨਿਰਲੇਪ ਨਾ ਹੋਇਆ ਤੇ ਪ੍ਰਮੇਸ਼ਰ ਤਾਂ ਪਹਿਲਾਂ ਈ ਸ਼ੁੱਧ-ਸਰੂਪ ਐ। ਅੰਤਹਕਰਣ ਈ ਸ਼ੁੱਧ ਕਰਨੈ ਗਾ, ਸ਼ੀਸ਼ਾ ਈ ਸ਼ੁੱਧ ਕਰਨੈ ਗਾ–

ਘਟ ਹੀ ਖੋਜਹੁ ਭਾਈ ॥

ਹੇ ਭਾਈ! ਆਪਣੇ ਹਿਰਦੇ 'ਚ ਈ ਖੋਜੋ। ਬਾਹਰ ਨਾ ਕਦੇ ਖੋਜੋ। ਉਹ ਥੁਆਡੇ ਹਿਰਦੇ ਦਾ, ਥੁਆਡੀ ਬੁੱਧੀ ਦਾ, ਥੁਆਡੇ ਮਨ ਦਾ ਸਾਖਸ਼ੀ ਹੈ। ਉਹ ਸਰਬ ਸਾਖਸ਼ੀ ਐ-

ਖਸ਼ੇਤ੍ਰਗਯੰ ਚਾਪਿ ਮਾਂ ਵਿਧਿ ਸਰਵ ਖਸ਼ੇਤ੍ਰੇਸ਼ੂ ਭਾਰਤ।
ਖਸ਼ੇਤ੍ਰ ਖਸ਼ੇਤ੍ਰਗਯ ਯੋਰਗਯਾਨੰ ਯਤੱਜ ਗਯਾਨੰ ਮਤੰ ਮਮ।

(ਗੀਤਾ ੧੩/੨)

ਉਹ ਸਾਰਿਆਂ ਦੇ ਹਿਰਦਿਆਂ ਦੇ ਵਿੱਚ ਵਿਆਪਕ ਐ, ਭਗਵਾਨ ਕ੍ਰਿਸ਼ਨ ਚੰਦਰ ਕਹਿੰਦੇ। ਪਰ ਉਨ੍ਹਾਂ ਨੇ ਸਰੀਰ ਨੂੰ ਨਹੀਂ ਕਿਹਾ, ਸਰੀਰ ਦਾ ਖੰਡਨ ਉਹ ਸੱਤਵੇਂ ਅਧਿਆਏ ਮੇਂ ਕਰ ਆਏ ਨੇ-

ਅਵਯਕਤੰ ਵਯਕਤੀ ਮਾਪਨੰ ਮਨਯੰਤੇ ਮਾਮਬੁੱਧਯ:।
ਪਰੰ ਭਾਵਮਜਾਨੰਤੋ ਮਮ ਅਵਯੱਮ ਅਨੁੱਤਮਮ ।

(ਗੀਤਾ੭/੨੪)

ਉਹ ਅਗਿਆਨੀ ਹੈ ਜਿਹੜਾ ਇਹ 'ਸਰੀਰ' ਨੂੰ 'ਆਤਮਾ' ਮੰਨਦੈ। ਨਾ! ਉਹ ਮੈਂ ਸ਼ੇਤ੍ਰੱਗਯ ਹਾਂ, ਸਾਰਿਆਂ ਦੇ ਵਿੱਚ ਪਰੀਪੂਰਣ, ਘਟ ਘਟ ਮੇਂ ਵਿਆਪਕ ਹਾਂ। ਉਹ ਸਾਰਿਆਂ 'ਚ ਹਰੀ ਦਾ ਰੂਪ ਪ੍ਰਮੇਸ਼ਰ ਵਿਆਪਕ ਐ ਨਿਰੰਤਰ ਪਰ ਹਿਰਦੇ 'ਚ ਖੋਜੋ। ਪਹਿਲਾਂ ਤੁਸੀਂ ਆਪਣੀ ਬੁੱਧੀ ਨੂੰ ਆਪ ਈ ਦੇਖਣੈ, ਆਪਣੇ ਮਨ ਨੂੰ ਆਪ ਈ ਦੇਖਣੈ। ਜੋ ਮਨ ਬੁੱਧੀ ਦੇ ਵਿੱਚ ਵਸਤੂ ਐ, ਉਹਨੂੰ ਵੀ ਤੁਸੀਂ ਆਪ ਈ ਦੇਖਣੈ। ਉਹ ਪਾਰਖ ਐ-

ਨਾਨਕ ਪਾਰਖੁ ਆਪਿ ਜਿਨਿ ਖੋਟਾ ਖਰਾ ਪਛਾਣਿਆ ॥

(ਪੰਨਾ ੧੪੪)

ਉਹ 'ਪਾਰਖੁ' ਐ ਜਿਹੜਾ ਅੰਦਰ ਖੋਟੇ ਖਰੇ ਸੰਕਲਪਾਂ ਨੂੰ ਜਾਣਨੇ ਵਾਲਾ ਹੈ, ਉਹਨੂੰ ਪਾਰਖ ਕਹਿੰਦੇ ਨੇ-

ਨਾਨਕ ਪਰਖੇ ਆਪ ਕਉ ਤਾ ਪਾਰਖੁ ਜਾਣੁ ॥
ਰੋਗੁ ਦਾਰੂ ਦੋਵੈ ਬੁਝੈ ਤਾ ਵੈਦੁ ਸੁਜਾਣੁ ॥ (ਪੰਨਾ ੧੪੮)

ਪਹਿਲਾਂ 'ਪਾਰਖੁ' ਨੂੰ ਜਾਣੋ ਫੇਰ ਆਪਣੇ ਆਪ ਨੂੰ ਪਰਖੋ ਬਈ

ਸਾਡਾ ਆਪਣਾ- ਆਪ ਜੜ੍ਹ ਹੈ ਕਿ ਚੇਤਨ ਹੈ? ਪਰਤਾ-ਪ੍ਰਕਾਸ਼ ਹੈ ਕਿ ਸੋਯੰ-ਪ੍ਰਕਾਸ਼ ਹੈ? ਓਸ ਨੂੰ, ਸਤਿ ਸਰੂਪ ਨੂੰ, ਸਹੀ ਆਪਣੇ-ਆਪ ਨੂੰ ਕਰੋ-

ਬਾਹਰਿ ਭੀਤਰਿ ਏਕੋ ਜਾਨਹੁ

ਜਿਹੜਾ ਥੁਆਡੇ ਹਿਰਦੇ ਦਾ ਸਾਖਸ਼ੀ ਐ, ਸਾਰਿਆਂ ਦੇ ਹਿਰਦਿਆਂ ਦਾ, ਓਹੀ ਬਾਹਰ ਵੀ ਹੈ-

ਅੰਤਰਿ ਬਸੇ ਬਾਹਰਿ ਭੀ ਓਹੀ ॥
ਨਾਨਕ ਦਰਸਨੁ ਦੇਖਿ ਸਭ ਮੋਹੀ ॥ (ਪੰਨਾ ੨੯੪)

ਉਹ ਅੰਦਰ ਵੀ ਹੈ 'ਤੇ ਬਾਹਰ ਵੀ ਪਰੀਪੂਰਣ ਹੈ। ਕੋਈ ਜਗ੍ਹਾ ਨਹੀਂ ਹੈ ਜਿੱਥੇ ਇਹਦਾ ਆਪਣਾ-ਆਪ ਪ੍ਰਮੇਸ਼ਰ ਨਹੀਂ ਹੈ, ਪਰ ਨੇਸ਼ਠਾ (ਨਿਸਚਾ) ਹੋਣੀ ਬੜੀ ਮੁਸ਼ਕਿਲ ਹੈ-

ਇਹੁ ਗੁਰ ਗਿਆਨੁ ਬਤਾਈ ॥

ਇਹ ਸਾਡੇ ਗੁਰੂ ਨੇ 'ਗਿਆਨੁ' ਬਤਾਇਐ। ਗੁਰੂ ਨਾਨਕ ਦੇਵ ਸਾਡੇ ਪਹਿਲੇ ਗੁਰੂ ਹੋਏ ਨੇ, ਇਹ ਸਾਨੂੰ 'ਗਿਆਨੁ' ਬਤਾਇਐ, ਇਹਦਾ ਨਾਉਂ 'ਗਿਆਨੁ' ਹੈ ਪਰ ਵਿੱਚ ਇੱਕ ਬਾਤ ਹੋਰ ਵੀ ਹੈ। ਪੜ੍ਹਦੇ-

ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰ ਗਿਆਨੁ ਬਤਾਈ ॥
ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥

ਪਰ ਭਰਮ ਦੀ ਕਾਈ (ਪੜਦਾ) ਆਪਾ ਚੀਨੇ ਬਿਨਾਂ ਨਹੀਂ ਮਿਟਦੀ। ਜਦ ਤੱਕ ਇਹ ਆਪਣੇ ਆਪ ਨੂੰ ਸਾਖਸ਼ਾਤਕਾਰ ਨਹੀਂ ਕਰ ਲੈਂਦਾ, ਸਹੀ ਨਹੀਂ ਕਰ ਲੈਂਦਾ, ਉਦੋਂ ਤੱਕ ਇਹਦਾ ਭਰਮ ਨਹੀਂ ਕਦੇ ਵੀ ਜਾਂਦਾ। ਇਹਦਾ ਭਰਮ ਪਹਿਲਾਂ ਤਾਂ ਮਾਇਆ ਆਦੀ 'ਚ ਫਸਿਆ ਰਹਿੰਦੈ। ਬੜਾ, ਇੱਕ ਬੜਾ 'ਮਾਨੁ' ਤੇ ਜੇ ਬਹੁਤਾ ਈ ਉੱਚਾ ਚਲਿਆ ਜਾਏ ਤਾਂ-

ਮਾਨ ਮੁਨੀ ਮੁਨਿਵਰ ਗਲੇ ਮਾਨੁ ਸਭੈ ਕਉ ਖਾਇ ॥
(ਪੰਨਾ ੧੩੭੨)

ਏਸ ਨੂੰ ਖਾਣ ਵਾਲੇ ਬਹੁਤ ਨੇ ਗੇ।ਉਹ ਭਰਮ ਜਿਹੜਾ ਹੈ,

ਇਹਨੂੰ ਆਪਣੇ ਸਰੂਪ ਦਾ ਸਾਖਸ਼ਾਤਕਾਰ ਨਹੀਂ ਹੋਣ ਦਿੰਦਾ।'ਆਪਾ' ਚੀਨੇ (ਪਹਚਾਣੇ) ਦੇ ਬਾਅਦ, ਭਰਮ ਨਹੀਂ ਰਹਿੰਦਾ।'ਆਪਾ' ਆਪਣਾ-ਆਪ ਹੈ, ਆਤਮਾ ਹੈ। ਆਤਮਾ ਕਹੋ, ਆਪਣਾ ਆਪ ਕਹੋ-

ਜਿਨੀ ਆਤਮੁ ਚੀਨਿਆ ਪਰਮਾਤਮੁ ਸੋਈ ॥
ਏਕੋ ਅੰਮ੍ਰਿਤ ਬਿਰਖੁ ਹੈ ਫਲੁ ਅੰਮ੍ਰਿਤੁ ਹੋਈ ॥

(ਪੰਨਾ ੪੨੧)

ਫੇਰ ਇਹ ਅਮਰ ਹੋ ਜੇਗਾ, ਆਪਾ ਚੀਨ ਕੇ-

ਜਨ ਨਾਨਕ ਬਿਨੁ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ!

ਸਤਿਗੁਰ ਪ੍ਰਸਾਦਿ॥

੬੨

ਸੂਹੀ ਮਹਲਾ ੪ ।।

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ।।
ਆਪਣਾ ਕੀਤਾ ਕਿਛੂ ਨ ਹੋਵੈ ਜਿਉ ਹਰਿ ਭਾਵੈ ਤਿਉ ਰਖੀਐ।। ੧।।
ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ।।
ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ ਜਿਉ ਭਾਵੈ ਤਿਵੈ ਬਖਸਿ ।।੧।।ਰਹਾਉ।।
ਸਭੁ ਜੀਉ ਪਿੰਡੁ ਦੀਆ ਤੁਧੁ ਆਪੇ ਤੁਧੁ ਆਪੇ ਕਾਰੈ ਲਾਇਆ ।।
ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ ਜੇਹਾ ਤੁਧੁ ਧੁਰਿ ਲਿਖਿ ਪਾਇਆ ।। ੨।।
ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ।।
ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ ਇਕਿ ਮਨਮੁਖਿ ਕਰਹਿ ਸਿ ਰੋਵੈ।। ੩।।
ਹਰਿ ਕੀ ਵਡਿਆਈ ਹਉ ਆਖਿ ਨ ਸਾਕਾ ਹਉ ਮੂਰਖੁ ਮੁਗਧੁ ਨੀਚਾਣੁ ।।
ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ ਸਰਣਾਗਤਿ ਪਇਆ ਅਜਾਣੁ ।। ੪।।

(ਪੰਨਾ ੭੩੬)

ਸਾਰੀ ਸੰਗਤ ਕਿਰਪਾ, ਦਇਆ, ਮੇਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਦੁਨੀਆਂ ਦੇ ਵਿੱਚ ਅਖੀਰੀ ਸ਼ਰਣਾਗਤੀ ਤੇ ਆਕੇ, ਗ੍ਰੰਥਕਾਰਾਂ

ਨੇ ਗ੍ਰੰਥਾਂ ਦੀ ਸਮਾਪਤੀ ਕੀਤੀ। ਵਖਿਆਨਾਂ ਦੀ ਸਮਾਪਤੀ ਵੀ ਕਈ ਪੁਰਸ਼, ਸ਼ਰਣਾਗਤੀ ਤੇ ਆਕੇ ਕਰਦੇ ਨੇ–

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ (ਪੰਨਾ ੫੪੪)

ਇਹ ਨਿਯਮ ਐਂ ਪ੍ਰਮੇਸ਼ਰ ਦਾ, ਜੋ 'ਸਰਣਿ' ਆਏਗਾ ਉਹਨੂੰ ਉਹ 'ਕੰਠਿ' ਲਾ ਲਏਗਾ। ਸ਼ਰਣ ਦਾ ਅਰਥ ਮਧੁਸੂਦਨ ਸੁਆਮੀ ਨੇ ਗੀਤਾ ਦੇ ਆਪਣੇ ਟੀਕੇ 'ਚ ਲਿਖਿਐ, ਮੈਂ ਤੇਰਾਂ ਗਾ ਬੱਸ। ਆਪਣਾ ਤਨ, ਮਨ, ਧਨ ਤਿੰਨੇ ਚੀਜਾਂ ਸਭ ਅਰਪਣ ਕਰ 'ਤੇ, ਮੈਂ ਤੇਰਾਂ ਗਾ, ਕੋਈ ਬਾਕੀ ਵਸਤੂ ਨਾ ਰਹੀ। ਜਦ ਮੈਂ ਹੀਂ ਤੇਰਾ ਹੋ ਗਿਆ ਤਾਂ ਸਭ ਕੁੱਛ ਤੇਰਾ ਹੋ ਗਿਆ ਤੇ ਤੂੰ ਮੇਰਾ ਐਂ, ਚੱਲ, ਉਹਦੇ ਕੋਲ ਵੀ ਕੋਈ ਬਾਕੀ ਨਾ ਰਹੀ ਤੇ 'ਤੂੰ ਔਰ ਮੈਂ' ਇੱਕ ਹਾਂ। ਐਥੇ ਸ਼ਰਣਾਗਤੀ ਦੀ ਓਹਨੇ ਬੜੀ ਫਿਲਾਸਫਰੀ ਨਾਲ ਸਮਾਪਤੀ ਕੀਤੀ। ਸ਼ਰਣਾਗਤੀ ਤੇ ਬਾਅਦ ਬਖਸ਼ਿਸ਼ ਹੁੰਦੀ ਐ। ਜੋ ਸ਼ਰਣ ਆਇਆ–

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ ਇਹੁ ਬਿਰਦੁ ਸੁਆਮੀ ਸੰਦਾ ॥ (ਪੰਨਾ ੫੪੪)

ਜਦ ਜੀਵ ਪ੍ਰਮੇਸ਼ਰ ਦੀ ਸ਼ਰਣ ਜਾਂਦੈ, ਉਹਦੇ ਪਾਪ ਸਾਰੇ, ਆਪਣੇ ਆਪ ਮਿਟ ਜਾਂਦੇ ਨੇ–

ਸਰਵ ਧਰਮਾਨ ਪਰਿਤਯਜਯ ਮਾਮੇਕੰ ਸ਼ਰਣੰ ਵ੍ਰਜ।
ਅਹੰ ਤਵਾ ਸਰਵ ਪਾਪੇਭਯੋ ਮੋਖਸ਼ਯ ਸ਼ਿਆਮਿ ਮਾ ਸ਼ੁਚ:।

(ਗੀਤਾ ੧੮/੬੬)

ਤੂੰ (ਅਰਜਨ) ਮੱਤ ਸੋਚ ਕਰੀਂ! ਭਗਵਾਨ ਕ੍ਰਿਸ਼ਨ ਆਂਹਦੇ, ਸ਼ਰਣਾਗਤੀ ਆ ਜਾ, ਮੈਂ ਤੇਰੇ ਪਾਪਾਂ ਦਾ ਜਿੰਮੇਂਦਾਰ ਆਂ। ਫੇਰ ਮੈਂ ਸਾਰੇ ਜਿੰਮੇਂਦਾਰ ਹਾਂ। ਏਸ ਕਰਕੇ, ਇੱਕ ਛੋਟਾ ਜਿਹਾ ਦ੍ਰਿਸ਼ਟਾਂਤ ਹੈ। ਸੰਗਾਵਾਲੀਏ ਜਦ ਸ਼ਰਣ ਆਏ, ਲਹਿਣਾ ਸਿਹੁੰ ਤੇ ਅਜੀਤ ਸਿਹੁੰ, ਤੇ ਅਪਰਾਧ ਕਰਕੇ ਵੀ ਆਏ। ਪ੍ਰਤਾਪ ਸਿਹੁੰ ਤੇ ਗੋਲੀ ਚਲਾਈ ਬੱਚੇ ਤੇ, ਤੇ ਸ਼ੇਰ ਸਿਹੁੰ ਤੇ ਚਲਾਈ, ਵਿਸ਼ਵਾਸ਼ਘਾਤ ਕੀਤਾ, ਮਿੱਤਰ ਬਣਕੇ। ਉਹ ਬਾਬੇ ਵੀਰ ਸਿਹੁੰ ਦੀ ਸ਼ਰਣ ਆਏ, ਆਕੇ

ਬਹਿ ਗਏ। ਬਾਬੇ ਨੂੰ ਕਹਿੰਦੇ, ਅਸੀਂ ਅੱਜ ਤੇ ਆਪ ਦੀ ਸ਼ਰਣ ਹਾਂ। ਓਸ ਨੇ ਆਖਿਆ, ਤੁਸੀਂ ਬੜੀ ਗਲਤੀ ਕੀਤੀ, ਇਹ ਬਾਤ ਨਹੀਂ ਸੀ ਕਰਨੀ। ਪਰ ਆਕੇ ਸ਼ਰਣਾਗਤੀ ਪੈ ਗੇ ਤੇ ਨਹੀਂ ਫੇਰ ਓਥੋਂ ਹਿੱਲੇ। ਅਖੀਰੀ ਜੋ ਕੁੱਛ ਹੋਇਆ ਹੀਰਾ ਸਿਹੁੰ ਫੌਜ ਲੈਕੇ ਗਿਆ, ਸਭ ਕੁੱਛ ਹੋਇਆ। ਤਿੰਨ ਦਿਨ ਫੌਜ ਬੈਠੀ ਰਹੀ ਬਈ ਇਨ੍ਹਾਂ ਨੂੰ ਨਿਕਾਲ ਦਿਉ ਜਾਂ ਤੁਸੀਂ ਆ ਜੋ। ਓਹਨੇ ਆਖਿਆ ਨਾ, ਇਨ੍ਹਾਂ ਨੇ ਸ਼ਰਣਾਗਤੀ ਕਹਿ 'ਤਾ, ਇਹ ਸ਼ਰਣ ਪੈ ਗੇ, ਹੁਣ ਤੁਸੀਂ ਇਹ ਬਾਤ ਨਾ ਕਰੋ।ਪਰ ਨਾ ਹਟੇ ਉਨ੍ਹਾਂ ਨੂੰ ਸ਼ਰਣਾਗਤੀ ਤੇ ਨਹੀਂ ਧੱਕਿਆ ਤੇ ਆਪਣਾ ਸਰੀਰ ਓਹਨੇ ਓਥੇ ਖਤਮ ਕਰ 'ਤਾ ਬਾਬਾ ਵੀਰ ਸਿਹੁੰ ਨੇ। ਸ਼ਰਣਾਗਤੀ ਇੱਕ ਐਸੀ ਚੀਜ ਐ। ਉਹ ਆਏ ਸੱਚੇ ਦਿਲੋਂ ਸ਼ਰਣਾਗਤੀ। ਜੇ ਬੜੇ ਤੇ ਬੜਾ ਅਪਰਾਧ ਕਰਕੇ, ਸ਼ਰਣਾਗਤੀ ਆ ਜਾਏ। ਭਾਈ ਲਾਲੋ, ਪ੍ਰਮੇਸ਼ਰ (ਗੁਰੂ ਨਾਨਕ) ਦੀ ਪਹਿਲੇ ਈ ਜਾਂਦੇ, ਸ਼ਰਣਾਗਤੀ ਹੋ ਗਿਆ, ਸਾਰਾ ਕੰਮ ਉਹਦਾ ਹੋ ਗਿਆ। ਤੇ ਸੱਜਣ ਠੱਗ ਵੀ ਸ਼ਰਣਾਗਤੀ ਹੋ ਗਿਆ, ਤੇ ਇਹਦਾ ਵੀ ਜਨਮ-ਮਰਨ ਕੱਟਿਆ ਗਿਆ। ਪਰ ਭਾਈ ਲਾਲੋ ਤਾਂ ਭਗਤ ਸੀ। ਸੱਜਣ ਠੱਗ ਨੇ ਤਾਂ ਉਨ੍ਹਾਂ ਨੂੰ (ਗੁਰੂ ਨਾਨਕ ਦੇਵ ਨੂੰ) ਮਾਰਨੇ ਵਾਸਤੇ, ਓਹਨੇ ਪ੍ਰਬੰਧ ਕੀਤਾ ਸੀ ਕਿ ਨਾ। ਪਰ ਨਹੀਂ, ਜਦ ਓਹਨੇ ਦੇਖਿਆ, ਸ਼ਰਣਾਗਤੀ ਪੈ ਗਿਆ।ਓਸੇ ਵਕਤ ਉਹ ਬਖਸ਼ਿਆ ਗਿਆ ਬੜੇ ਤੇ ਬੜਾ ਅਪਰਾਧੀ। ਭੀਲਣੀ, ਮਤੰਗ (ਰਿਸ਼ੀ) ਦੀ ਸ਼ਰਣਾਗਤੀ ਆਈ। ਓਹਨੇ, ਉਹਨੂੰ ਨਾਮ ਦੇ 'ਤਾ ਪਰ ਸਾਰੇ ਰਿਸ਼ੀਆਂ ਨੇ ਉਹਨੂੰ ਅਲਹਿਦਾ ਕਰ 'ਤਾ ਪੰਗਤ ਤੋਂ। ਓਹਨੇ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਕੀਤੀ ਪਰ ਭੀਲਣੀ ਨੂੰ ਤਾਂ ਬਖਸ਼ ਈ ਦਿੱਤਾ, ਨਾਮ ਦੇ ਦਿੱਤਾ। ਸ਼ਰਣਾਗਤੀ ਇੱਕ ਐਸੀ ਚੀਜ ਹੈ, ਏਸ ਤੇ ਬਖਸ਼ਿਸ਼ ਹੋ ਜਾਂਦੀ ਐ-

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥

ਸਾਰੀ ਦੁਨੀਆਂ ਜਿਤਨੀ ਉਤਪਤੀ ਕੀਤੀ ਐ, ਉਹਦੀ ਉਤਪਤੀ, ਪਾਲਣਾ, ਲੈਅ ਸਭ ਤੇਰੇ ਵੱਸ ਐ। ਹੇ ਈਸ਼ਰ! ਮੈਨੂੰ ਏਸ ਬਾਤ ਦਾ ਗਿਆਨ ਹੋ ਗਿਆ, ਇਹ ਸਭ ਤੇਰੇ ਵੱਸ ਐ, ਗੁਰੂ ਸਾਹਿਬ ਜੀ

ਕਹਿੰਦੇ–

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ

ਸਾਡੇ 'ਚ ਕੋਈ ਤਾਕਤ ਨਹੀਂ, ਜੇ ਅਸੀਂ ਕੋਈ ਵਸਤੂ (ਬਣਾ ਸਕੀਏ) ਜਾਂ ਕੁੱਛ ਕਰ ਸਕੀਏ। ਅਸੀਂ ਇੱਕ ਸ਼ਰਣਾਗਤੀ ਆਪ ਦੇ ਆਏ ਹਾਂ। ਆਪ, ਹਮਾਰੇ ਤੇ ਬਖਸ਼ਿਸ਼ ਕਰ ਦਿਉ, ਅਖੀਰੀ ਮੰਗ ਏਹੀ ਹੈਗੀ। ਸਾਡੇ ਕੋਈ ਵੱਸ ਨਹੀਂ, ਕਿਉਂ? ਸਾਡੀ ਬੁੱਧੀ, ਸਾਡੇ ਵੱਸ ਨਹੀਂ ਹੈ–

ਜੈਸੀ ਮਤਿ ਦੇਇ ਤੈਸਾ ਪਰਗਾਸ ॥
ਪਾਰਬ੍ਰਹਮੁ ਕਰਤਾ ਅਬਿਨਾਸ ॥ (ਪੰਨਾ ੨੭੫)

ਸਾਡਾ ਮਨ ਸਾਡੇ ਵੱਸ ਨਹੀਂ। ਜਦ ਤੱਕ ਸਾਡਾ ਮਨ ਹੰਕਾਰ 'ਚ ਹੈ, ਉਦੋਂ ਤੱਕ ਕਰਮਾਂ ਦੇ ਵੱਸ 'ਚ ਐ। ਤੁਸੀਂ ਆਪਣੀ ਸਾਰੀ ਤਾਕਤ ਲਾ ਲਉ ਬਈ ਅਸੀਂ ਤੜਕੇ (ਸਵੇਰੇ) ਭਜਨ ਕਰਨੈ। ਪਰ ਮਨ, ਮੰਨਦਾ ਨਹੀਂ ਥੋਡਾ। ਕਿਉਂ? ਮਨ ਨੇ ਤਾਂ ਕਰਮ ਅਨੁਸਾਰ, ਮਨ ਦੀ ਤਾਂ ਵਾਰੀ ਕਰਮਾਂ ਅਨੁਸਾਰ ਨਿੱਕਲਣੀ ਐਂ। ਜਿਹੋ ਜਿਹਾ ਕਰਮ ਹੋਊ, ਉਹੋ ਜਿਹਾ ਥੁਆਡੇ ਮਨ ਦਾ ਸੰਕਲਪ ਹੋਊਗਾ। ਕਿਉਂ? ਤੁਸੀਂ ਜੋ ਕਰਮ ਕੀਤੇ ਨੇ, ਮਨ ਥੋਡਾ, ਉਨ੍ਹਾਂ ਦਾ ਕੈਦੀ ਹੈ। ਕੈਦ ਤਾਂ ਇਹਦੀ ਤਾਂ ਟੁੱਟਦੀ ਜੇ ਥੁਆਡਾ ਮਨ ਸ਼ਰਣਾਗਤੀ ਚਲਿਆ ਜਾਂਦਾ। ਫੇਰ ਤਾਂ–

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਬਖਸ਼ਿਸ਼ ਤਾਂ, ਤਾਂ ਹੁੰਦੀ ਜੇ ਥੋਡਾ ਮਨ ਸ਼ਰਣਾਗਤੀ ਪਹੁੰਚ ਜਾਂਦਾ। ਥੋਡਾ ਮਨ ਤਾਂ ਕਰਮਾਂ ਦੇ ਅਭਿਮਾਨ 'ਚ ਐ। ਜਦ ਕਰਮ ਕੀਤੇ, ਉਦੋਂ ਵੀ ਓਹਨੇ ਅਭਿਮਾਨ ਸਹਿਤ ਕੀਤੇ ਨੇ। ਮੈਂ ਆਹ ਪੁੰਨ ਕਰਦਾਂ, ਮੈਨੂੰ ਆਹ ਫਲ ਮਿਲੇ, ਮੈਂ ਐਸਾ ਕਰਦਾਂ, ਮੈਨੂੰ ਆਹ ਫਲ ਮਿਲੇ। ਏਸ ਕਰਕੇ, ਮਨ–

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥
(ਪੰਨਾ ੧੫੭)

ਗੁਰੂ ਸਾਹਿਬ ਕਹਿੰਦੇ, ਭਾਈ! ਜੇ ਤੁਸੀਂ ਲੋਚੋਂ, ਸਾਰੀ ਦੁਨੀਆਂ ਲੋਚਦੀ ਐ, ਚਾਹੁੰਦੀ ਐ ਬਈ ਮੇਰਾ ਮਨ ਪ੍ਰਮੇਸ਼ਰ ਨਾਲ ਜੁੜ ਜੈ, ਨਾਮ ਨਾਲ ਜੁੜ ਜੈ-

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥

(ਪੰਨਾ ੧੫੭)

ਥੁਆਡੇ ਅੰਦਰ ਤਾਂ ਅਜੇ ਹੰਕਾਰ ਪਿਐ ਗਾ ਜਾਤੀ ਦਾ, ਮਜ਼ਬ ਦਾ, ਵਿੱਦਿਆ ਦਾ। ਉਹ ਤਾਂ ਅਜੇ ਅੰਦਰੋਂ ਨਿੱਕਲਿਆ ਨਹੀਂ ਹੈ। ਹੰਕਾਰ ਦਾ ਮਾਰਿਆ ਜੀਵ ਭੱਜਿਆ ਫਿਰਦੈ ਗਾ। ਕਦੇ ਰੁੱਸ ਜਾਂਦੈ, ਕਦੇ ਮੰਨ ਜਾਂਦੈ, ਕਦੇ ਖੁਸ਼ ਹੋ ਜਾਂਦੈ ਪਰ ਇਹਦੇ ਅਖਤਿਆਰ ਕੁੱਛ ਨਹੀਂ, ਇਹ ਮਨ ਦੇ ਵੱਸ ਐ।ਇਹ ਤਾਂ ਆਪਣੇ ਮਨ ਦੇ ਵੱਸ ਐ। ਮਨ ਦਾ ਸੰਕਲਪ ਜੈਸਾ ਹੋਣੈ, ਐਸਾ ਈ ਇਹਨੇ ਕਰਨਾ ਹੈਗਾ। ਏਸ ਕਰਕੇ-

ਕਰਮਾ ਉਪਰਿ ਨਿਬੜੈ ਜੇ ਲੋਚੈ ਸਭੁ ਕੋਇ ॥

(ਪੰਨਾ ੧੫੭)

ਕਦ ਤੱਕ? ਜਦ ਤੱਕ ਹੰਕਾਰ ਹੈ ਹਿਰਦੇ 'ਚ-

ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥ (ਪੰਨਾ ੧੩੪)

ਜੇਹੋ ਜਿਹਾ ਬੀਜੇਗਾ ਓਹੋ ਜਿਹਾ ਵੱਢੇਗਾ, ਇਹਦੇ ਕਰਮਾਂ ਦਾ ਖੇਤ ਹੈ। ਕਰਮਾਂ ਦਾ ਨਿਬੇੜਾ ਤਾਂ ਸ਼ਰਣਾਗਤੀ 'ਚ ਹੋਣੈ, ਓਸ ਤੇ ਪਹਿਲੇ ਨਹੀਂ ਹੁੰਦਾ। ਹੁਣ, ਇਹ ਜੀਵ ਨੂੰ ਇੱਕ, ਗੁਰੂ ਸਾਹਿਬ ਵੱਲੋਂ ਐਸਾ ਸ਼ਬਦ ਆਇਐ। ਤੁਸੀਂ ਦੇਖੋਂਗੇ, ਆਹ ਥੁਆਡਾ ਸਾਂਇਸ ਸੂੰਸ, ਕਲਾਕਾਰੀ ਸਭ ਇਹਨੇ ਖੰਡਨ ਕਰ ਦੇਣੇ ਨੇ, ਇਹਦੇ ਹੇਤੂ ਵੀ ਦੇਣੇ ਨੇ-

ਜਿਉ ਭਾਵੈ ਤਿਵੈ ਬਖਸਿ ॥ ਰਹਾਉ॥

ਐਂ ਕਹੋ ਪ੍ਰਮੇਸ਼ਰ ਅੱਗੇ, ਇਹ ਪ੍ਰਮੇਸ਼ਰ ਅੱਗੇ ਸੱਚੇ ਦਿਲੋਂ ਬੇਨਤੀ ਕਰੋ-

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥

ਹੇ ਹਰੀ! ਮੈਨੂੰ, ਗੁਰੂ ਸਾਹਿਬ ਕਹਿੰਦੇ, ਯਕੀਨ ਹੋ ਗਿਆ,

ਸਾਰਾ ਸੰਸਾਰ ਤੇਰੇ ਵੱਸ ਹੈ।ਕੋਈ ਜੀਵ ਨਹੀਂ ਜਿਹੜਾ ਤੇਰੇ ਵੱਸ ਨਾ ਹੋਵੇ, ਜਬ ਤੱਕ ਹੰਕਾਰ ਹੈ। ਪਰ ਮੇਰੀ ਆਪ ਦੇ ਅੱਗੇ ਇੱਕ ਬੇਨਤੀ ਹੈ, ਮੇਰੀ ਅਰਦਾਸ ਹੈ।ਉਹ ਕੀ ਐ?

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ

ਮੈਂ, ਪਹਿਲੇ ਈ ਆਪ ਦੇ ਅੱਗੇ ਅਰਦਾਸ ਕਰਦਾ ਹਾਂ, ਮੇਰੇ 'ਚ ਕੋਈ ਤਾਕਤ ਨਹੀਂ, ਕੋਈ ਜੋਰ ਨਹੀਂ ਹੰਕਾਰ ਦਾ ਜੇ ਮੈਂ ਕੁੱਛ ਕਰ ਸਕਾਂ। ਇਹ ਮੇਰੇ ਕੋਈ ਵੱਸ ਦੀ ਬਾਤ ਨਹੀਂ। ਮੈਂ, ਆਪ ਨੂੰ ਪਹਿਲੇ ਈ ਇਹ ਬਾਤ, ਬੇਨਤੀ, ਅਰਦਾਸ ਕਰਦਾਂ। ਜੀਵ ਨੂੰ ਐਸੇ ਅਰਦਾਸ ਕਰਨੀ ਚਾਹੀਏ–

ਜਿਉ ਭਾਵੈ ਤਿਵੈ ਬਖਸਿ ॥ ਰਹਾਉ॥

ਜੈਸੇ ਤੈਨੂੰ ਭਾਉਂਦਾ ਹੈ, ਐਸੇ ਬਖਸ਼ ਦੇ। ਬੱਸ! ਮੈਂ ਇੱਕ ਬਖਸ਼ਿਸ਼ ਦੇ ਦਰਵਾਜੇ ਤੇ ਖੜ੍ਹਾਂ ਤੇ ਆਪ ਬਖਸ਼ ਦਿਉ। ਹੋਰ ਮੇਰੇ ਪਾਸ ਕੋਈ ਉਪਾਅ ਨਹੀਂ। ਅਖੀਰੀ, ਉਹ ਇਤਿਹਾਸ ਪੜ੍ਹੋਂਗੇ, ਸੱਜਣ (ਠੱਗ) ਨੇ ਜਦ ਉਹਨੂੰ ਯਕੀਨ ਹੋ ਗਿਆ, ਇਹ ਉਹ ਸ਼ਕਤੀ ਐ ਜਿਸ ਸ਼ਕਤੀ ਨੂੰ ਕੋਈ ਦੁਨੀਆਂ 'ਚ ਨਿਵਾ ਨਹੀਂ ਸਕਦਾ। ਪੈਰਾਂ ਤੇ ਡਿੱਗ ਕੇ ਰੋ ਪਿਆ ਧਾਹਾਂ ਮਾਰਕੇ, ਮੈਂ ਬੜਾ ਅਪਰਾਧੀ ਹਾਂ, ਜੈਸੇ ਆਪ ਨੂੰ ਚਾਹੇ, ਮੈਨੂੰ ਬਖਸ਼। ਉਹ ਸਾਰਾ ਹੰਕਾਰ ਉੱਡ ਗਿਆ ਤੇ ਗੁਰੂ ਸਾਹਿਬ ਨੇ ਉਹਦੇ ਤੇ ਦ੍ਰਿਸ਼ਟੀ ਕਰ 'ਤੀ ਤੇ ਉਹ ਸੱਚਾ ਸੱਜਣ ਬਣ ਗਿਆ। ਆਹ ਬੇਨਤੀ ਕਰੋ, ਹੇ ਪ੍ਰਮੇਸ਼ਰ! ਜੈਸੇ ਤੈਨੂੰ ਭਾਵੇ, ਮੈਨੂੰ ਬਖਸ਼ ਦੇ, ਹੋਰ ਮੈਂ ਏਸ ਤੇ ਜਿਆਦਾ ਕੋਈ ਬਾਤ ਨਹੀਂ ਜਾਣਦਾ–

ਸੂਹੀ ਮਹਲਾ ੪ ॥

ਚੌਥੇ ਪਾਤਸ਼ਾਹ ਸ੍ਰੀ ਗੁਰੂ ਰਾਮਦਾਸ ਮਹਾਰਾਜ ਜੀ–

ਕੀਤਾ ਕਰਣਾ ਸਰਬ ਰਜਾਈ ਕਿਛੁ ਕੀਚੈ ਜੇ ਕਰਿ ਸਕੀਐ ॥

ਜੋ ਤੁਸੀਂ ਕੀਤਾ, ਕਰਣੈ, ਤੁਸੀਂ ਆਪ ਜੋ ਕੀਤੇ ਵਿਓਂ। ਬੇਨਤੀ ਤੁਸੀਂ ਜੀਵ ਹੋਕੇ ਕਰਦੇਂ ਓਂ। ਬ੍ਰਹਮ ਤਾਂ ਬੇਨਤੀ ਕਰਦਾ ਨਹੀਂ। ਵਿਆਪਕ, ਚੇਤਨ ਤਾਂ ਕਦੇ ਬੇਨਤੀ ਕਰਦਾ ਨਹੀਂ। ਜਿਹੜਾ, ਆਪ

ਈ ਕੀਤਿਆਂ 'ਚ ਹੈ, ਕੀਤਾ–

ਕੀਤਾ ਕਰਣਾ ਸਰਬ ਰਜਾਈ

ਤੇਰੀ ਰਜਾ ਦੇ ਵਿੱਚ ਕੀਤੇ ਨੇ ਕਰਨੈ, ਜੋ ਕੁੱਛ ਕਰਨੈ। ਕੀਤਾ ਕੌਣ ਐਂ? ਜੀਵ। ਏਸ ਨੇ ਜੋ ਕੁੱਛ ਕਰਨੈ, ਤੇਰੀ ਰਜਾ ਦੇ ਵਿੱਚ ਕਰਨੈ। ਤੇਰੀ ਰਜਾ ਤੇਰੀ ਮਰਜੀ ਤੇ ਬਾਹਰ ਤਾਂ ਜੀਵ ਕੁੱਛ ਕਰ ਨਹੀਂ ਸਕਦਾ।ਜਦ ਵੀ ਇਹ ਕਰੇਗਾ, ਹੰਕਾਰ ਸਹਿਤ ਜੀਵ, ਪ੍ਰਮੇਸ਼ਰ ਦੇ ਕੀਤੇ ਵਿਆਂ 'ਚ ਈ ਕਰੇਗਾ। ਜੋ ਕੰਮ ਕਰੇਗਾ ਕੀਤੇ 'ਚ ਕਰੇਗਾ। ਜੇ ਕੋਈ ਚੀਜ ਬਣਾਏਗਾ ਤਾਂ ਵੀ ਪੰਜ ਤੱਤ ਪਹਿਲੇ ਬਣੇ ਵਏ ਨੇ, ਉਨ੍ਹਾਂ ਦਾ ਈ ਏੜ–ਗੇੜ ਕਰਕੇ ਬਣਾਏਗਾ। ਕੋਈ ਇਹਨੇ ਆਪਣੇ ਨਵੇਂ ਤੱਤ ਬਣਾਕੇ ਤਾਂ ਨਹੀਂ ਕੁੱਛ ਕਰ ਲੈਣਾ?

ਕਿਛੁ ਕੀਚੈ ਜੇ ਕਰਿ ਸਕੀਐ ॥

ਪਰ ਅਸੀਂ, ਤਾਂ ਕੁੱਛ ਕਰੀਏ ਜੇ ਕੁੱਛ ਕਰ ਸਕੀਏ।ਅਸੀਂ ਤਾਂ, ਕੁੱਛ ਕਰ ਈ ਨਹੀਂ ਸਕਦੇ। ਕਰਤਾ ਪੁਰਸ਼ ਏਕ ਹੈ–

ਬਿਨੁ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥

(ਦਸਮ ਗ੍ਰੰਥ)

ਦਸਮੇਂ ਪਾਤਸ਼ਾਹ ਨੇ ਕਹਿ 'ਤਾ।ਬਿਨਾਂ ਕਰਤਾਰ ਦੇ, ਕਦੇ ਕਿਰਤ ਨੂੰ ਨਾ ਮੰਨਿਉਂ। ਅਖੇ, ਜੀ ਉਹ ਕਿਹਾ ਜਿਹੈ, ਜਿਹੜਾ ਥੁਆਡਾ ਕਰਤਾ ਪੁਰਸ਼ ਐ?

ਬਿਨੁ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪਰਮੇਸਰ ਜਾਨੋ ॥

(ਦਸਮ ਗ੍ਰੰਥ)

ਉਹ ਜਿਹੜਾ ਅਨਾਦੀ, ਇੱਕ ਰਸ ਰਹਿਣ ਵਾਲਾ, ਜਨਮ–ਮਰਨ ਤੇ ਰਹਿਤ ਨਾਰਾਇਣ ਪ੍ਰਮੇਸ਼ਰ, ਉਹਨੂੰ ਪ੍ਰਮੇਸ਼ਰ ਮੰਨੋਂ, ਉਹਦੀ ਉਪਾਸ਼ਨਾ ਕਰੋ–

ਕਰਤਾ ਪੁਰਖੁ ਨ ਚੇਤਿਓ ਕੀਤੇ ਨੋ ਕਰਤਾ ਕਰਿ ਜਾਣੈ ॥

(ਭਾਈ ਗੁਰਦਾਸ)

ਇਹਨੇ ਕਰਤਾ ਪੁਰਸ਼ ਦਾ ਸੇਵਨ ਨਾ ਕੀਤਾ, ਕਰਤਾ ਪੁਰਸ਼ ਦੀ ਉਪਾਸ਼ਨਾ ਨਾ ਕੀਤੀ-

ਕੀਤੇ ਨੋ ਕਰਤਾ ਕਰਿ ਜਾਣੈ ॥ (ਭਾਈ ਗੁਰਦਾਸ)

ਇਹ ਤਾਂ ਕੀਤਿਆਂ ਨੂੰ, 'ਕਰਤਾ ਕਰਿ' ਜਾਨਣ ਲੱਗ ਗਿਆ। ਜਿਹੜੇ ਇਹਨੇ ਆਪ ਬਣਾਏ ਸੇ, ਅਸਥਾਪਨ ਕੀਤੇ ਸੇ, ਉਨ੍ਹਾਂ 'ਚ ਇਹਨੇ ਪ੍ਰਮੇਸ਼ਰ ਬੁੱਧੀ ਚਲਾਈ। ਪ੍ਰਮੇਸ਼ਰ ਮੇਂ ਪ੍ਰਮੇਸ਼ਰ ਬੁੱਧੀ ਨਹੀਂ ਚਲਾਈ। ਏਸ ਕਰਕੇ, ਬਿਨਾਂ ਕਰਤਾਰ ਤੇ ਕਰਤਾ ਪੁਰਸ਼ ਹੋਰ ਕੋਈ ਨਹੀਂ। ਓਸ ਤੋਂ ਬਿਨਾਂ ਭਾਈ! ਸੇਵਨ ਨਾ ਕਰਿਓ, ਓਸ ਗੁਰੂ ਦੀ ਸ਼ਰਣ ਲਿਉ। ਗੀਤਾ 'ਚ ਵੀ ਓਸੇ ਦੀ ਸ਼ਰਣ, ਰਾਮਾਇਣ 'ਚ, ਗੁਰੂ ਗ੍ਰੰਥ ਸਾਹਿਬ 'ਚ, ਸਾਰਿਆਂ 'ਚ ਇੱਕ ਦੀ ਸ਼ਰਣ, ਪ੍ਰਮੇਸ਼ਰ ਦੀ ਸ਼ਰਣ ਹੈ। ਚਾਹੇ ਓਸ ਵਕਤ ਸਰਗੁਣ ਹੋਇਆ ਖੜ੍ਹਾ ਹੋਵੇ, ਤੇ ਚਾਹੇ ਉਹ ਨਿਰਗੁਣ ਹੈ-

ਨਿਰਗੁਨੁ ਆਪਿ ਸਰਗੁਨੁ ਭੀ ਓਹੀ ॥
ਕਲਾ ਧਾਰਿ ਜਿਨਿ ਸਗਲੀ ਮੋਹੀ ॥ (ਪੰਨਾ ੨੮੭)

ਉਹ ਅਵਤਾਰ ਇਉਂ ਤਾਂ ਨਹੀਂ ਹੁੰਦਾ ਬਈ ਉਹ ਆਪਣੇ-ਆਪ ਨੂੰ ਪ੍ਰਮੇਸ਼ਰ ਨਹੀਂ ਜਾਣਦਾ। ਉਹ ਆਪਣੇ-ਆਪ ਨੂੰ ਸਰੀਰ ਤਾਂ ਨਹੀਂ ਜਾਣਦਾ ਹੁੰਦਾ-

ਅਵਯਕਤੰ ਵਯਕਤੀ ਮਾਪਨੰ ਮਨਯੰਤੇ ਮਾਮਬੁੱਧਯ:।
ਪਰੰ ਭਾਵਮਜਾਨੰਤੋ ਮਮ ਅਵਯਮ ਅਨੁਤੱਮਮ ।

(ਗੀਤਾ੭/੨੪)

ਉਹ ਤਾਂ ਮੂਰਖ ਨੇ ਜਿਹੜਾ ਅਵਿਅਕਤ ਨੂੰ 'ਵਿਅਕਤੀ' ਸਰੀਰ ਵਾਲਾ ਮੰਨਦੈ। ਸਰੀਰ ਤਾਂ ਪੰਜਾਂ ਤੱਤਾਂ ਦਾ ਹੁੰਦੈ। ਕਿਸੇ ਦਾ ਮਾਇਆ ਉਪਾਧੀ ਹੋਏਗਾ, ਕਿਸੇ ਦਾ ਪੰਜਾਂ ਤੱਤਾਂ ਭੂਤਾਂ ਦਾ ਹੋਏਗਾ। ਸਰੀਰ ਤਾਂ ਮਾਇਆ ਦਾ ਈ ਹੋਏਗਾ ਤੇ ਇਹ-

ਬ੍ਰਹਮ ਗਿਆਨੀ ਕਾ ਸਗਲ ਅਕਾਰੁ ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ ॥ (ਪੰਨਾ ੨੭੩)

ਉਹ ਆਪ ਨੂੰ ਨਿਰਾਕਾਰ, ਵਿਆਪਕ, ਸਾਖਸ਼ਾਤ ਜਾਣਦਾ ਹੁੰਦੈ

ਗਾ। ਏਸ ਕਰਕੇ, ਪ੍ਰਮੇਸ਼ਰ ਦੀ ਸ਼ਰਣਾਗਤੀ ਲੈਣੀ ਐਂ।ਇਹ ਕੀਤਾ ਹੋਇਆ 'ਜੀਵ' ਕੁੱਛ ਕਰ ਨਹੀਂ ਸਕਦਾ ਸੁਤੰਤਰ ਤੇ ਪ੍ਰਮੇਸ਼ਰ ਦੀ ਕਿਰਪਾ ਨਾਲ ਈ ਕਰ ਸਕਦੈ, ਜੋ ਕੁੱਛ ਕਰ ਸਕਦੈ–

ਆਪਣਾ ਕੀਤਾ ਕਿਛੂ ਨ ਹੋਵੈ

ਜੀਵ ਦਾ ਕੀਤਾ ਕੁੱਛ ਨਹੀਂ ਹੁੰਦਾ।ਇਹ ਆਪ ਚਾਹੇ, ਕੁੱਛ ਕਰ ਲਏ, ਇਹਦਾ ਕੀਤਾ ਕੁੱਛ ਨਹੀਂ ਹੁੰਦਾ –

ਜਿਉ ਹਰਿ ਭਾਵੈ ਤਿਉ ਰਖੀਐ ॥

ਜੈਸੇ ਹਰੀ ਨੂੰ ਭਾਏਗਾ ਐਸੇ ਜੀਵ ਨੂੰ ਰੱਖੇਗਾ, ਇਹਦੇ ਕਰਮਾਂ ਦੇ ਅਨੁਸਾਰ। ਜਦ ਤੱਕ ਇਹਨੂੰ ਹੰਕਾਰ ਹੈ, ਆਪਣੇ ਕਰਮਾਂ ਦਾ ਅਭਿਮਾਨ ਐਂ, ਤਬ ਤੱਕ ਇਹ ਪ੍ਰਮੇਸ਼ਰ ਦੇ ਹੁਕਮ 'ਚ ਈ ਰਹੇਗਾ–

ਮੇਰੇ ਹਰਿ ਜੀਉ ਸਭੁ ਕੋ ਤੇਰੈ ਵਸਿ ॥

ਹੇ ਪ੍ਰਮੇਸ਼ਰ! ਹੇ ਮੇਰੇ ਆਤਮਾ! ਪਰੀਪੂਰਣ ਪ੍ਰਮੇਸ਼ਰ! ਸਭ ਕੁੱਛ ਤੇਰੇ ਵੱਸ ਹੈ, ਹੋਰ ਕਿਸੇ ਦੇ ਵੱਸ ਨਹੀਂ–

ਅਸਾ ਜੋਰੁ ਨਾਹੀ ਜੇ ਕਿਛੁ ਕਰਿ ਹਮ ਸਾਕਹ

ਸਾਡਾ ਕੋਈ ਜੋਰ ਨਹੀਂ, ਸਾਡੇ 'ਚ ਕੋਈ ਤਾਕਤ ਨਹੀਂ ਹੰਕਾਰ ਦੀ, ਜੇ ਅਸੀਂ ਕੁੱਛ ਕਰ ਸਕੀਏ ਸਾਡੇ 'ਚ ਕੋਈ ਤਾਕਤ ਨਹੀਂ। ਇਹ ਤੁਸੀਂ ਸਾਰਾ ਹੰਕਾਰ ਅੰਦਰੋਂ ਕੱਢ ਦਿਉ–

ਜਿਉ ਭਾਵੈ ਤਿਵੈ ਬਖਸਿ ॥ ਰਹਾਉ॥

ਜੈਸੇ ਤੈਨੂੰ ਭਾਵੇ, ਬੱਸ! ਅਸੀਂ ਤਾਂ ਇੱਕੋ ਈ ਚੀਜ ਮੰਗਦੇ ਆਂ, ਬਖਸ਼ਿਸ਼। ਸਾਨੂੰ ਹੁਣ ਬਖਸ਼ ਦੇ ਬੱਸ, ਸਾਡਾ ਹੋਰ ਕੋਈ ਉਪਾਅ ਨਹੀਂ, ਕੋਈ ਬਾਤ ਨਹੀਂ। ਅਸੀਂ ਤਾਂ ਇੱਕ ਬਖਸ਼ਿਸ਼ ਦੇ ਦਰਵਾਜੇ ਤੇ ਖੜ੍ਹੇ ਆਂ–

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ

ਇਹ ਮੇਰਾ ਜੀਵ, ਜਿਹੜਾ ਅਭਾਸ ਸਹਿਤ ਬੁੱਧੀ ਦੀ ਬਿਰਤੀ ਐ–

ਏਕ ਸਮੇਂ ਹੀ ਭਾਂਨ ਹੋਇ ਸਾਖਸ਼ੀ ਅਰੁ ਆਭਾਸ।
ਦੂਜੋ ਚੇਤਨ ਕੋ ਵਿਸ਼ੈ ਸਾਖਸ਼ੀ ਸਵਯੰ ਪ੍ਰਕਾਸ।

(ਨਿਹਚਲ ਦਾਸ ਵਿਚਾਰ ਸਾਗਰ ੪/੧੧੯)

ਥੋਡੇ ਅੰਦਰ ਇੱਕ ਐਸੀ ਵਸਤੂ ਐ, ਜੀਹਨੂੰ 'ਦਾਨਾ ਬੀਨਾ ਸਾਈ ਮੈਡਾ' ਕਹਿੰਦੇ ਨੇ। ਉਹ ਚੇਤਨ, ਆਤਮਾ ਹੈ, ਉਹ ਪ੍ਰਮਾਤਮਾ ਹੈ ਪਰ ਉਹਦੇ ਅੱਗੇ ਇੱਕ ਹੋਰ ਵਸਤੂ ਵੀ ਹੈ, 'ਅਭਾਸ ਸਹਿਤ ਬਿਰਤੀ'। ਕਿਉਂ? ਵੇਦਾਂਤ ਗ੍ਰੰਥਾਂ ਮੇਂ ਲਿਖਿਐ 'ਸਰਬ ਵਿਹਾਰ ਦਾ ਹੇਤੂ ਬਿਰਤੀ ਹੈ'। ਤੁਸੀਂ ਖਿਆਲ ਕਰਨਾ ਬਈ ਆਹ ਇੱਟ ਐਂ ਲੱਗਦੀ ਐ, ਆਹ ਟਾਕੀ ਐਂ ਲੱਗਦੀ ਹੈ, ਆਹ ਚੀਜ ਐਂ ਬਣਦੀ ਹੈ, ਕੰਧ ਐਂ ਬਣੇਗੀ, ਕੋਈ ਵੀ ਫੋਟੋ ਬਣਾਉਂਗੇ, ਐਂ ਬਣੇਗਾ। ਪਹਿਲਾਂ ਉਹ ਅੰਦਰ ਨਕਸ਼ਾ ਲਹੇਗਾ ਥੋਡੇ ਮਨ ਦੇ ਵਿੱਚ। ਚੇਤਨ 'ਚ ਕੋਈ ਨਕਸ਼ਾ ਨਹੀਂ ਲਹਿੰਦਾ ਹੁੰਦਾ, ਉਹ ਨਿਰਾਕਾਰ ਹੈ। ਫੇਰ ਤੁਸੀਂ ਉਹ ਨਕਸ਼ੇ ਨੂੰ ਦੇਖੋਂਗੇ ਅੰਦਰ, ਤੇ ਬਾਹਰ ਓਹੋ ਜਿਹਾ ਈ ਬਣਾ ਦੋਂਗੇ। ਏਸ ਕਰਕੇ, ਉਹ ਜਿਹੜੀ ਅਭਾਸ ਸਹਿਤ ਬਿਰਤੀ ਐ, ਸਾਰੇ ਵਿਹਾਰ ਦਾ ਹੇਤੂ ਜੀਹਦੇ 'ਚ ਚੇਤਨ ਦਾ ਅਭਾਸ ਪੈਂਦੈ, ਉਹਨੂੰ ਜੀਵ ਕਹਿੰਦੇ ਨੇ। ਤੇ ਉਹ ਜਿਹੜਾ ਚੇਤਨ, ਪ੍ਰਕਾਸ਼-ਰੂਪ, ਥੋਡੇ ਅੰਦਰ 'ਦਾਨਾ-ਬੀਨਾ' ਪ੍ਰਮੇਸ਼ਰ ਐ, ਓਸ ਨੂੰ ਸਾਖਸ਼ੀ, ਦ੍ਰਸ਼ਟਾ, ਨਿੱਜ-ਰੂਪ,ਆਪਣਾ-ਆਪ, ਵਿਆਪਕ। ਉਹ ਸਾਰੇ ਵਿਸ਼ੇਸ਼ਣ ਓਸੇ ਇੱਕੋ ਹੀ ਵਸਤੂ ਦੇ ਨੇ ਸਮਝਾਉਣ ਵਾਸਤੇ। ਜਦ ਸੁਆਮੀ ਸ਼ੰਕਰਾਚਾਰਯ ਸ੍ਰੀਨਗਰ (ਕਸ਼ਮੀਰ) ਪਹੁੰਚੇ, ਓਥੇ ਮੰਡਨ ਮਿਸ਼ਰ ਇੱਕ ਪੰਡਤ ਸੀ ਬੜਾ ਭਾਰੀ, ਨਿਆਇ ਦਾ ਅਚਾਰਯ ਸੀ ਬੜਾ। ਓਹਨੇ ਆਪਣੇ ਦਰਵਾਜੇ ਤੇ ਲਿਖਕੇ ਲਾਇਆ ਵਿਆ ਸੀ 'ਪਰਤਾ-ਪ੍ਰਕਾਸ਼'।ਕਿਉਂ? ਓਸ ਨੂੰ ਸਰੂਪ ਦਾ ਗਿਆਨ, ਸਹੀ ਨਹੀਂ ਸੀ। ਪਰਤਾ- ਪ੍ਰਕਾਸ਼ ਕੌਣ ਐਂ? ਬਿਰਤੀ ਸਹਿਤ ਅਭਾਸ, ਐਥੇ ਉਹ ਖੜ੍ਹਾ ਸੀ ਅਨੰਦਮਯੀ ਕੋਸ਼ ਮੇਂ। ਓਸ ਨੇ ਉਹ ਲਿਖਿਆ ਵਿਆ ਸੀ 'ਪਰਤਾ-ਪ੍ਰਕਾਸ਼' ਹੈ। ਸੁਆਮੀ ਸ਼ੰਕਰਾਚਾਰਯ ਨੇ ਜਾ ਕੇ ਓਸ ਦੇ ਹੇਠਾਂ ਲਿਖ ਦਿੱਤਾ 'ਸੁਤੇ-ਪ੍ਰਕਾਸ਼'। ਜਦ ਓਹਨੇ ਅੰਦਰੋਂ, ਬਾਹਰ ਨਿੱਕਲ ਕੇ ਦੇਖਿਆ ਤੇ ਸੁਆਮੀ ਸ਼ੰਕਰਾਚਾਰਯ ਪਿਛਲੇ ਪਾਸੇ ਖੜ੍ਹ ਗੇ। ਹੁਣ ਓਥੇ ਮੱਠ ਐ, ਮੈਂ ਵੀ ਓਥੇ ਰਿਹਾਂ ਗਾ ਕੁੱਛ ਦੇਰ।ਓਹਨੇ (ਪੰਡਤ) ਦੇਖਿਆ, ਇਹ ਕੀਹਨੇ ਲਿਖਿਐ? ਮੇਰੇ ਸਾਮ੍ਹਣੇ ਆਉ। ਸੁਆਮੀ ਜੀ, ਪਿਛਲੇ ਪਾਸਿਓਂ ਆ

ਗੇ, ਕਹਿੰਦੇ ਮੈਂ ਆਂ, ਮੈਂ ਲਿਖਿਐ।(ਪੰਡਤ ਕਹਿੰਦਾ) ਤੂੰ ਸਿੱਧ ਕਰੇਂਗਾ? ਹਾਂ ਕਰਾਂਗਾ। ਅੱਛਾ, ਲਿਆਓ ਮਧਿਅਸਤ। ਓਸ ਕਸ਼ਮੀਰ ਮੇਂ ਕੋਈ ਪੰਡਤ ਮਧਿਅਸਤ ਨਾ ਮਿਲਿਆ। ਓਸ ਮੰਡਨ ਮਿਸ਼ਰ ਦੀ ਜਿਹੜੀ ਸੁਪਤਨੀ ਸੀ, ਉਹਨੂੰ ਮਧਿਅਸਤ ਬਣਾਇਆ ਤੇ ਸੁਆਮੀ ਜੀ ਨੂੰ ਓਹਨੇ (ਪੰਡਤ ਨੇ) ਪੁੱਛਿਆ, ਤੈਨੂੰ ਇਹ ਮਨਜੂਰ ਐ? ਅਖੇ, ਹਾਂ ਮਨਜੂਰ ਹੈ। ਤਾਂ 'ਪਰਤਾ-ਪ੍ਰਕਾਸ਼' ਤੇ 'ਸੁਤੇ- ਪ੍ਰਕਾਸ਼' ਤੇ ਓਥੇ ਸਾਸ਼ਤਰਾਰਥ ਉਨ੍ਹਾਂ ਦਾ ਹੋਇਆ। ਓਸ ਨੇ 'ਪਰਤਾ-ਪ੍ਰਕਾਸ਼' ਜੀਵ ਰੱਖ 'ਤਾ।ਅਭਾਸ ਸਹਿਤ ਬਿਰਤੀ, ਜੀਹਨੂੰ ਜੀਵ ਕਹਿੰਦੇ ਨੇ, ਭੁੱਲੀ ਵੀ ਬਿਰਤੀ ਹੁੰਦੀ ਐ। ਅੱਜ ਥੁਆਨੂੰ ਬਾਤ ਇੱਕ ਅਸੀਂ ਜਿਹੜੀ ਸੰਤਾਂ ਤੇ ਸਿੱਖੀ ਐ, ਉਹ ਦੱਸਦੇ ਆਂ। ਭੁੱਲਣ ਬਿਰਤੀ 'ਚ ਹੁੰਦੈ, ਅਭੁੱਲ ਗੁਰੂ ਕਰਤਾਰ ਹੁੰਦੈ। ਗੁਰੂ ਔਰ ਕਰਤਾਰ ਅਭੁੱਲ ਹੁੰਦੈ ਤੇ ਜੀਵ ਭੁੱਲ 'ਚ ਹੁੰਦੈ।ਕਿਉਂ? ਜੀਵ ਆਪਣੇ-ਆਪ ਨੂੰ ਬਿਰਤੀ ਮੰਨਦੈ। ਇਹ ਆਪ ਸਾਫ ਕਹਿੰਦੈ, ਹਰ ਵਕਤ, ਮੈਂ ਸੋਚੀ ਕਿ ਨਾ ਇਹ ਗੱਲ, ਮੈਂ ਜਾਣੀ ਇਹ ਗੱਲ, ਫੇਰ ਮੈਂ ਸੰਕਲਪ ਕੀਤਾ, ਫੇਰ ਮੈਂ ਇਹਦੇ ਕੋਲ ਗਿਆ, ਫੇਰ ਮੈਂ ਬਾਤ ਕੀਤੀ, ਆਹ ਦੇਖ ਲੈ ਫਤਿਹ ਹੋ ਗਈ। ਹੁਣ ਇਹਨੂੰ ਪੁੱਛੇ, ਸੋਚਣਾ ਬਿਰਤੀ ਦਾ ਧਰਮ , ਸੰਕਲਪ ਵੀ ਬਿਰਤੀ ਦਾ ਧਰਮ, ਮਨ ਦਾ ਤੇ ਸਾਰੇ ਤਾਂ ਧਰਮ, ਮਾਦਾ ਦੇ ਨੇ।ਤੂੰ, ਆਪਣੇ-ਆਪ ਨੂੰ ਤਾਂ ਸੋਚ! ਤੂੰ ਕੀ ਵਸਤੂ ਐਂ? ਪਰ ਆਪਣੇ- ਆਪ ਦਾ ਪਤਾ ਨਹੀਂ। ਆਪ ਤਾਂ 'ਦਾਨਾ ਬੀਨਾ' ਐਗਾ-

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥

(ਪੰਨਾ ੫੨੦)

ਉਹ 'ਦਾਨਾ ਬੀਨਾ' ਐ ਗੁਰੂ ਸਾਹਿਬ ਨੇ ਸਾਫ ਲਿਖਿਐ-

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ (ਪੰਨਾ ੮੮੫)

ਜੋ ਜਾਨਣੇ 'ਚ ਆਉਂਦੈ, ਉਹ ਪ੍ਰਮੇਸ਼ਰ ਨਹੀਂ, ਭਾਈ! ਹੁਣ ਥੁਆਡੀ ਬਿਰਤੀ, ਥੁਆਨੂੰ ਜਾਣਨੇ ਵਿੱਚ ਆਉਂਦੀ ਐ। ਜਦ ਖਿਆਲ ਕਰਦੇ ਓਂ ਬਈ ਮੇਰਾ ਇਹ ਖਿਆਲ ਐ ਪਰ ਜਿਹੜਾ ਖਿਆਲ ਦਾ ਪ੍ਰਕਾਸ਼ਕ ਐ, ਉਹ ਤਾਂ ਨਹੀਂ ਤੁਸੀਂ ਦੇਖਿਆ ਅੱਜ

ਤੱਕ? ਨਾ ਉਹ ਦਿਸੇ–

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਦ੍ਰਿਸ਼ਟਮਾਨ ਤਾਂ ਮਿੱਥਿਆ ਹੁੰਦੈ। ਉਹ ਤਾਂ ਥੁਆਡੀ ਦ੍ਰਿਸ਼ਟੀ 'ਚ ਕਦੇ ਆਇਆ ਨਹੀਂ, ਉਹ ਤਾਂ ਦ੍ਰਸ਼ਟਾ ਹੈ। ਉਹ ਤਾਂ ਦੇਖਣੇ ਵਾਲਾ ਹੈਗਾ–

ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥ (ਪੰਨਾ ੧੫੨)

ਉਹ ਤਾਂ 'ਦੇਖਣਹਾਰੁ' ਹੈ, ਉਹ ਦੇਖਣੇ 'ਚ ਤਾਂ ਨਹੀਂ ਕਦੇ ਆਇਆ? ਓਸ ਵਕਤ ਜਦ ਉਨ੍ਹਾਂ ਦਾ ਸਾਸ਼ਤਰਾਰਥ ਹੋਇਆ, ਉਹ ਸੁਆਮੀ ਜੀ ਨੇ ਆਖਿਆ, ਉਹ ਦ੍ਰਸ਼ਟਾ, ਚੇਤਨ–

ਨ ਹੀ ਦ੍ਰਸ਼ਟੁਰ ਦ੍ਰਿਸ਼ਟੇਰ ਵਿਪਰਿਲੋਪੋ ਵਿਦਯਤੇ ਅਵਿਨਾਸ਼ੀ ਤਵਾਤ।

(ਬ੍ਰਹਦਾਰਣਯਕ ਉਪਨਿਸ਼ਦ ਅ: ੪ ਬ੍ਰਾ: ੩ ਮੰਤ੍ਰ ੨੩)

ਉਹ ਕਹਿੰਦਾ, ਉਹ ਤਾਂ ਅਬਿਨਾਸੀ ਐ। ਦ੍ਰਸ਼ਟਾ ਦੀ 'ਦ੍ਰਿਸ਼ਟੀ' ਅੱਜ ਤੱਕ ਨਾ ਲੋਪ ਹੋਈ ਐ, ਨਾ ਬਦਲੀ ਐ, ਨਾ ਕਿਸੇ ਨੇ ਦੇਖੀ ਐ। 'ਦ੍ਰਿਸ਼ਟੀ' ਜਿਹੜੀ ਬਿਰਤੀ ਐ ਮਾਦਾ ਦੀ, ਉਹ ਬਦਲਦੀ ਐ। ਉਹ ਜਿਹੜਾ ਚੇਤਨ ਐ, ਉਹ ਤਾਂ ਉਹਦੇ ਨਾਲ ਮਿਲਿਆ ਵਿਆ ਦ੍ਰਸ਼ਟਾ ਹੁੰਦੈ, ਉਹ ਤਾਂ ਨਹੀਂ ਕਦੇ ਬਦਲਿਆ? ਜਦ ਸਾਸ਼ਤਰਾਰਥ ਹੋਇਆ, ਉਹ ਸੁਆਮੀ ਜੀ ਜਿੱਤ ਗਿਆ। ਉਹਦੀ (ਮੰਡਨ ਮਿਸ਼ਰ ਦੀ) ਸੁਪਤਨੀ ਨੇ ਆਖਿਆ, ਪਤੀ ਜੀ! ਤੁਸੀਂ ਹਾਰ ਗਏ। ਸ਼ਰਤ ਇਹ ਸੀ ਬਈ ਜਿਹੜਾ ਹਾਰ ਗਿਆ ਉਹ ਚੇਲਾ, ਜਿਹੜਾ ਜਿੱਤ ਗਿਆ ਉਹ ਗੁਰੂ।ਅਬ, ਮੰਡਨ ਮਿਸ਼ਰ ਨੂੰ ਚੇਲਾ ਬਣਨਾ ਪਿਆ। ਉਹਦਾ ਨਾਉਂ ਬਾਅਦ ਮੇਂ ਸਤਿਕਾਰ 'ਚ ਸ਼੍ਰੇਸ਼ਟਾਚਾਰਯ ਰੱਖਿਆ। ਓਹਨੇ ਬੜਾ ਭਾਰੀ ਭਾਸ਼ ਕੀਤਾ ਗ੍ਰੰਥਾਂ ਤੇ, ਬਈ ਆਪ ਸੋਚੋ ਬਈ ਦੇਖਣੇ ਵਾਲਾ ਤੇ ਜਾਨਣੇ ਵਾਲਾ–

ਜਾਨਨਹਾਰ ਪ੍ਰਭੂ ਪਰਬੀਨ ॥ ਬਾਹਰਿ ਭੇਖ ਨ ਕਾਹੂ ਭੀਨ ॥

(ਪੰਨਾ ੨੬੯)

ਉਹ ਤਾਂ ਜਾਨਣਹਾਰ ਹੈ, ਜਾਨਣੇ 'ਚ ਆਉਣ ਵਾਲਾ ਨਹੀਂ। ਥੋਡੀ ਬਿਰਤੀ ਜਾਨਣੇ 'ਚ ਆਉਂਦੀ ਐ। ਤੁਸੀਂ ਕਹਿੰਦੇ ਓਂ ਕਿ ਨਾ, ਮੇਰਾ ਬਈ ਆ ਖਿਆਲ ਸੀ। 'ਖਿਆਲ' ਨਾਉਂ ਬਿਰਤੀ ਦਾ ਹੈ। ਖਿਆਲ ਕਹੋ, ਸੰਕਲਪ ਕਹੋ। ਕਈ ਆਖਣਗੇ ਮੇਰਾ ਇਹ ਸੰਕਲਪ ਐ, ਕੋਈ ਆਖੂ ਮੇਰਾ ਇਹ ਖਿਆਲ ਹੈ, ਕੋਈ ਆਖੂ ਬਈ ਮੇਰਾ ਮਨ ਤਾਂ ਐਥੇ ਖੜ੍ਹਦੈ ਗਾ, ਉਹਨੂੰ ਪੁੱਛੋ ਬਈ (ਇਹ ਤਾਂ) ਬਿਰਤੀਆਂ ਨੇ? ਹੁਣ ਬਿਰਤੀ ਜੀਹਦੇ ਅਕਾਰ ਹੋਣੀ ਐਂ ਵਿਸ਼ੇ ਦੇ ਅਕਾਰ, ਓਹੀ ਥੁਆਡੇ ਦੇਖਣੇ 'ਚ ਆਉਣੈ। ਮੇਰੀ ਬਿਰਤੀ ਐਥੇ ਗਈ, ਆਹ ਵਸਤੂ ਐ, ਅੱਖਾਂ ਨੇ, ਬਿਰਤੀ ਐ, ਤਿੰਨੇ ਮੈਨੂੰ ਦੇਖਣੇ 'ਚ ਆਉਂਦੇ ਨੇ। ਦੇਖਣੇ ਵਾਲਾ ਤਾਂ ਦ੍ਰਸ਼ਟਾ, ਚੇਤਨ ਐਂ ਪਰ ਇਹਨੂੰ ਇਹ ਨਹੀਂ ਪਤਾ ਇਹ ਦ੍ਰਸ਼ਟਾ, ਚੇਤਨ, ਵਿਆਪਕ, ਪਰੀਪੂਰਣ ਆਪਣਾ ਆਤਮਾ ਹੈ। ਏਸ ਕਰਕੇ, ਹੁਣ ਦੱਸੋ ਅਸੀਂ ਕੁੱਛ ਕਰ ਸਕਦੇ ਆਂ? ਜੋ ਕੁੱਛ ਤੁਸੀਂ ਬਿਰਤੀ ਨਾਲ ਸੋਚੋਂਗੇ, ਉਹ ਥੁਆਡੀ ਬਿਰਤੀ ਵੀ ਝੂਠੀ, ਥੁਆਡੇ ਨੇਤਰ ਮਾਦਾ ਦੇ, ਇਹ ਵਸਤੂ ਮਾਦਾ ਦੀ, ਇਹ ਤਾਂ ਤ੍ਰਿਪੁਟੀ ਐ।ਤ੍ਰਿਪੁਟੀ ਦਾ ਸਾਖਸ਼ੀ ਤਾਂ ਕਦੇ ਨਹੀਂ ਬਦਲਿਆ? ਉਹ ਤਾਂ ਇੱਕ ਰਸ ਰਹੇਗਾ, ਓਹਨੇ ਕਦੇ ਵਾਧਾ ਘਾਟਾ ਨਹੀਂ ਕਰਨਾ। ਤੁਸੀਂ ਕਦੇ, ਕਿਸੇ ਦੀ ਕੋਈ ਵਸਤੂ ਲੈ ਲਉ। ਦਸ (੧੦) ਰੁਪਏ ਲੈਕੇ ਜੇਬ 'ਚ ਪਾ ਲਉ, ਉਹਨੂੰ ਆਖੋ ਪੰਜ (੫) ਨੇ, ਉਹ ਅੰਦਰ ਥੁਆਡੇ ਅਵਾਜ ਆਏਗੀ, ਨਹੀਂ ਦਸ (੧੦) ਨੇ। ਓਹਨੇ ਤਾਂ ਕਦੇ ਨਹੀਂ ਬਦਲਨਾ, ਦੇਖਣੇ ਜਾਣਨੇ ਵਾਲਾ ਕਦੇ ਬਦਲਦੈ? ਦੇਖਣਹਾਰ ਤੇ ਜਾਨਣਹਾਰ, ਇਹ ਨਾ ਕਦੇ ਬਦਲੇ ਨੇ, ਨਾ ਇਨ੍ਹਾਂ ਨੇ ਕਦੇ ਝੂਠ ਬੋਲਿਐ। ਇਹ ਤਾਂ ਰਹੱਸਕ ਸੱਚ ਨੇ, ਅਸਲੀ ਸੱਚ ਐ–

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਪੰਨਾ ੧)

ਇਹ ਆਤਮਾ ਤਾਂ ਥੁਆਡਾ ਐਹਾ ਜਿਹੈ, ਤੁਸੀਂ ਆਹ ਵਸਤੂ ਹੋਂ (ਨਾ ਬਦਲਨੇ ਵਾਲੀ)। ਓਹ (ਮੰਡਨ ਮਿਸ਼ਰ) ਹਾਰ ਗਿਆ 'ਤੇ ਉਹ (ਸੁਆਮੀ ਸ਼ੰਕਰਾਚਾਰੀਆ) ਜਿੱਤ ਗਿਆ। ਏਸ ਕਰਕੇ, ਹੁਣ ਤੁਸੀਂ

ਹੋਰ ਕੋਈ ਬਾਤ ਨਾ ਕਹੋ। ਬਈ ਪ੍ਰਮੇਸ਼ਰ ਸਭ ਕੁੱਛ ਤੇਰੇ ਵੱਸ ਐ। ਆਪਣੇ ਮਨ ਨੂੰ ਸਨਮੁਖ ਕਰਦੋ ਪ੍ਰਮੇਸ਼ਰ ਦੇ ਤੇ ਸਾਰਾ ਕੰਮ ਨਿੱਬੜ ਜੇਗਾ। ਜੇ ਤੁਸੀਂ ਮੁੱਖ ਤੇ ਵੀ ਕਹੀਂ ਜਾਵੋਂਗੇ ਤੇ ਮਨ 'ਚ ਨਹੀਂ ਮੰਨੋਂਗੇ ਤਾਂ ਕਿਹੜਾ ਕੰਮ ਬਣ ਜਾਣੈ ਥੋਡਾ? ਤੁਸੀਂ ਤਾਂ ਸੱਚ ਮੇਂ, ਥੁਆਡਾ ਤਾਂ ਨਿਬੇੜਾ ਸੱਚ ਤੇ ਹੋਣੈ, ਰਹੱਸਕ ਸੱਚ ਤੇ–

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥
ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥

(ਪੰਨਾ ੪੬੮)

ਇਹ ਰਹੱਸਕ ਸੱਚ ਨੇ ਇਹਦਾ ਨਿਬੇੜਾ ਜੀਵ ਦਾ, ਕਰਨੈ। ਜੀਵ ਤੋਂ ਬ੍ਰਹਮ ਐਥੇ ਜਾ ਕੇ ਬਣਨੈ। ਪਰ ਇਹ ਤਾਂ ਆਪਣੇ ਅੰਦਰ, ਆਪਣਾ ਲਕੋਅ (ਛੁਪਾਅ) ਕਰੀਂ ਜਾਂਦੈ। ਜਿੰਨਾਂ ਲਕੋਅ ਕਰਦੈ, ਓਨਾਂ ਈ ਧੋਖਾ ਹੁੰਦੈ। ਜੇ ਤਾਂ ਲਕੋਅ ਕਰੇ ਕਿਸੇ ਹੋਰ ਦੇ ਅੱਗੇ, ਮਾਦਾ ਦੇ ਅੱਗੇ ਤਾਂ ਤੇ ਕੰਮ ਪੁੱਗ ਜੈ। ਗੁਰੂ ਸਾਹਿਬ ਨੇ ਇੱਕ ਜਗ੍ਹਾ ਲਿਖਿਐ ਗਾ–

ਸਭੁ ਕਿਛੁ ਸੁਣਦਾ ਵੇਖਦਾ ਕਿਉ ਮੁਕਰਿ ਪਇਆ ਜਾਇ ॥

(ਪੰਨਾ ੩੬)

ਉਹ ਕਹਿੰਦੇ, ਜਦ ਸਭ ਕੁੱਛ ਦੇਖਦਾ ਵੀ ਐ ਤੇ ਸੁਣਦਾ ਵੀ ਐ, ਹੁਣ ਉਹਦੇ ਤੇ ਮੁੱਕਰਨ ਦਾ ਕੋਈ ਉਪਾਅ ਈ ਨਹੀਂ ਰਿਹਾ। ਜੋ ਵੀ ਤੁਸੀਂ ਖਿਆਲ ਕਰਨੈ ਤੇ ਮੁੱਖ ਤੇ ਆਕੇ ਬੈਖਰੀ ਨਾਲ ਬੋਲਣੈ, ਉਹ ਖਿਆਲ ਤਾਂ ਉਹਦੇ ਅੱਗੇ ਐ, ਚੇਤਨ ਦੇ। ਉਹ ਥੁਆਡਾ ਲੁਕਾਇਆ ਵਿਆ ਲੁਕ ਜੂ? ਪਰ ਓਸ ਤੇ ਬੇਹਤਰ ਐ, ਜੈਸੇ ਗੁਰੂ ਸਾਹਿਬ ਕਹਿੰਦੇ ਨੇ, ਬਈ ਮਹਾਰਾਜ! ਬਖਸ਼ ਦਿਉ, ਜੈਸੇ ਤੈਨੂੰ ਭਾਉਂਦੈ, ਐਸੇ ਬਖਸ਼ ਦਿਉ ਤੇ ਬਖਸ਼ਣ ਵਾਲਾ ਢੰਗ ਮੇਰਾ ਤਾਂ ਕੋਈ ਹੈ ਨਹੀਂ ਪਰ ਤੁਸੀਂ ਬਖਸ਼ਿੰਦ ਹੋਂ, ਬਖਸ਼ ਦਿਉ। ਮੈਂ ਹੁਣ ਬਖਸ਼ਿਸ਼ ਈ ਮੰਗਦਾਂ–

ਸਭੁ ਜੀਉ ਪਿੰਡੁ ਦੀਆ ਤੁਧੁ ਆਪੇ

ਤੈਂ ਆਪ, ਆਹ ਸਰੀਰ ਦਿੱਤੈ, ਆਪ ਈ ਅਭਾਸ ਸਹਿਤ ਬਿਰਤੀ, ਜੀਹਨੂੰ ਜੀਵ ਕਹਿੰਦੇ ਨੇ, ਉਹ ਜੀਵ ਦਿੱਤੈ ਤੇ ਸਭ ਕੁੱਛ ਤੈਂ ਦਿੱਤੈ ਗਾ।

ਇਹ ਤਿੰਨ ਸਰੀਰ, ਜੋ ਕੁੱਛ ਦਿੱਤਾ, ਬਾਹਰ ਪਦਾਰਥ ਇਹ ਸਭ ਤੇਰਾ ਦਿੱਤਾ ਹੋਇਐ–

ਤੁਧੁ ਆਪੇ ਕਾਰੈ ਲਾਇਆ ॥

ਤੇ ਤੇਰੀ ਕਿਰਪਾ, ਤੇਰੀ ਸੱਤਾ ਸਫੁਰਤੀ ਨਾਲ ਮੈਂ 'ਕਾਰੈ' (ਕੰਮ) 'ਚ ਲੱਗਿਆ। ਹੁਣ ਥੁਆਡੀ ਬਿਰਤੀ, ਸ੍ਰੋਤਰਾਂ (ਕੰਨਾਂ) ਦੁਆਰੇ ਸੁਣਦੀ ਐ, ਪ੍ਰਮੇਸ਼ਰ ਦੀ ਸੱਤਾ ਸਫੁਰਤੀ ਨਾਲ। ਬਾਣੀ ਮੇਰੀ ਬੋਲਦੀ ਐ, ਪ੍ਰਮੇਸ਼ਰ ਦੀ ਸੱਤਾ ਸਫੁਰਤੀ ਨਾਲ ਤਾਂ ਦੋਹੇ ਪਾਸੀਂ ਓਹੀ ਨਾ ਰਿਹਾ?

ਆਪਿ ਉਪਦੇਸੈ ਸਮਝੈ ਆਪਿ ॥
ਆਪੇ ਰਚਿਆ ਸਭ ਕੈ ਸਾਥਿ ॥ (ਪੰਨਾ ੨੭੯)

ਤੇ ਫੇਰ ਇਹਦੇ 'ਚ ਕੀ ਬਾਤ ਜਦ ਤੇਰੀ ਕਿਰਪਾ ਨਾਲ ਹੋਇਐ। ਹੇ ਈਸ਼ਰ! ਹੇ ਪ੍ਰਮੇਸ਼ਰ! ਹੇ ਮੇਰੇ ਆਤਮਾ-ਪ੍ਰਮਾਤਮਾ! ਵਿਆਪਕ! ਤੇਰੀ ਕਿਰਪਾ ਨਾਲ ਸਭ ਕੁੱਛ ਹੋਇਐ–

ਜੇਹਾ ਤੂੰ ਹੁਕਮੁ ਕਰਹਿ ਤੇਹੇ ਕੋ ਕਰਮ ਕਮਾਵੈ

ਤੇਰੇ ਹੁਕਮ ਦੇ ਵਿੱਚ ਜੀਵ ਕਰਮ ਕਰਦੈ ਗਾ। ਹੁਕਮ, ਬਖਸ਼ਿਸ਼ ਤੇ ਪਹਿਲੇ ਪਹਿਲੇ ਹੁੰਦੈ ਜੀਵ ਨੂੰ। ਬਖਸ਼ਿਸ਼ ਤੇ ਪਿੱਛੋਂ ਤਾਂ ਇਹ ਬ੍ਰਹਮ ਗਿਆਨੀ ਬਣ ਜਾਂਦੈ। ਉਹਦਾ ਆਪਣਾ-ਆਪ ਹੋ ਜਾਂਦੈ ਗਾ। ਬਖਸ਼ਿਸ਼ ਤੇ ਪਹਿਲੇ ਪਹਿਲੇ, ਜਿਹਾ ਜਿਹਾ ਤੂੰ ਹੁਕਮ ਕਰੇਂਗਾ, ਓਹਿਆ ਜਿਹਾ ਜੀਵ ਕਰਮ ਕਮਾਏਗਾ। ਤੇਰੇ ਹੁਕਮ ਦੇ ਵਿੱਚ ਕਮਾਏਗਾ, ਵੱਧ ਘੱਟ ਨਹੀਂ ਕਰ ਸਕੇਗਾ–

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ ॥
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ ॥

(ਪੰਨਾ ੧)

ਹੁਕਮੀ (ਪ੍ਰਮੇਸ਼ਰ) ਦੀ ਇਹਨੂੰ ਬੂਝ ਨਹੀਂ ਆਈ। ਜਿੱਥੋਂ ਹੁਕਮ ਆਇਐ, ਓਸ ਦੀ ਬੂਝ ਨਹੀਂ ਇਹਨੂੰ ਆਈ ਹੈ–

ਸਰਬ ਭੂਤ ਆਪਿ ਵਰਤਾਰਾ ॥
ਸਰਬ ਨੈਨ ਅਪਿ ਪੇਖਨਹਾਰਾ ॥

ਸਗਲ ਸਮਗ੍ਰੀ ਜਾ ਕਾ ਤਨਾ ॥
ਆਪਨ ਜਸੁ ਆਪ ਹੀ ਸੁਨਾ ॥
ਆਵਨ ਜਾਨੁ ਇਕੁ ਖੇਲੁ ਬਨਾਇਆ ॥
ਆਗਿਆਕਾਰੀ ਕੀਨੀ ਮਾਇਆ ॥
ਸਭ ਕੈ ਮਧਿ ਅਲਿਪਤੋ ਰਹੈ ॥
ਜੋ ਕਿਛੁ ਕਹਣਾ ਸੁ ਆਪੇ ਕਹੈ ॥ (ਪੰਨਾ ੨੯੪)

ਮਾਇਆ ਦੇ ਹੱਕ 'ਚ ਕਦੇ ਹੁਕਮ ਆਇਐ? ਮਾਇਆ ਤਾਂ ਈਸ਼ਰ ਦੇ ਅਧੀਨ ਐਂ-

ਆਗਿਆ ਆਵੈ ਆਗਿਆ ਜਾਇ ॥
ਨਾਨਕ ਜਾ ਭਾਵੈ ਤਾ ਲਏ ਸਮਾਇ ॥ (ਪੰਨਾ ੨੯੪)

ਜਦ ਇਹ ਭਾਏਗਾ ਤਾਂ ਸਮਾਏਗਾ। ਇਹ ਆਪਣੀ ਬੁੱਧੀ ਛੱਡਦਾ ਨਹੀਂ ਜੀਵ। ਇਹ ਬਾਤ ਤੁਸੀਂ ਸੋਚ ਲਉ, ਮੈਂ ਵੀ ਰੋਜ ਦੇਖਦਾਂ, ਇਹ ਆਪਣੀ ਬੁੱਧੀ ਅਹੀ ਜਹੀ ਲੜਾਉਂਦੈ, ਓਸ ਦੇ (ਰੱਬ ਦੇ) ਉੱਤੋਂ ਦੀ ਹੋਣਾ ਚਾਹੁੰਦੈ। ਕਿਸੇ ਨਾਲ ਗੱਲਬਾਤ ਕਰੋ ਕ ਨਾ, ਉਹ ਐਸੀ ਨਾਲ ਦੀ ਨਾਲ ਬਿਰਤੀ ਲੜਾਊ ਆਪਣੀ, ਉਹ ਇਓਂ ਦੱਸ ਦੂ ਬਈ ਮੈਂ ਤੇਰੇ ਨਾਲੋਂ ਜਿਆਦਾ ਜਾਣਦਾਂ। ਇਹ ਤੁਸੀਂ ਕਿਸੇ ਨਾਲ ਗੱਲਾਂ ਕਰਕੇ ਦੇਖ ਲਿਉ ਕਦੇ,ਇਵੇਂ ਜੀਕਣ ਕਰੇਗਾ। ਓਹ ਆਪਣੀ ਐਸੀ ਬਾਤ ਲੜਾਊ ਕਿ ਜਾਣੀ, ਵਾਹ ਬਈ ਵਾਹ! ਉਹਨੂੰ ਪੁੱਛੇ ਤੂੰ ਤਾਂ ਇਹ ਬਾਤ ਲੜਾਉਂਨੈਗਾ। ਤੂੰ ਓਸ ਜਗ੍ਹਾ ਤੇ ਨਹੀਂ ਖੜ੍ਹਾ ਹੋਇਆ, ਜਿੱਥੇ ਖੜ੍ਹਨਾ ਸੀ? ਤੈ ਤਾਂ ਭਾਣੇ 'ਚ ਖੜ੍ਹਾ ਹੋਣਾ ਸੀ, ਤੈ ਤਾਂ ਹੁਕਮ 'ਚ ਖੜ੍ਹਾ ਹੋਣਾ ਸੀ। ਹਾਂ ਜੀ! ਠੀਕ ਹੈ, ਹੋ ਗਿਆ ਮਹਾਰਾਜ! ਪ੍ਰਮੇਸ਼ਰ ਦਾ ਹੁਕਮ ਹੈ ਚੱਲ ਤਾਂ ਵੀ ਸੁਖਾਲਾ (ਸੌਖਾ) ਹੋ ਜਾਂਦਾ। ਏਸ ਕਰਕੇ, ਇਹਨੇ (ਜੀਵ ਨੇ) ਇਹ ਗਲਤੀ ਕਰੀ ਜੇ ਨਾ ਕਰਦਾ ਤਾਂ ਐਂ ਹੋ ਜਾਂਦਾ। ਮੈਂ, ਇਹਨੂੰ ਕਹਿ ਵੀ ਚੁੱਕਿਆਂ ਪਹਿਲੇ, ਬਈ ਤੂੰ ਬਚੀਂ, ਇਹ ਬਚ ਨਹੀਂ ਸਕਿਆ। ਉਹਨੂੰ ਆਖੇ, ਉਹ ਬਚਣ ਦਾ ਢੰਗ ਤੇਰੇ ਕੋਲ ਐਗਾ? ਬਚਣ ਦਾ ਢੰਗ ਤਾਂ ਕਿਸੇ ਹੋਰ ਕੋਲ ਐਗਾ? ਬਚਾਉਣ ਵਾਲਾ ਤਾਂ ਹੁਕਮੀ ਐਂ। ਉਹ ਤਾਂ ਹੁਕਮੀ ਦੇ ਹੱਥ 'ਚ ਹੈ

ਸਭ ਕੁੱਛ। ਤੇ ਤੇਰੇ ਤਾਂ ਸਾਰੇ ਖਿਆਲ ਮਾਇਆ ਦੇ ਨੇ। ਇਹ ਮਾਇਆ ਦੇ ਅਧੀਨ ਕਦੇ ਅੱਜ ਤੱਕ ਈਸ਼ਰ ਹੋਇਐ?

ਜੋ ਕਿਛੁ ਕਹਣਾ ਸੁ ਆਪੇ ਕਹੈ ॥ (ਪੰਨਾ ੨੯੪)

ਜੋ ਓਹਨੇ ਕੰਮ ਕਹਿਣਾ ਹੋਊ, ਉਹ ਆਪ ਕਹੇਗਾ। ਉਹ ਹੁਕਮੀ ਹੈ, ਇਹ ਹੁਕਮੀ ਦੀ ਇਹਨੂੰ ਅਜੇ ਪੂਰੀ ਪਛਾਣ ਨਹੀਂ ਆਈ ਆਪਾਂ ਨੂੰ ਬਈ, ਹੁਕਮੀ ਇੱਕ ਐ।ਉਹ ਹੁਕਮੀ ਜਦ ਫੇਰ ਇੱਕ ਹੈ ਤਾਂ ਸਾਰਿਆਂ ਦੇ ਹਿਰਦਿਆਂ 'ਚ ਕੈਸੇ?

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਉਹ ਸਾਰਿਆਂ ਦੇ ਹਿਰਦਿਆਂ 'ਚ ਵੀ ਤਾਂ ਬੈਠੈ? ਉਹ ਜਿਹੜਾ ਇੱਕ ਓਅੰਕਾਰ (ੴ) ਹੈ, ਉਹ ਸਾਰਿਆਂ ਦੇ ਹਿਰਦਿਆਂ 'ਚ ਨਹੀਂ ਬੈਠਾ? ਉਹ ਓਥੇ ਬੈਠ ਕੇ ਹੁਕਮ ਨਹੀਂ ਦੇ ਸਕਦਾ?

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
(ਪੰਨਾ ੧੪੨੭)

ਉਹ ਜਿਹੜਾ ਹਿਰਦਿਆਂ ਦੇ ਵਿੱਚ ਬੈਠੈ ਹੁਕਮੀ, ਉਹ ਹੁਕਮ ਨਹੀਂ ਦੇ ਸਕਦਾ? ਬ੍ਰਹਮ ਗਿਆਨੀ ਦੇ ਹਿਰਦੇ 'ਚ ਬਹਿ ਕੇ, ਕਦੇ ਬੁਰਾ ਹੁਕਮ ਦਿੱਤਾ ਓਹਨੇ?

ਬ੍ਰਹਮ ਗਿਆਨੀ ਤੇ ਕਛੁ ਬੁਰਾ ਨ ਭਇਆ ॥
(ਪੰਨਾ ੨੭੨)

ਬ੍ਰਹਮ ਗਿਆਨੀ ਤੇ ਕਦੇ ਬੁਰਾ ਹੋਣਾ ਈ ਨਹੀਂ। ਕਿਉਂ? ਬ੍ਰਹਮ ਗਿਆਨੀ, ਕੋਈ ਹੋਰ ਚੀਜ ਤਾਂ ਹੈ ਨਹੀਂ-

ਬ੍ਰਹਮ ਗਿਆਨੀ ਸੇ ਜਨ ਭਏ ॥
ਨਾਨਕ ਜਿਨ ਪ੍ਰਭੁ ਆਪਿ ਕਰੇਇ ॥ (ਪੰਨਾ ੨੭੨)

ਉਹ ਤਾਂ ਆਪ ਬੈਠੈ, ਓਸ ਹਿਰਦੇ ਦੇ ਵਿੱਚ-

ਬਿਨੁ ਸਤਿਗੁਰ ਕਿਨੈ ਨ ਪਾਇਓ ਬਿਨੁ ਸਤਿਗੁਰ ਕਿਨੈ ਨ

ਪਾਇਆ ॥

ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ ॥ (ਪੰਨਾ ੪੬੬)

ਓਹਨੇ ਤਾਂ ਆਪ ਸਤਿਗੁਰੂ ਦੇ ਵਿੱਚ, ਆਪਣਾ ਆਪ ਰੱਖਿਐ ਗਾ। ਹੁਣ ਸਤਿਗੁਰੂ ਦੀ ਪਹਿਲੀ ਬੁੱਧੀ ਤਾਂ ਨਹੀਂ ਓਥੇ ਰਹੀ। ਉਹ ਤਾਂ ਆਪ ਨਵਾਂ, ਸਤਿਗੁਰੂ ਨੇ ਆਪ ਓਥੇ ਜੋਤੀ ਸਰੂਪ ਪ੍ਰਗਟ ਕੀਤੈ, ਆਪਣਾ ਆਪ। ਏਸ ਕਰਕੇ, ਇਹ ਜੀਵ ਹੁਕਮੀ ਦੇ ਹੁਕਮ 'ਚ ਨਹੀਂ ਖੜ੍ਹਾ ਹੁੰਦਾ। ਜੇ ਹੁਕਮੀ ਦਾ ਥਹੁ ਆ ਜਾਏ ਤਾਂ ਫੇਰ ਇਹ ਬਖਸ਼ਿਸ਼ ਵੀ ਮੰਗ ਲਵੇ। ਫੇਰ ਇਹ ਸ਼ਰਣਾਗਤੀ ਵੀ ਪੈ ਜਾਏ–

ਜੇਹਾ ਤੁਧੁ ਧੁਰਿ ਲਿਖਿ ਪਾਇਆ ॥

ਕਹਿੰਦੇ, ਤੈਂ ਜੇਹਾ ਜਿਹਾ ਧੁਰੋਂ ਲਿਖ ਕੇ ਪਾਇਐ, ਜੀਵ ਨੂੰ ਉਹਦੇ ਅਨੁਸਾਰ ਚੱਲਣਾ ਪਏਗਾ–

ਪੰਚ ਤਤੁ ਕਰਿ ਤੁਧੁ ਸ੍ਰਿਸਟਿ ਸਭ ਸਾਜੀ

ਤੈਂ, ਪੰਜਾਂ ਤੱਤਾਂ ਦੀ ਆਹ ਸਾਰੀ ਸ੍ਰਿਸ਼ਟੀ ਬਣਾਈ ਐ। ਗਿਣ ਲਉ ਤੁਸੀਂ ਆਹ ਪੰਜਾਂ ਤੇ ਘੱਟ ਕਿਸੇ 'ਚ ਨਹੀਂ ਹੋਊ। ਸਾਰਿਆਂ 'ਚ ਪੰਜ ਤੱਤ ਨੇ, ਕਿਸੇ 'ਚ ਕੋਈ ਤੱਤ ਵਿਸ਼ੇਸ਼ ਐ, ਕਿਸੇ 'ਚ ਹਵਾ ਵਿਸ਼ੇਸ਼ ਐ ਜੀਹਨੂੰ ਉਡਾਓਣੈ, ਜੀਹਨੇ ਨਹੀਂ ਉੱਡਣਾ, 'ਭਾਰਾ ਹੋਣਾ', ਉਹਦੇ 'ਚ ਪ੍ਰਿਥਵੀ ਵਿਸ਼ੇਸ਼ ਐ। ਸਾਰਾ ਸੰਸਾਰ ਪੰਜਾਂ ਤੱਤਾਂ ਤੇ ਹੀ, ਹੇ ਈਸ਼ਰ! ਤੈਂ ਬਣਾਇਆ, ਗੁਰੂ ਸਾਹਿਬ ਕਹਿੰਦੇ, ਚੌਥੇ ਪਾਤਸ਼ਾਹ–

ਕੋਈ ਛੇਵਾ ਕਰਿਉ ਜੇ ਕਿਛੁ ਕੀਤਾ ਹੋਵੈ ॥

ਜਿਹੜਾ ਕੋਈ ਆਖੇ, ਮੈਂ ਵੀ ਇਹ ਕੰਮ ਕਰ ਸਕਦਾਂ ਗਾ, ਉਹਨੂੰ ਆਖੇ, ਛੇਵਾਂ ਤੱਤ ਬਣਾ ਦੇ, ਚੱਲ ਸੁਖਾਲ਼ੇ (ਸੌਖੇ) ਹੋ ਜਾਂਗੇ। ਇੱਕ ਤੱਤ ਕੋਈ ਹੋਰ ਬਣਾ ਤਾਂ ਛੇਵਾਂ? ਉਹ ਬਣਾ ਦੂ ਛੇਵਾਂ ਤੱਤ? ਕਿਸੇ ਨੇ ਅੱਜ ਤੱਕ ਛੇਵਾਂ ਤੱਤ ਬਣਾਇਆ? ਉਹ ਕਹਿੰਦੇ, ਜੇ ਆਖੇ, ਮੈਂ ਐਂ ਕਰ ਦੂੰ ਆਪਣੀ ਅਕਲ ਨਾਲ, ਉਹਨੂੰ ਆਖੇ ਬਈ ਛੇਵਾਂ ਤੱਤ ਬਣਾ ਦੇ। ਜਾਂ ਪੰਜੇ ਹੋਰ ਬਣਾ ਦੇ ਦਸ ਹੋ ਜਾਣਗੇ। ਮੈਂ ਤੁਰਿਆ ਆਉਨਾਂ, ਦਮਦਮੇ ਸਾਹਿਬ ਤੇ, ਸੰਤਾਂ ਦਾ ਡੇਰਾ ਐ ਉਦਾਸੀਆਂ ਦਾ।

ਬੋਹੜ ਦੇ ਹੇਠਾਂ ਇੱਕਠੇ ਹੋਏ ਬੈਠੇ ਨੇ। ਇੱਕ ਓਥੇ ਕੌਮਨਿਸਟ ਬੈਠਾ ਬਠਿੰਡੇ ਦਾ, ਬਾਕੀ ਸੰਤ ਬੈਠੇ ਨੇ, ਹੋਰ ਲੋਕ ਬੈਠੇ ਨੇ। ਉਹ (ਕੌਮਨਿਸਟ) ਸਾਰਿਆਂ ਨੂੰ ਕਹੀ ਜਾਂਦਾ 'ਰੱਬ ਨਹੀਂ ਹੈ'। ਐਵੇਂ ਲੋਕਾਂ ਨੇ ਬਣਾਇਆ ਵਿਐ। ਤੁਸੀਂ ਦੇਖਿਐ? ਜਦ ਐਹੀਆਂ ਜਿਹੀਆਂ ਬਾਤਾਂ ਬਹੁਤ ਕਰੀ ਜਾਂਦਾ ਸੀ, ਮੈਂ ਵੀ ਆ ਬੈਠਾ। ਇੱਕ ਜੱਟ ਪਰ੍ਹੇ ਤੇ ਆ ਬੈਠਾ, ਸੀ ਉਹ ਪੜ੍ਹਿਆ ਲਿਖਿਆ ਵੇਦਾਂਤ, ਮੈਨੂੰ ਓਥੇ ਲੈ ਗਿਆ ਸੀ। ਇੱਕ ਰਾਤ ਮੈਂ, ਉਹਦੇ ਪਿੜ (ਖੇਤ) 'ਚ ਹੀ ਰਿਹਾ 'ਬਾਤਾਂ' ਕਰਕੇ।ਉਹ ਬਹੁਤ ਆਖੇ (ਰਹੋ) ਮੈਂ ਕਿਹਾ, ਹੁਣ ਨਹੀਂ। ਉਹ (ਜੱਟ) ਕਹਿੰਦਾ, ਮੇਰੀ ਗੱਲ ਸੁਣ ਲੋ ਪਹਿਲੇ। ਓਹਨੇ ਆਖਿਆ, ਸੁਣਾ! ਓਹਨੇ ਤਾਂ ਕੁੱਛ ਹੋਰ ਈ ਕਿਹਾ (ਗਾਲ੍ਹ ਕੱਢ ਕੇ) ਓਹਨੇ ਆਖਿਆ, ਸਾਡੀ ਪ੍ਰਿਥਵੀ ਤੋਂ ਉੱਠ ਜਾ, ਫੇਰ ਗੱਲ ਕਰੀਂ।ਓਹਨੇ ਤਾਂ ਕੁੱਛ ਹੋਰ ਈ ਕਿਹਾ (ਗਾਲ੍ਹ ਕੱਢ ਕੇ) ਉਹ ਮੂੰਹ ਵੱਲ ਦੇਖੇ ਉਹਦੇ ਕੌਮਨਿਸਟ।ਉਹ (ਜੱਟ) ਕਹਿੰਦਾ, ਮੈਂ ਤੈਨੂੰ ਜੋ ਆਖਿਐ ਪ੍ਰਿਥਵੀ ਤੋਂ ਉੱਠ ਜਾ ਫੇਰ ਗੱਲ ਕਰੀਂ।ਉਹ ਕਹਿੰਦਾ ਕਿਉਂ, ਤੂੰ ਨਹੀਂ ਬੈਠਾ? ਉਹ ਕਹਿੰਦਾ, ਸਾਡੇ ਤਾਂ ਬਾਪ ਦੀ ਐ।ਆਪਣੇ ਬਾਪ ਦੀ ਵਸਤੂ ਤੇ ਪੁੱਤਰ ਦਾ ਹੱਕ ਹੁੰਦੈ ਤੇ ਤੂੰ ਨਹੀਂ ਮੰਨਦਾ ਪ੍ਰਮੇਸ਼ਰ ਨੂੰ, ਸਾਡੇ ਬਾਪ ਨੂੰ। ਤੂੰ ਸਾਡੀ ਪ੍ਰਿਥਵੀ ਤੋਂ ਉੱਠ, ਸਾਡਾ ਹੱਕ ਹੈ ਪੰਜਾਂ ਤੱਤਾਂ ਨੂੰ ਵਰਤਣ ਦਾ। ਸਾਡਾ ਬਾਪ ਜੋ ਹੈ ਪ੍ਰਮੇਸ਼ਰ, ਅਸੀਂ ਪੁੱਤਰ ਹਾਂ। ਜਾਂ ਤਾਂ ਤੂੰ ਕਹਿ ਬਈ ਮੈਂ ਉਹਦਾ ਪੁੱਤਰ ਆਂ, ਨਹੀਂ ਤਾਂ ਪ੍ਰਿਥਵੀ ਤੋਂ ਉੱਠ ਪਰ੍ਹਾਂ ਫੇਰ ਤੇਰੇ ਨਾਲ ਗੱਲ ਕਰਾਂਗੇ ਹੋ ਖਾਂ ਪਰੇ। ਉਹ (ਕੌਮਨਿਸਟ) ਮੂੰਹ ਵੱਲ ਦੇਖੇ, ਉਹ ਕਮਜੋਰ ਸੀ ਸ਼ਹਿਰੀਆ। ਉਹ ਸੀ ਜੱਟ। ਉਹ ਸਾਰੇ ਹੱਸ ਪੇ। ਮੈਂ ਆਖਿਆ, ਦੱਸ ਹੁਣ ਕੀ ਗੱਲ ਕਰੇਂਗਾ? ਉਹਦੇ ਮੂੰਹ ਵੱਲ ਦੇਖੇ ਅਸਚਰਜ ਹੋਇਆ। ਉਹ (ਜੱਟ) ਕਹਿੰਦਾ, ਮੈਂ ਤੈਨੂੰ ਇੱਕ ਵਾਰੀ ਕਿਹਾ, ਦੋ ਵਾਰੀ ਕਿਹਾ ਬਈ ਸਾਡੀ ਪ੍ਰਿਥਵੀ ਤੋਂ ਉੱਤਰ ਜਾ, ਫੇਰ ਗੱਲ ਕਰੀਂ। ਉਹ (ਜੱਟ) ਗੁੱਸੇ 'ਚ ਜਦ ਬੋਲਿਆ, ਉਹ (ਕੌਮਨਿਸਟ) ਐਂ ਕੰਬੇ। ਮੈਂ ਆਖਿਆ ਦੇ ਜਵਾਬ, ਕੁੱਛ ਦਏਂਗਾ? ਕਹਿੰਦਾ, ਮੈਂ ਕੀ ਦੇਵਾਂ।ਉਹਨੂੰ ਪਤਾ ਸੀ ਬਈ ਜਦੋਂ ਹੋਰ

ਮੈਂ ਕੁੱਛ ਕਿਹਾ ਤਾਂ ਜੱਟ ਮੈਨੂੰ ਮਾਰੇਗਾ। ਫੇਰ ਨਹੀਂ ਬੋਲਿਆ, ਚੁੱਪ ਕਰ ਗਿਆ। ਉਹ ਸਾਰੇ ਕਹਿੰਦੇ, ਲੈ ਬਈ ਤੈਂ ਚੁੱਪ ਕਰਾਇਆ। ਓਹਨੇ ਏਹੀ ਕਿਹਾ ਪੰਜ ਤੱਤ ਸਾਡੇ ਪਿਤਾ ਨੇ ਬਣਾਏ ਨੇ। ਸਾਡਾ ਸਰੀਰ ਪੰਜਾਂ ਤੱਤਾਂ ਦਾ ਸਾਡੇ ਪਿਤਾ ਨੇ ਬਣਾਇਆ। ਉਹ (ਜੱਟ) ਸੀ ਵੇਦਾਂਤ ਪੜ੍ਹਿਆ ਹੋਇਆ। ਓਹਨੇ ਸਾਰੀ ਗੱਲ ਜਦ ਦੱਸ ਦਿੱਤੀ, ਤੂੰ ਮੰਨਦਾ ਨਹੀਂ ਸਾਡੇ ਬਾਪ ਨੂੰ। ਜਿਹੜਾ ਬਾਪ ਨੂੰ ਨਾ ਮੰਨੇ ਉਹ ਨਲਾਇਕ ਹੁੰਦੈਗਾ। ਉੱਠ! ਬਾਹਰ ਉੱਤਰ ਜਾ ਪ੍ਰਿਥਵੀ ਤੋਂ ਉੱਤਰ ਜਾ, ਤੇਰਾ ਹੱਕ ਕੋਈ ਨਹੀਂ ਹੈਗਾ।ਹੁਣ ਉਹ ਬੈਠੇ ਕਿੱਥੇ? ਏਸ ਕਰਕੇ ਭਾਈ! ਇਹ ਸਭ ਕੁੱਛ ਪ੍ਰਮੇਸ਼ਰ ਨੇ ਪੰਜਾਂ ਤੱਤਾਂ ਦਾ ਬਣਾਇਐ ਗਾ।ਜਿਹੜਾ, ਕੁੱਛ ਆਪਣਾ ਹੰਕਾਰ ਰੱਖਦੈ, ਉਹ ਛੇਵਾਂ ਤੱਤ ਬਣਾਕੇ ਗੁਰੂ ਸਾਹਿਬ ਕਹਿੰਦੇ, ਦਿਖਾਵੇ? ਇੱਕ ਛੇਵਾਂ ਤੱਤ ਉਹ ਬਣਾ ਦਵੇ–

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ

'ਇਕਨਾ' ਨੂੰ ਤੂੰ ਸਤਿਗੁਰੂ ਨਾਲ ਮਿਲਾ ਕੇ ਆਪਣਾ ਸਰੂਪ ਬੁਝਾ ਦਿੰਨੈ, ਸਮਝਾਅ ਦਿੰਨੈ। ਇਹ ਤੇਰੀ ਕਿਰਪਾ ਨਾਲ ਸਭ ਕੁੱਛ ਬਣਨੈ। ਇਕਨਾ ਨੂੰ ਤੂੰ ਸਤਿਗੁਰੂ ਮਿਲਾਉਨੈਂ ਗਾ ਤੇ ਸਭ ਆਪਣਾ ਸਰੂਪ ਬੁਝਾ ਦਿੰਨੈ। ਗੁਰੂ ਅਮਰ ਦੇਵ, ਮੈਨੂੰ ਪ੍ਰਮੇਸ਼ਰ ਨੇ ਮਿਲਾਏ, ਉਨ੍ਹਾਂ ਦੁਆਰੇ ਮੈਨੂੰ ਆਤਮਾ–ਪਰਮਾਤਮਾ ਬੁਝਾਇਆ–

ਇਕਿ ਮਨਮੁਖਿ ਕਰਹਿ ਸਿ ਰੋਵੈ ॥

ਇੱਕ ਮਨਮੁਖੀ ਕਰਦੇ ਨੇ, ਮੰਨਦੇ ਈ ਨਹੀਂ। ਪ੍ਰਮੇਸ਼ਰ ਕੋਈ ਨਹੀਂ ਐਗਾ। ਐਸਾ ਕੋਈ ਨਹੀਂ ਤੇ ਰੋਂਦੇ ਵੀ ਨੇ ਜਦ ਜਮਦੂਤ ਫੜਦੇ ਨੇ, ਰੋਣਾ ਵੀ ਤਾਂ ਉਨ੍ਹਾਂ ਨੂੰ ਈ ਪੈਂਦੈ, ਅਖੀਰੀ, ਜਨਮ–ਮਰਨ ਦੇ ਵਿੱਚ ਚੌਰਾਸੀ 'ਚ। ਫੇਰ ਪੜ੍ਹ ਦੇ ਉੱਚੀ ਦੇ ਕੇ। ਸਮਝ ਆ ਜੈ–

ਇਕਨਾ ਸਤਿਗੁਰੁ ਮੇਲਿ ਤੂੰ ਬੁਝਾਵਹਿ

'ਇਕਨਾ' ਨੂੰ, ਤੂੰ ਸਤਿਗੁਰੂ ਨਾਲ ਮਿਲਾ ਕੇ ਪ੍ਰਮੇਸ਼ਰ ਨੂੰ ਬੁਝਾ ਦਿੰਨੈ, ਸਮਝਾਅ ਦਿੰਨੈ। ਆਤਮਾ–ਪਰਮਾਤਮਾ ਦਾ ਅਭੇਦ ਨਿਸਚੇ ਕਰਾ ਦਿੰਨੈ–

ਇਕਿ ਮਨਮੁਖਿ ਕਰਹਿ ਸਿ ਰੋਵੈ ॥

ਇੱਕ ਮਨਮੁਖਤਾ ਕਰਦੇ ਨੇ, ਪ੍ਰਮੇਸ਼ਰ ਨੂੰ ਨਹੀਂ ਮੰਨਦੇ ਤੇ ਰੋਣਾ ਵੀ ਉਨ੍ਹਾਂ ਨੂੰ ਹੀ ਪੈਂਦੈ ਚੌਰਾਸੀ ਦੇ ਵਿੱਚ। ਦੁੱਖ-ਸੁੱਖ ਵੀ ਉਨ੍ਹਾਂ ਨੂੰ ਈ ਭੋਗਣੇ ਪੈਂਦੇ ਨੇ। ਉਨ੍ਹਾਂ ਤੇ ਬਖਸ਼ਿਸ਼ ਨਹੀਂ ਹੁੰਦੀ-

ਜਾ ਕਉ ਅਪੁਨੀ ਕਰੈ ਬਖਸੀਸ ॥
ਤਾ ਕਾ ਲੇਖਾ ਨ ਗਨੈ ਜਗਦੀਸ ॥ (ਪੰਨਾ ੨੭੭)

ਕਦੇ ਵੀ ਕਿਸੇ ਮਨਮੁਖ ਤੇ ਅੱਜ ਤੱਕ ਬਖਸ਼ਿਸ਼ ਦੱਸੋ ਹੋਈ ਹੋਵੇ? ਜਦ ਹੋਈ ਐ ਸਨਮੁਖ ਤੇ ਹੋਈ ਐ। ਜਦ ਕੌਡਾ ਰਾਖਸ਼, ਗੁਰੂ ਸਾਹਿਬ ਦੇ ਚਰਨਾਂ ਤੇ ਡਿੱਗ ਕੇ ਰੋਇਆ ਸੱਚੇ ਦਿਲੋਂ ਜਾਕੇ ਤਾਂ ਉਹ ਸੇਵਕ ਬਣਿਆ, ਤਾਂ ਉਹ ਕਿਰਪਾ ਹੋਈ। ਏਸ ਕਰਕੇ, ਮਨਮੁਖ ਨੂੰ ਹਮੇਸ਼ਾ ਰੋਣਾ ਪੈਂਦੈ ਗਾ-

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ

ਗੁਰੂ, ਚੌਥੇ ਪਾਤਸ਼ਾਹ ਮਹਾਰਾਜ ਕਹਿੰਦੇ, ਮੈਂ, ਹਰੀ ਦੀ ਵਡਿਆਈ ਪੂਰੇ ਤੌਰ ਤੇ ਭਾਈ! ਕਹਿ ਨਹੀਂ ਸਕਦਾ, ਜਿੰਨੀ ਵਡਿਆਈ ਐ। ਮੇਰੀ ਤਾਕਤ ਨਹੀਂ, ਪ੍ਰਮੇਸ਼ਰ ਦੀ ਪੂਰੀ ਵਡਿਆਈ ਕਹਿ ਦੇਣੀ-

ਹਉ ਮੂਰਖੁ ਮੁਗਧੁ ਨੀਚਾਣੁ ॥

ਮੈਂ ਤਾਂ ਮੂਰਖ ਹਾਂ, ਮੁਗਧ ਹਾਂ, ਨੀਚਾਂ ਦਾ ਨੀਚ ਹਾਂ, ਮੈਂ ਤਾਂ ਐਹਾ ਜਿਹਾ ਹਾਂ। ਮੈਂ ਪ੍ਰਮੇਸ਼ਰ ਦੀ ਵਡਿਆਈ ਨਹੀਂ ਕਹਿ ਸਕਦਾ। ਇਹ ਜੀਵ ਦਾ, ਮਨਮੁਖ ਦਾ ਸਾਰਾ ਨਕਸ਼ਾ ਬੰਨ੍ਹਦੇ ਨੇ-

ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ

ਹੇ ਮੇਰੇ ਸੁਆਮੀ! ਮੈਨੂੰ ਬਖਸ਼ ਲੈ। ਮੈਂ 'ਗੁਰੂ ਨਾਨਕ' ਦੀ ਸ਼ਰਣ ਆਇਆਂ ਤੇ ਮੈਨੂੰ ਬਖਸ਼ ਲੈ। ਹੇ ਮਾਲਕ! ਹੇ ਗੁਰੂ! ਮੈਨੂੰ ਬਖਸ਼-

ਸਰਣਾਗਤਿ ਪਇਆ ਅਜਾਣੁ ॥

ਮੈਂ ਬਿਲਕੁਲ ਅਣਜਾਣ ਆਂ ਪਰ ਆਪ ਦੀ ਸ਼ਰਣਾਗਤੀ ਪਿਆਂ ਗਾ। ਮੈਂ ਬਿਲਕੁਲ ਅਣਜਾਣ, ਅਗਿਆਨੀ ਪਰ ਆਪ ਦੀ ਸ਼ਰਣਾਗਤੀ ਪਿਆਂ ਗਾ। ਆਪ ਦੀ ਸ਼ਰਣ ਆਇਆਂ-

ਹਰਿ ਕੀ ਵਡਿਆਈ ਹਉ ਆਖਿ ਨ ਸਾਕਾ

ਮੈਂ ਨਹੀਂ ਕਹਿ ਸਕਦਾ –

ਹਉ ਮੂਰਖੁ ਮੁਗਧੁ ਨੀਚਾਣੁ ॥

ਮੈਂ ਮੂਰਖ ਆਂ, ਮੁਗਧ ਆਂ, ਨੀਚਾਂ ਦਾ ਨੀਚ ਆਂ। ਸਾਰੇ ਆਪਣੇ ਗੁਣਾਂ ਦਾ, ਵਿੱਦਿਆ ਦਾ, ਸਭ ਦੀ ਸਫਾਈ ਕਰਕੇ ਪ੍ਰਮੇਸ਼ਰ ਦੀ ਸ਼ਰਨ ਪੈ ਜਾਉ–

ਜਨ ਨਾਨਕ ਕਉ ਹਰਿ ਬਖਸਿ ਲੈ ਮੇਰੇ ਸੁਆਮੀ

ਹੇ ਮੇਰੇ ਮਾਲਕ! ਮੈਨੂੰ ਨਾਨਕ ਦੇ ਪਿੱਛੇ ਬਖਸ਼ ਲੈ, ਮੈਂ ਨਾਨਕ ਦੇ ਨਾਲ ਮਿਲਕੇ ਆਪ ਦੀ ਸ਼ਰਣਾਗਤੀ ਆਇਆਂ। ਹੇ ਸੁਆਮੀ! ਮੈਨੂੰ ਬਖਸ਼ ਲੈ–

ਸਰਣਾਗਤਿ ਪਇਆ ਅਜਾਣੁ ॥

ਮੈਂ ਆਪ ਦੀ ਸ਼ਰਣਾਗਤੀ ਆਇਆਂ ਤੇ ਅਣਜਾਣ ਹਾਂ, ਮੈਨੂੰ ਬਖਸ਼ ਲੈ, ਮੈਂ ਆਪ ਦੀ ਸ਼ਰਣਾਗਤੀ ਆਇਆਂ ਗਾ।

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ!

ਸਤਿਗੁਰ ਪ੍ਰਸਾਦਿ॥

੬੩

ਸੋਰਠਿ ਮਹਲਾ ੯ ॥

ਮਨ ਰੇ ਕਉਨੁ ਕੁਮਤਿ ਤੈ ਲੀਨੀ ॥
ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥ ੧॥ ਰਹਾਉ॥
ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥
ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥ ੧॥
ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥
ਘਟ ਹੀ ਮਾਹਿ ਨਿਰਜੰਨੁ ਤੇਰੈ ਤੈ ਖੋਜਤ ਉਦਿਆਨਾ ॥ ੨॥
ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥
ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥ ੩॥ ੩॥

(ਪੰਨਾ ੬੩੧)

ਸਾਰੀ ਸੰਗਤ ਕਿਰਪਾ, ਦਇਆ, ਮੇਹਰ ਕਰਕੇ ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ! ਸਤਿਨਾਮੁ ਸ੍ਰੀ ਵਾਹਿਗੁਰੂ !!

ਇਹ ਨੌਂਵੇਂ ਪਾਤਸ਼ਾਹ ਦਾ ਸ਼ਬਦ ਹੈ ਜਿਨ੍ਹਾਂ ਨੇ ਆਪਣਾ ਸੀਸ ਤੱਕ ਵਾਰਨ ਕਰ ਦਿੱਤਾ। ਧਰਮ ਦੀ ਰੱਖਿਆ ਅਖੀਰੀ ਐਥੇ ਈ ਜਾਕੇ ਹੁੰਦੀ ਹੈ, ਜਦ ਸੀਸ ਤੱਕ ਆਪਣਾ, ਧਰਮ ਦੇ ਉੱਤੋਂ ਕੁਰਬਾਨ ਹੋ ਜੈ। ਤੇ ਲੋਕ, ਆਮ ਇਨ੍ਹਾਂ ਨੂੰ 'ਧਰਮ ਦੀ ਚਾਦਰ' ਕਹਿੰਦੇ ਨੇ। ਇਹ, ਸਾਰੇ ਧਰਮ ਦੇ ਰਾਖੇ ਨੇ–

ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ (ਪੰਨਾ ੨੬੬)

ਇਹ, ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ, ਧਰਮ ਦੇ ਰਖਸ਼ਕ–

ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨਿ ਹੇਤਿ ਇਤੀ ਜਿਨਿ ਕਰੀ ॥
ਸੀਸੁ ਦੀਆ ਪਰੁ ਸੀ ਨਾ ਉਚਰੀ ॥ (ਦਸਮ ਗ੍ਰੰਥ)

ਜਿਸਨੇ ਧਰਮ ਦੀ ਖਾਤਰ, ਆਪਣੀ ਸਾਰੀ ਪੂਰਨ ਕੁਰਬਾਨੀ ਕਰ 'ਤੀ ਤੇ ਉਨ੍ਹਾਂ ਬ੍ਰਾਹਮਣਾਂ ਦੇ ਸਾਥ ਕੋਈ ਸਾਕ (ਨਾਤਾ) ਨਹੀਂ ਸੀ ਕਸ਼ਮੀਰ ਦਿਆਂ ਨਾਲ, ਕੋਈ ਜਾਤੀ ਸੰਬੰਧ ਨਹੀਂ ਸੀਗਾ, ਗੋਤ ਦਾ ਸੰਬੰਧ ਨਹੀਂ ਸੀ। ਉਨ੍ਹਾਂ ਨੇ ਆਕੇ ਪ੍ਰਾਰਥਨਾ ਕੀਤੀ ਬਈ ਸਾਡਾ ਧਰਮ, ਅਸੀਂ ਬਹੁਤ ਦੇਵੀ ਦੇਵਤਿਆਂ ਦੀ ਉਪਾਸ਼ਨਾ ਕੀਤੀ, ਸਾਡਾ ਧਰਮ ਬਚਾਓ! ਸਾਡਾ ਧਰਮ ਜਾਂਦੈ ਗਾ। ਗੁਰੂ ਸਾਹਿਬ ਨੇ ਉਨ੍ਹਾਂ (ਬ੍ਰਾਹਮਣਾਂ ਨੂੰ) ਨੂੰ ਆਹ ਬਾਤ ਕਹਿ ਦਿੱਤੀ ਬਈ ਤੁਸੀਂ ਜਾਕੇ ਬਾਦਸ਼ਾਹ ਨੂੰ ਕਹਿਦੋ ਬਈ ਮੁਸਲਮਾਨ ਇੱਕ ਉਨ੍ਹਾਂ ਨੂੰ ਬਣਾ ਦੋ, ਅਸੀਂ ਸਾਰੇ ਬਣ ਜਾਵਾਂਗੇ। ਉਹਨੂੰ (ਔਰੰਗਜੇਬ ਨੂੰ) ਬੜੀ ਖੁਸ਼ੀ ਹੋਈ ਬਈ ਆਹ ਤਾਂ ਬੜੀ ਅੱਛੀ ਬਾਤ ਐ। ਪਰ ਇਹ ਨਹੀਂ ਸੀ ਪਤਾ ਬਈ ਹੁਣ ਧਰਮ ਦੀ ਰੱਖਿਆ ਹੋ ਕੇ, ਪਾਪ ਦੀ ਜੜ੍ਹ ਪੁੱਟੀ ਜਾਣੀ ਹੈ। ਜੁਲਮ ਜਦ ਸਿਰੇ ਆ ਜੈ, ਅਖੀਰੀ ਆ ਜੈ ਤਾਂ ਪਾਪ ਦਾ ਨਾਸ ਹੋ ਜਾਂਦੈ। ਜਦ ਪਾਪ ਬਹੁਤ ਵੱਧ ਜੈ ਤਾਂ ਧਰਮ ਅਛਾਦਨ ਹੋ ਜਾਂਦੈ (ਢਕਿਆ), ਧਰਮ ਨਾਸ ਨਹੀਂ ਹੁੰਦਾ, ਕਦੇ ਧਰਮ ਨਾਸ ਨਹੀਂ ਹੁੰਦਾ, ਅਛਾਦਨ ਹੋ ਜਾਂਦੈ। ਏਸ ਕਰਕੇ, ਉਨ੍ਹਾਂ ਨੇ ਓਸ ਧਰਮ ਦੀ ਰੱਖਿਆ ਕੀਤੀ। ਹੁਣ, ਉਨ੍ਹਾਂ ਦੁਆਰੇ ਜੋ ਮਹਾਂਵਾਕ ਆਇਐ ਅਕਾਲ ਪੁਰਸ਼ ਦਾ, ਉਹ ਸੁਣੋ –

ਸੋਰਠਿ ਮਹਲਾ ੯ ॥

ਸੋਰਠ ਰਾਗ ਦੇ ਵਿੱਚ ਨੌਵੇਂ ਪਾਤਸ਼ਾਹ ਸ਼ਹੀਦਾਂ ਦੇ ਸ਼ਿਰੋਮਣੀ, ਇਹ ਕਥਨ ਕਰਦੇ ਨੇ ਜੋ ਅਕਾਲ ਪੁਰਸ਼ ਵੱਲੋਂ ਮਹਾਂਵਾਕ ਆਇਐ–

ਮਨ ਰੇ ਕਉਨੁ ਕੁਮਤਿ ਤੈ ਲੀਨੀ ॥

'ਰੇ' ਸ਼ਬਦ ਗ੍ਰੰਥਾਂ ਦੇ ਵਿੱਚ ਤ੍ਰਿਸਕਾਰ ਦਾ (ਸੰਬੋਧਕ) ਹੈ। 'ਰੇ'

ਕਿਸੇ ਨੂੰ ਕਹੀਏ ਤਾਂ ਗੁੱਸਾ ਕਰਦਾ ਹੈ।ਕਦੇ 'ਪਿਆਰਾ ਮਨ' ਵੀ ਕਹੇਂਗੇ ਬਹੁਤ ਜਗ੍ਹਾ। ਜਦ ਨਾਮ ਦੇ ਵਿੱਚ ਮਨ ਜੁੜੇਗਾ, ਗੁਰੂ ਸਾਹਿਬ ਉਹਨੂੰ 'ਪਿਆਰਾ ਮਨ' ਕਹੇਂਗੇ। ਰੇ ਮਨ! ਤੈਂ ਕਿਹੜੀ ਖੋਟੀ ਬੁੱਧੀ ਲਈ? ਤੂੰ ਤਾਂ ਖੋਟੀ ਬੁੱਧੀ ਦੇ ਵਿੱਚ ਫੱਸ ਗਿਆ। ਉਹ ਕਿਹੜੀ ਖੋਟੀ ਬੁੱਧੀ ਹੈ? ਉਹ ਆਪ ਈ ਗੁਰੂ ਸਾਹਿਬ ਜੀ ਕਥਨ ਕਰਦੇ ਨੇ–

ਪਰ ਦਾਰਾ ਨਿੰਦਿਆ ਰਸ ਰਚਿਓ

ਪਰਾਈਆਂ ਇਸਤਰੀਆਂ ਤੇ ਪਰਾਈ ਨਿੰਦਿਆ, ਬਾਕੀ ਸਾਰੇ ਉੱਤੋਂ ਲਾ ਲੈਣੇ, ਪਰਾਇਆ ਧਨ ਬਗੈਰਾ ਜੋ ਵੀ ਹੈਗਾ। ਇਹ 'ਕੁਮਤਿ' ਹੈ, ਇਹ ਖੋਟੀ ਮਤੀ ਹੈ, ਤੂੰ ਇਹਦੇ ਵਿੱਚ ਹੇ ਮਨ! ਲੱਗ ਗਿਆ। ਤੈਂ ਸਾਰੀ ਉਮਰ ਏਹੀ ਕੰਮ ਕੀਤਾ ਤੇ ਪਰਾਇਆ ਧਨ, ਪਰਾਈ ਇਸਤਰੀ, ਪਰਾਈ ਨਿੰਦਿਆ, ਪਰਾਈ ਚੀਜ ਨੂੰ ਆਪਣੀ ਸਮਝਿਆ। ਆਪਣੀ ਚੀਜ ਨੂੰ, ਆਪਣੀ ਨਹੀਂ ਸਮਝਿਆ। ਜਦ ਏਸ ਨੂੰ ਆਪਣੀ ਵਸਤੂ ਦਾ ਗਿਆਨ ਹੋ ਜੈ, ਇਹ ਪਰਾਈ ਵਸਤੂ ਨੂੰ ਤਿਆਗ ਦਿੰਦੈਗਾ। ਇੱਕ 'ਵਿਚਾਰ ਸਾਗਰ' ਦੇ ਵਿੱਚ ਨਿਹਚਲ ਦਾਸ ਨੇ ਲਿਖਿਆ ਹੈ–

ਏਕ ਸਮੇਂ ਹੀ ਭਾਂਨ ਹੋਇ ਸਾਖਸ਼ੀ ਅਰੁ ਆਭਾਸ।
ਦੂਜੋ ਚੇਤਨ ਕੋ ਵਿਸ਼ੈ ਸਾਖਸ਼ੀ ਸਵਯੰ ਪ੍ਰਕਾਸ।

(ਨਿਹਚਲ ਦਾਸ ਵਿਚਾਰ ਸਾਗਰ ੪/੧੧੬)

ਦੁਨੀਆਂ 'ਚ ਦੋ ਵਸਤੂਆਂ ਨੇ, ਇੱਕ ਪੁਰਸ਼ ਤੇ ਇੱਕ ਪ੍ਰਕ੍ਰਿਤੀ। ਇੱਕ ਮਾਇਆ ਤੇ ਇੱਕ ਬ੍ਰਹਮ ਤੇ ਨਾਨਾ ਪ੍ਰਕਾਰ ਦੇ ਸਾਸ਼ਤ੍ਰਕਾਰਾਂ ਨੇ ਲਿਖੇ ਅੱਡੋ ਅੱਡੀ ਸਾਰਿਆਂ ਨੇ ਪਰ ਸਾਰਿਆਂ ਦਾ ਤਾਤਪਰਜ ਇੱਕ ਹੋਇਆ। ਇੱਕ ਪਰਤਾ–ਪ੍ਰਕਾਸ਼ ਹੈ ਤੇ ਇੱਕ ਸੁਤੇ–ਪ੍ਰਕਾਸ਼ ਹੈ। ਜਦ ਤੁਸੀਂ ਆਪਣੇ ਅੰਦਰ ਆਪਣੇ ਖਿਆਲ ਨੂੰ, ਬਿਰਤੀ ਨੂੰ, ਸੰਕਲਪ ਨੂੰ ਦੇਖਦੇ ਓਂ, ਉਹਦੇ ਵਿੱਚ ਜੋ ਸੰਸਕਾਰ ਭਰਿਆ ਵਿਐ, ਜੇ ਨਾਮ ਹੈ ਤਾਂ ਤੁਸੀਂ ਨਾਮੀ ਨਾਲ ਜੁੜ ਗੇ। ਫੇਰ ਤਾਂ ਸੁਮਤੀ ਵਿੱਚ ਜਾ ਪਹੁੰਚੇ। ਓਸ ਨੂੰ ਵੀ ਦੇਖਦੇ ਓਂ, ਉਹ ਜਿਹੜਾ ਦੇਖਣੇ 'ਚ ਆਉਂਦੈ,

ਉਹ ਪ੍ਰਮੇਸ਼ਰ ਨਹੀਂ ਹੈ–

ਜੋ ਇਹੁ ਜਾਣਹੁ ਸੋ ਇਹੁ ਨਾਹਿ ॥ (ਪੰਨਾ ੮੮੫)

ਜੋ ਥੁਆਡੇ ਦੇਖਣੇ 'ਚ ਆਉਂਦੈ, ਓਹ ਪ੍ਰਮੇਸ਼ਰ ਨਹੀਂ ਹੁੰਦਾ –

ਜਾਨਣਹਾਰੇ ਕਉ ਬਲਿ ਜਾਉ ॥ (ਪੰਨਾ ੮੮੫)

ਤੇ ਥੋਡੇ ਅੰਦਰ ਕੋਈ ਜਾਨਣਹਾਰ ਵਸਤੂ ਵੀ ਹੈ–

ਜਾਨਨਹਾਰ ਪ੍ਰਭੂ ਪਰਬੀਨ ॥
ਬਾਹਰਿ ਭੇਖ ਨ ਕਾਹੂ ਭੀਨ ॥ (ਪੰਨਾ ੨੬੯)

ਉਹ ਜਾਨਣਹਾਰ ਪ੍ਰਭੂ ਹੈ। ਉਹ ਬੜਾ ਚਤੁਰ, ਗਿਆਤ, ਗੇਅ, ਸਰਬੱਗ ਥੁਆਡੇ ਅੰਤਹਕਰਣ ਦੇ ਵਿੱਚ ਹੈ। ਥੁਆਡੀ ਬੁੱਧੀ ਤੇ ਬਿਰਤੀ 'ਚ ਐ, ਉਹ 'ਦਾਨਾ ਬੀਨਾ ਸਾਈ ਮੈਡਾ' ਹੈ–

ਦਾਨਾ ਬੀਨਾ ਸਾਈ ਮੈਡਾ ਨਾਨਕ ਸਾਰ ਨ ਜਾਣਾ ਤੇਰੀ ॥
(ਪੰਨਾ ੫੨੦)

ਉਹ ਸਾਰਿਆਂ ਤੇ ਪਰੇ ਹੈ, ਓਸ ਨੂੰ ਜਾਨਣੇ ਵਾਲਾ, ਹੋਰ ਕੋਈ ਨਹੀਂ। ਜਾਨਣਹਾਰ ਇੱਕੋ ਈ ਹੈ ਤੇ ਦ੍ਰਸ਼ਟਾ ਵੀ ਇੱਕੋ ਈ ਹੈ, ਦ੍ਰਿਸ਼ ਨਾਨਾ ਹੈਂ–

ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥ (ਪੰਨਾ ੧੦੮੩)

ਜਿੰਨਾਂ ਦੇਖਣੇ 'ਚ ਆਉਂਦੈ, ਉਹ ਸਭ ਝੂਠ ਹੈ ਤੇ ਪਰਤਾ–ਪ੍ਰਕਾਸ਼ ਹੈ ਪਰ ਦੇਖਣੇ ਵਾਲਾ ਇੱਕੋ ਈ ਹੈ–

ਮੂਈ ਸੁਰਤਿ ਬਾਦੁ ਅਹੰਕਾਰੁ ॥
ਓਹੁ ਨ ਮੂਆ ਜੋ ਦੇਖਣਹਾਰੁ ॥
ਜੈ ਕਾਰਣਿ ਤਟਿ ਤੀਰਥ ਜਾਹੀ ॥
ਰਤਨ ਪਦਾਰਥ ਘਟ ਹੀ ਮਾਹੀ ॥
ਪੜਿ ਪੜਿ ਪੰਡਿਤੁ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥
ਹਉ ਨ ਮੂਆ ਮੇਰੀ ਮੁਈ ਬਲਾਇ ॥
ਓਹੁ ਨ ਮੂਆ ਜੋ ਰਹਿਆ ਸਮਾਇ ॥
ਕਹੁ ਨਾਨਕ ਗੁਰਿ ਬ੍ਰਹਮੁ ਦਿਖਾਇਆ ॥

ਮਰਤਾ ਜਾਤਾ ਨਦਰਿ ਨ ਆਇਆ ॥ (ਪੰਨਾ ੧੫੨)

ਉਹ ਜਨਮ-ਮਰਨ ਤੇ ਰਹਿਤ ਇੱਕ ਵਸਤੂ ਐ। ਉਹਨੂੰ ਸੋਯੰ-ਪ੍ਰਕਾਸ਼ ਕਹਿੰਦੇ ਨੇ, ਸੁਤੇ-ਸਿੱਧ ਕਹਿੰਦੇ ਨੇ। ਗੁਰੂ ਘਰ ਮੇਂ ਉਹਨੂੰ 'ਸੈਭੰ' ਕਹਿੰਦੇ ਨੇ, ਸੈਭੰ (ਸੁਤੇ ਪ੍ਰਕਾਸ਼) ਉਹ ਵਸਤੂ ਇਹਦਾ ਆਪੈ ਗਾ ਤੇ ਹੋਰ ਪਰਤਾ ਪ੍ਰਕਾਸ਼ ਜੋ ਹੈ ਉਹ ਪ੍ਰਕ੍ਰਿਤੀ ਹੈ, ਉਹ ਦ੍ਰਿਸ਼ ਹੈ, ਉਹ ਦ੍ਰਸ਼ਟਾ ਨਹੀਂ ਹੈ। ਦ੍ਰਸ਼ਟਾ ਇੱਕ ਹੁੰਦੈ, ਦ੍ਰਿਸ਼ ਨਾਨਾ ਸਾਮ੍ਹਣੇ ਆਉਂਦੇ ਨੇ ਪਰ ਏਸ ਕਰਕੇ, ਉਹ ਇੱਕ ਹੈ, ਉਹ ਵਿਆਪਕ ਹੈ, ਉਹ 'ਦਾਨਾ ਬੀਨਾ ਸਾਈ ਮੈਡਾ' ਹੈ। ਉਹ ਸਾਡੇ ਸਾਰੇ ਖਿਆਲਾਂ ਦਾ ਸਾਖਸ਼ੀ ਹੈ, ਉਹ ਪ੍ਰਮੇਸ਼ਰ ਹੈ। ਤੈਂ, ਉਹਦੇ ਨਾਲ, ਵਿਆਪਕ 'ਰਾਮ' ਦੇ ਨਾਲ ਜੁੜਨਾ ਸੀ ਫੇਰ ਤੂੰ ਸੁਮਤੀ ਵਿੱਚ ਆ ਜਾਂਦਾ। ਇਹ ਜਿੰਨੀ ਹੈ ਸਾਰੀ ਕੁਮਤੀ ਹੈ ਪਰ-ਨਿੰਦਿਆ, ਪਰਾਇਆ ਧਨ, ਪਰਾਈ ਇਸਤਰੀ। ਦੂਸਰੇ ਦੀ ਚੀਜ ਨੂੰ, ਜਿਹੜਾ ਆਪਣੀ ਦੇਖਣੈ ਗਾ, ਮੇਰ ਕਰਨੀ ਹੈ, ਉਹ ਨਿੰਦਿਆ ਦੇ ਯੋਗ ਈ ਹੈ, ਉਹ ਕੁਮਤੀ ਐ, ਖੋਟੀ ਬੁੱਧੀ ਐ-

ਪਰ ਦਾਰਾ ਨਿੰਦਿਆ ਰਸ ਰਚਿਓ

ਤੇ ਪਰਾਈਆਂ ਇਸਤਰੀਆਂ, ਤੇ ਨਿੰਦਾ ਦੇ ਰਸ ਦੇ ਵਿੱਚ ਤੂੰ ਰਚ ਗਿਆ ਤੇ ਅਨਾਤਮ ਰਸ ਦੇ ਵਿੱਚ ਤੂੰ ਰਚ ਗਿਆ, ਇਹ ਰਸ ਝੂਠਾ ਸੀ। ਝੂਠੇ ਰਸ ਦੇ ਵਿੱਚ, ਤੇਰਾ ਮਨ ਰਚ ਗਿਆ। ਆਤਮਕ ਰਸ ਦੇ ਵਿੱਚ ਜਿੱਦਣ (ਜਿਸ ਦਿਨ) ਰਚ ਗਿਆ, ਓਦਣ (ਓਸ ਦਿਨ) ਤਾਂ ਇਹ ਪੁੱਗ ਜੇਗਾ। ਓਦਣ ਤਾਂ ਇਹਦੀ ਖਲਾਸੀ ਹੋ ਜੇਗੀ, ਮੋਕਸ਼ ਹੋ ਜੇਗੀ-

ਆਤਮ ਰਸੁ ਜਿਹ ਜਾਨਿਆ ਹਰਿ ਰੰਗ ਸਹਜੇ ਮਾਣੁ ॥
ਨਾਨਕ ਧਨਿ ਧਨਿ ਧੰਨਿ ਜਨ ਆਏ ਤੇ ਪਰਵਾਣੁ ॥

(ਪੰਨਾ ੨੫੨)

ਰਾਮ ਭਗਤਿ ਨਹਿ ਕੀਨੀ ॥ ੧॥ ਰਹਾਉ॥

ਤੈਂ ਤਾਂ 'ਰਾਮ' ਜੋ-

ਰਮਤ ਰਾਮ ਜਨਮ ਮਰਣੁ ਨਿਵਾਰੈ ॥ (ਪੰਨਾ ੮੬੫)

ਤੈਂ ਤਾਂ, ਜੋ ਰਮਿਆ ਵਿਆ 'ਰਾਮ' ਹੈ ਸਾਰੇ ਪਰੀਪੂਰਣ, ਉਹਦੀ

ਭਗਤੀ ਕਰਨੀ ਸੀ। ਉਹਦੀ ਭਗਤੀ ਐ ਉਹਦਾ ਸਿਮਰਨ। ਤੇਰਾ ਮਨ, 'ਨਾਮ' ਨਾਲ ਜੁੜ ਜਾਂਦਾ ਤੇ 'ਨਾਮੀ' ਤੈਨੂੰ ਆਪੇ ਈ ਪ੍ਰਾਪਤ ਹੋ ਜਾਏਗਾ–

ਵਡਾ ਸਾਹਿਬੁ ਊਚਾ ਥਾਉ ॥
ਊਚੇ ਉਪਰਿ ਊਚਾ ਨਾਉ ॥
ਏਵਡੁ ਊਚਾ ਹੋਵੈ ਕੋਇ ॥
ਤਿਸੁ ਊਚੇ ਕਉ ਜਾਣੈ ਸੋਇ ॥
ਜੇਵਡੁ ਆਪਿ ਜਾਣੈ ਆਪਿ ਆਪਿ ॥
ਨਾਨਕ ਨਦਰੀ ਕਰਮੀ ਦਾਤਿ ॥ (ਪੰਨਾ ੫)

ਉਹ ਪ੍ਰਮੇਸ਼ਰ ਹੈ। ਜਦ 'ਨਾਮ' ਦੇ ਨਾਲ ਇੱਕ ਵਾਰ ਵੀ ਮਨ ਜੁੜ ਗਿਆ ਤਾਂ 'ਨਾਮੀ' ਪ੍ਰਾਪਤ ਹੋ ਜੇਗਾ। 'ਨਾਮ' ਤੇ 'ਨਾਮੀ' ਇੱਕ ਚੀਜ ਨੇ ਗੇ–

ਆਪੀਨੈ੍ ਆਪੁ ਸਾਜਿਓ ਆਪੀਨੈ੍ ਰਚਿਓ ਨਾਉ ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥

(ਪੰਨਾ ੪੬੩)

ਦੂਸਰੀ ਤਾਂ ਕੁਦਰਤ ਹੈ, ਮਾਇਆ ਹੈ। ਏਸ ਕਰਕੇ, ਨਾਮ ਤੇ ਨਾਮੀ ਦਾ ਅਭੇਦ ਹੈ, ਉਹ ਇੱਕ ਹੈਂ। ਤੈਂ, ਓਸ ਨਾਮ ਦੇ ਨਾਲ ਰਚਣਾ ਸੀ। ਤੈਂ, ਆਪਣੇ ਮਨ ਨੂੰ, ਨਾਮ ਦੇ ਸਿਮਰਨ ਦੇ ਵਿੱਚ ਜੋੜਨਾ ਸੀ, ਤੈਨੂੰ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਂਦੀ–

ਖੋਜਤ ਖੋਜਤ ਤਤੁ ਬੀਚਾਰਿਓ ਦਾਸ ਗੋਵਿੰਦ ਪਰਾਇਣ ॥
ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ ॥

(ਪੰਨਾ ੭੧੪)

'ਨਾਰਾਇਣੁ' ਸ਼ਬਦ ਦੇ ਬੜੇ ਅਰਥ ਕੀਤੇ ਨੇ। ਆਤਮ ਪੁਰਾਣ ਵਾਲੇ ਨੇ ਵੀ ਗਿਆਰਾਂ ਅਰਥ ਕੀਤੇ। ਅਖੀਰੀ ਓਹਨੇ ਆਖਿਆ, ਜਿਹੜਾ ਸਾਰੇ ਨਰਾਂ ਦਾ ਆਇਣ, ਜਿਹੜਾ ਸ੍ਰਿਸਟੀ ਦਾ ਅਧਿਸ਼ਠਾਨ, ਜਿਹੜਾ ਸ੍ਰਿਸ਼ਟੀ ਦੀ ਉਤਪਤੀ, ਪਾਲਣਾ, ਲੈਅ ਕਰਤਾ, ਸਭ ਦਾ ਮਾਲਕ, ਉਹ ਪ੍ਰਮੇਸ਼ਰ ਇੱਕ ਹੈ। ਉਹਦਾ ਨਾਮ ਜਪਣੇ ਸੇ, ਤੈਨੂੰ ਓਸ

ਦੀ ਪ੍ਰਾਪਤੀ ਹੋਏਗੀ।'ਨਾਮ','ਨਾਮੀ' ਦੀ ਪ੍ਰਾਪਤੀ ਕਰੇਗਾ ਪਰ ਇਹ ਵਰਤਮਾਨ ਮੇਂ ਇੱਕ ਛਿਨ ਵੀ ਜੁੜ ਜੇ ਤਾਂ-

ਏਕ ਚਿੱਤ ਜਿਹਿ ਇਕ ਛਿਨ ਧਿਆਇਓ ॥
ਕਾਲ ਫਾਸ ਕੇ ਬੀਚ ਨ ਆਇਓ ॥ (ਦਸਮ ਗ੍ਰੰਥ)

ਵਰਤਮਾਨ ਮੇਂ ਵਰਤਦਾ ਰਹੇ। ਅਤੀਤ ਨੂੰ ਨਾ ਯਾਦ ਕਰੇ, ਭਵਿੱਖਤ ਨੂੰ ਯਾਦ ਨਾ ਕਰੇ ਤੇ ਵਰਤਮਾਨ ਮੇਂ ਜੋ ਹਾਜਰ ਹੈ-

ਕਿ ਜ਼ਾਹਰ ਜ਼ਹੂਰ ਹੈਂ॥ ਕਿ ਹਾਜ਼ਰ ਹਜ਼ੂਰ ਹੈਂ ॥

(ਦਸਮ ਗ੍ਰੰਥ)

ਉਹਦੇ ਨਾਲ, ਆਪਣੇ ਮਨ ਨੂੰ ਜੋੜੋ। ਉਹਦੇ ਨਾਮ ਨਾਲ ਜੋੜਨੇ ਸੇ, ਨਾਮੀ ਨਾਲ ਜੁੜ ਜੇਗਾ। ਫੇਰ ਇਹ ਸੁਮਤੀ ਵਿੱਚ ਚਲਿਆ ਜਾਏਗਾ, ਇਹ ਸ੍ਰੇਸ਼ਟ ਮਤੀ ਹੈ। ਪ੍ਰੇਮਾ-ਭਗਤੀ ਸਭ ਸੇ ਉੱਚੀ ਐ। ਪ੍ਰੇਮਾ-ਭਗਤੀ ਸੰਤ ਬਣਾ ਦਿੰਦੀ ਐ-

ਪ੍ਰੇਮ ਭਗਤਿ ਉਧਰਹਿ ਸੇ ਨਾਨਕ
ਕਰਿ ਕਿਰਪਾ ਸੰਤੁ ਆਪਿ ਕਰਿਓ ਹੈ ॥ (ਪੰਨਾ ੧੩੮੮)

ਪ੍ਰਮੇਸ਼ਰ ਨੇ ਪ੍ਰੇਮਾ-ਭਗਤੀ ਦੁਆਰੇ, ਗੁਰੂ ਸਾਹਿਬ ਕਹਿੰਦੇ, ਸਾਨੂੰ ਸੰਤ ਬਣਾ 'ਤਾ ਤੇ ਪ੍ਰੇਮ ਨਾਲ ਜੋ ਨਾਮ ਦਾ ਸਿਮਰਨ ਹੈ ਇੱਕ ਰਸ, ਜੀਹਦੇ ਵਿੱਚ ਕੋਈ ਬਿਘਨ ਨਾ ਆਵੇ, ਉਹ ਪ੍ਰਮੇਸ਼ਰ ਦੇ ਪਾਸ ਇਹਨੂੰ ਮਿਲਾ ਦਿੰਦੈਗਾ। ਪਰ ਉਹ ਛਿਨ, ਇੱਕ ਹੋ ਜੈ। ਇਉਂ ਨਹੀਂ (ਸਮੇਂ ਦੀ) ਇੱਕ ਛਿਨ, ਇਹ ਛਿਨ ਤਾਂ ਬਦਲਨੀ ਐਂ ਪਰ ਉਹ ਛਿਨ ਇੱਕ ਹੋ ਜੈ, ਉਹ ਧੁਰ ਤੱਕ ਇੱਕ ਛਿਨ ਹੀ ਬਣੀ ਰਹੇ, ਨਾਮ ਦੇ ਅਭਿਆਸ ਦੀ ਛਿਨ ਬਣੀ ਰਹੇ-

ਮੁਕਤਿ ਪੰਥੁ ਜਾਨਿਓ ਤੈ ਨਾਹਨਿ

ਤੈਂ, ਮੁਕਤੀ ਦਾ ਰਸਤਾ ਈ ਨਹੀਂ ਭਾਈ! ਜਾਣਿਆਂ।'ਨਾਹਨਿ', ਨਹੀਂ ਜਾਣਿਆਂ। ਤੈਨੂੰ ਪਤਾ ਈ ਨਹੀਂ ਲੱਗਿਆ, ਮੁਕਤੀ ਕੈਸੇ ਹੁੰਦੀ ਐ। ਉਹ ਮੁਕਤੀ ਦਾ ਤੈਂ ਰਸਤਾ ਈ ਨਹੀਂ ਜਾਣਿਆਂ-

ਗੁਰੂ ਅਰਜਨ ਕਲਿਆਣ ਵਖਾਨ।

ਭਰਮ ਭੈ ਮਿਟੇ ਸੁ ਬ੍ਰਹਮ ਗਿਆਨ।

(ਮੋਕਸ਼ ਪੰਥ ਪ੍ਰਕਾਸ਼-ਸਵੈਯਾ ੧੦)

ਇਹ ਪੰਡਿਤ ਗੁਲਾਬ ਸਿਹੁੰ ਲਿਖ ਗੇ ਨੇ। ਉਹ ਗਿਆਨ ਈ ਮੁਕਤੀ ਦਾ ਮਾਰਗ ਦੱਸਿਐ ਗਾ, ਕਲਿਆਣ ਰਾਗ ਦੇ ਵਿੱਚ ਪੜ੍ਹ ਲਓ, ਗੁਰੂ ਸਾਹਿਬ ਇਹੀ ਦੱਸ ਗੇ, ਵੇਦ ਵੀ ਇਹੀ ਦੱਸ ਗੇ। ਮੁਕਤੀ ਦਾ ਰਸਤਾ ਸੀ, ਮਨ ਨੂੰ ਨਾਮ ਦੇ ਨਾਲ ਜੋੜ ਕੇ ਨਾਮੀ ਦੀ ਪ੍ਰਾਪਤੀ। ਤੇਰੀ ਲਿਵ ਲੱਗ ਜਾਂਦੀ, ਬੱਸ। ਲਿਵ ਦੇ ਵਿੱਚ, ਅਬਿਨਾਸੀ ਪਦ ਦੀ ਪ੍ਰਾਪਤੀ ਹੋ ਜਾਂਦੀ ਐ। ਇਹ ਥੁਆਨੂੰ ਪਤਾ ਹੈ, ਤੁਸੀਂ ਲਾਵਾਂ ਪੜ੍ਹਦੇ ਹੋਂ। ਚੌਥੀ ਲਾਂਵ ਦੇ ਵਿੱਚ ਇਹੀ ਆਊਗਾ ਜਦ ਲਿਵ ਲੱਗ ਗੀ ਤਾਂ ਅਬਿਨਾਸੀ ਪਦ ਦੀ ਪ੍ਰਾਪਤੀ ਹੋ ਗੀ, ਉਹ ਸੀ ਲਿਵ। ਪਰ ਉਹ ਦੋ ਰਸਤੇ ਨੇ, ਇੱਕ ਹੈ ਲਿਵ ਤੇ ਇੱਕ ਹੈ ਧਾਤ-

ਲਿਵ ਧਾਤੁ ਦੁਇ ਰਾਹ ਹੈ ਹੁਕਮੀ ਕਾਰ ਕਮਾਇ ॥

(ਪੰਨਾ ੮੭)

ਲਿਵ ਰਸਤਾ ਹੈਗਾ ਮੁਕਤੀ ਦਾ, 'ਧਾਤ' ਰਸਤਾ ਹੈ 'ਧਾਹ ਜਾਣ' ਦਾ। ਜੋ 'ਧਾਹ' ਜਾਣੇ 'ਪਦਾਰਥ' ਨੇ ਝੂਠੇ, ਉਨ੍ਹਾਂ ਦੇ ਮਗਰ ਮਨ ਫਿਰਦਾ ਰਹੇ, ਉਹਨੂੰ 'ਧਾਤ' ਰਸਤਾ ਕਹਿੰਦੇ ਨੇ, ਉਹ ਹੈ ਕੁਮਤਿ। ਇਹ (ਲਿਵ) ਹੈ ਸੁਮਤਿ-

ਮੁਕਤਿ ਪੰਥੁ ਜਾਨਿਓ ਤੈ ਨਾਹਨਿ

ਭਾਈ! ਤੈਂ ਮੁਕਤੀ ਦਾ ਰਸਤਾ ਜਾਣਿਆਂ ਨਹੀਂ। ਤੈਨੂੰ, ਉਹ ਤੇਰੀ ਬੁੱਧੀ 'ਚ ਨਹੀਂ ਆਇਆ, ਤੈਨੂੰ ਸਮਝ ਨਹੀਂ ਆਈ-

ਸਮਝਿ ਪਰੀ ਤਉ ਬਿਸਰਿਓ ਗਾਵਨੁ ॥ (ਪੰਨਾ ੪੭੮)

ਕਬੀਰ ਸਾਹਿਬ ਜੀ ਨੇ ਲਿਖਿਆ-

ਕਥਨੀ ਬਦਨੀ ਕਹਨੁ ਕਹਾਵਨੁ ॥
ਸਮਝਿ ਪਰੀ ਤਉ ਬਿਸਰਿਓ ਗਾਵਨੁ ॥ (ਪੰਨਾ ੪੭੮)

ਉਹ ਸਮਝ ਤੇਰੇ ਹਿਰਦੇ 'ਚ ਨਹੀਂ ਆਈ ਹੈ-

ਧਨ ਜੋਰਨ ਕਉ ਧਾਇਆ ॥

ਕਿਉਂ ਨਾ ਮੁਕਤੀ ਦਾ ਰਸਤਾ ਮਿਲਿਆ ਜੀ ਮੈਨੂੰ? ਤੂੰ ਧਨ

ਇਕੱਠਾ ਕਰਨ ਦੇ ਵਿੱਚ ਲੱਗਿਆ ਰਿਹਾ।ਤੈਂ ਸਾਰੀ ਉਮਰ ਧਨ ਜੋੜਿਆ, ਤੂੰ ਧਨ ਦੇ ਇਕੱਠੇ ਕਰਨ 'ਚ ਈ ਲੱਗਿਆ ਰਿਹਾ। ਤੈਨੂੰ ਏਧਰੋਂ, ਤੇਰੇ ਮਨ ਨੂੰ ਵਿਹਲ ਈ ਨਾ ਮਿਲਿਆ। ਏਸ ਕਰਕੇ, ਲਿਵ ਨਾ ਤੇਰੀ ਲੱਗੀ, ਤੇਰੀ ਪ੍ਰਮੇਸ਼ਰ ਨਾਲ ਬਿਰਤੀ ਨਾ ਜੁੜੀ। ਨਾਮ ਨਾਲ, ਤੇਰਾ ਮਨ ਇੱਕ ਨਾ ਹੋਇਆ ਤੇ ਨਾਮੀ ਦੀ ਪ੍ਰਾਪਤੀ ਨਾ ਹੋਈ–

ਅੰਤਿ ਸੰਗ ਕਾਹੂ ਨਹੀ ਦੀਨਾ

ਤੇ ਅੰਤ ਨੂੰ ਇਨ੍ਹਾਂ ਨੇ ਸਾਰਿਆਂ ਨੇ ਤੇਰਾ ਸੰਗ ਨਹੀਂ ਦੇਣਾ ਤੇ ਨੌਵੇਂ ਪਾਤਸ਼ਾਹ ਜੀ ਲਿਖ ਗੇ–

ਅੰਤ ਬਾਰ ਨਾਨਕ ਬਿਨੁ ਹਰਿ ਜੀ ਕੋਊ ਕਾਮਿ ਨ ਆਇਓ ॥

(ਪੰਨਾ ੬੩੪)

ਅੰਤ ਨੂੰ, ਬਿਨਾਂ ਹਰੀ ਦੇ, ਹੋਰ ਕੋਈ ਕੰਮ ਨਹੀਂ ਆਉਣਾ।ਅੰਤ ਨੂੰ, ਇਹਦੀ ਹਰੀ ਨੇ ਸਹਾਇਤਾ ਕਰਨੀ ਐਂ, ਪ੍ਰਮੇਸ਼ਰ ਨੇ ਸਹਾਇਤਾ ਕਰਨੀ ਐਂ ਤੇ ਇਨ੍ਹਾਂ ਨੇ ਤੇਰੇ ਨਾਲ ਅੰਤ ਨੂੰ ਨਹੀਂ ਜਾਣਾ–

ਨਾਮ ਸੰਗਿ ਜਿਸ ਕਾ ਮਨੁ ਮਾਨਿਆ ॥
ਨਾਨਕ ਤਿਨਹਿ ਨਿਰੰਜਨੁ ਜਾਨਿਆ ॥ (ਪੰਨਾ ੨੮੧)

ਜੇ ਨਾਮ ਦੇ ਨਾਲ ਮਨ ਮੰਨ ਜਾਂਦਾ ਤਾਂ ਨਿਰੰਜਨ ਦੀ ਪ੍ਰਾਪਤੀ ਹੋ ਜਾਂਦੀ–

ਨਾਮੁ ਸੰਗੀ ਸੋ ਮਨਿ ਨ ਬਸਾਇਓ ॥
ਛੋਡਿ ਜਾਹਿ ਵਾਹੂ ਚਿਤੁ ਲਾਇਓ ॥
ਸੋ ਸੰਚਿਓ ਜਿਤੁ ਭੂਖ ਤਿਸਾਇਓ ॥
ਅੰਮ੍ਰਿਤ ਨਾਮੁ ਤੋਸਾ ਨਹੀ ਪਾਇਓ ॥ (ਪੰਨਾ ੭੧੫)

ਤੇਰਾ ਸੰਗੀ 'ਨਾਮੁ' ਸੀ। ਤੇਰਾ ਮਨ ਉਹਦੇ ਨਾਲ ਨਾ ਮਿਲਿਆ। ਓਹਨੇ ਤੈਨੂੰ ਅੰਤ ਤੱਕ ਸਾਥ ਦੇਣਾ ਸੀ, ਉਹ ਤੇਰਾ ਪੱਕਾ ਸੰਗੀ ਸੀ। 'ਨਾਮੁ' ਨਾਲ ਤੇਰਾ ਮਨ ਨਾ ਜੁੜਿਆ ਤੇ ਦੁਨੀਆਂ ਦੇ ਪਦਾਰਥਾਂ ਦੇ ਵਿੱਚ ਦੌੜਦਾ ਰਿਹਾ–

ਬਿਰਥਾ ਆਪੁ ਬੰਧਾਇਆ ॥

ਉਹਦੇ ਮੋਹ ਦੇ ਵਿੱਚ, ਧਨ ਆਦੀ ਦੇ ਮੋਹ ਦੇ ਵਿੱਚ, ਤੈਂ 'ਬਿਰਥਾ

ਆਪੁ ਬੰਧਾਇਆ' ਆਪਣਾ ਆਪ ਤੈਂ ਬੰਨ੍ਹ ਲਿਆ–

ਮਿਥਿਆ ਤਨੁ ਸਾਚੋ ਕਰਿ ਮਾਨਿਓ ਇਹ ਬਿਧਿ ਆਪੁ ਬੰਧਾਵੈ ॥ (ਪੰਨਾ ੧੨੩੧)

ਇਹ ਝੂਠੇ ਸਰੀਰ ਨੂੰ, ਸੱਚਾ ਕਰਕੇ ਮੰਨ ਲਿਆ। ਏਸ ਕਰਕੇ, ਤੂੰ ਭਾਈ! ਆਪ ਈ ਬੱਝ ਗਿਆ, ਤੈਨੂੰ ਕਿਸੇ ਨੇ ਬੰਨ੍ਹਿਆ ਨਹੀਂ–

ਸਾਧੋ ਇਹੁ ਤਨੁ ਮਿਥਿਆ ਜਾਨਉ ॥
ਯਾ ਭੀਤਰਿ ਜੋ ਰਾਮੁ ਬਸਤੁ ਹੈ ਸਾਚੋ ਤਾਹਿ ਪਛਾਨੋ ॥
(ਪੰਨਾ ੧੧੮੬)

ਸੱਚਾ ਤਾਂ ਉਹ ਪ੍ਰਮੇਸ਼ਰ ਹੈ, ਹੋਰ ਤਾਂ ਕੋਈ ਦੁਨੀਆਂ ਦੀ ਬਾਤ ਸੱਚੀ ਨਹੀਂ ਹੈ।ਏਸ ਕਰਕੇ, ਤੂੰ ਬੇਅਰਥ ਧਨ ਆਦੀ ਦੇ ਮੋਹ ਵਿੱਚ ਫਸ ਗਿਆ। ਪਹਿਲਾਂ ਤੈਂ ਇਕੱਠਾ ਕੀਤਾ ਫੇਰ ਉਹਦਾ ਮੋਹ ਹੋ ਗਿਆ। ਫੇਰ ਆਪਸ ਮੇਂ ਥੁਆਡੀ ਲੜਾਈ ਹੋਈ, ਫੇਰ ਵੰਡਣ ਪਿੱਛੇ ਹੋਈ, ਫੇਰ ਆਪਸ ਮੇਂ ਧੋਖੇ ਬਾਜੀਆਂ ਚੱਲੀਆਂ। ਉਹ ਧਨ ਨੇ, ਤੈਨੂੰ ਬੰਨ੍ਹ ਲਿਆ, ਉਹ ਧਨ ਤੇਰੇ ਮਗਰ ਐਸਾ ਲੱਗਿਆ ਕਿ ਉਹ ਧਨ ਦੇ ਮੋਹ ਵਿੱਚ ਤੇਰਾ ਮਨ ਕੈਦ ਹੋ ਗਿਆ, ਬੱਝ ਗਿਆ–

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ

ਦੋ ਕੰਮ ਤੈਂ ਦੁਨੀਆਂ ਵਿੱਚ ਕਰਨੇ ਸੀ, 'ਹਰੀ ਦਾ ਭਜਨ' ਤੇ 'ਗੁਰੂਆਂ ਦੀ ਸੇਵਾ'। ਪੂਰਨ ਜੋ ਬ੍ਰਹਮ ਗਿਆਨੀ ਗੁਰੂ ਸੇ ਜਿਹੜੇ ਗੁਰੂ ਪ੍ਰਮੇਸ਼ਰ ਨਾਲ ਇੱਕ ਹੋ ਚੁੱਕੇ ਨੇ, ਉਹ ਗੁਰੂ ਦੇ ਨਾਲ ਤੈਂ ਜੁੜਨਾ ਸੀ–

ਗੁਰੁ ਕੁੰਜੀ ਪਾਹੂ ਨਿਵਲੁ ਮਨੁ ਕੋਠਾ ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ ਅਵਰ ਨ ਕੁੰਜੀ ਹਥਿ ॥ (ਪੰਨਾ ੧੨੩੭)

ਹੋਰ ਕਿਸੇ ਦੇ ਹੱਥ 'ਚ ਕੁੰਜੀ ਨਹੀਂ ਹੈ, ਬਿਨਾਂ 'ਗੁਰੂ' ਤੇ। ਕੁੰਜੀ ਤਾਂ ਪ੍ਰਮੇਸ਼ਰ ਨੇ, ਗੁਰੂ ਨੂੰ ਦਿੱਤੀ ਹੈ। 'ਗੁਰੂ' ਥੁਆਨੂੰ ਪਤੈ?

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥
(ਪੰਨਾ ੧੪੦੮)

ਓਹਨੇ ਆ ਕੇ ਦੁਨੀਆਂ ਦੇ ਵਿੱਚ 'ਨਾਨਕ' ਕਹਾਇਆ। ਲੋਕ ਉਨ੍ਹਾਂ ਨੂੰ ਗੁਰੂ ਆਪੇ ਈ ਕਹਿਣ ਲੱਗ ਗੇ ਤੇ ਕੌਣ ਸੀ? ਉਹ 'ਜੋਤੀ ਸਰੂਪ' ਆਪ ਆਇਆ। ਉਹ 'ਜੋਤੀ ਸਰੂਪ' ਨੇ ਆਕੇ ਕਿੰਨਿਆਂ ਦੇ ਤਾਲੇ (ਜਿੰਦਰੇ) ਖੋਲ੍ਹੇ। ਕਿੱਥੇ ਸ਼ਿਵ ਨਾਭ ਹੈ, ਕਿੱਥੇ ਸਾਲਸ ਰਾਏ (ਜੌਹਰੀ) ਹੈ, ਕਿੱਥੇ ਕੌਡਾ (ਰਾਖ਼ਸ਼) ਹੈ, ਤੇ ਕਿੱਥੇ ਸੱਜਣ (ਠੱਗ) ਐਂ, ਕਿੰਨੇ ਕੁ ਗਿਣੋਂਗੇ? ਉਹ ਜੋ ਵੀ ਠੀਕ ਸੇ, ਸਾਰਿਆਂ ਦੇ ਤਾਲੇ ਗੁਰੂ ਨੇ ਖੋਲ੍ਹ ਦਿੱਤੇ। ਉਹ ਵਿਚਾਲੇ ਛੱਡਦਾ ਚੱਲਿਆ ਗਿਆ, ਉਹਨੂੰ ਪਤਾ ਸੀ। ਇਤਿਹਾਸ ਪੜ੍ਹੋਂਗੇ ਤਾਂ ਥੁਆਨੂੰ ਪਤਾ ਲੱਗੇਗਾ। ਮਰਦਾਨਿਆਂ! ਚੱਲ, ਅੱਜ ਓਥੇ ਚੱਲਣੈਂ ਗਾ, ਉਹ ਬਹੁਤ ਯਾਦ ਕਰਦੈ ਗਾ। ਜੀ ਕੌਣ ਹੈ? ਬੜੇ ਸੋਹਣੇ ਬੈਠੇ ਸੇ। ਨਹੀਂ, ਚੱਲ! ਜਦ ਗਏ, ਜੀ ਭੁੱਖ ਲੱਗੀ ਐ। ਜਾਹ, ਝੰਡੇ ਬਾਢੀ ਦੇ ਕੋਲ ਚਲਿਆ ਜਾਹ, ਉਹਨੂੰ ਕਹਿ ਦਈਂ, ਮੈਨੂੰ ਭੁੱਖ ਲੱਗੀ ਐ, ਮੈਂ ਰੋਟੀ ਖਾਣੀ ਐਂ। ਉਹ (ਮਰਦਾਨਾ) ਚਲਿਆ ਗਿਆ। ਓਹਨੇ (ਝੰਡੇ ਬਾਢੀ ਨੇ) ਆਖਿਆ, ਤੂੰ ਇਕੱਲਾ ਹੈਂ ਕਿ ਕੋਈ ਹੋਰ ਵੀ ਹੈ? ਅਖੇ, ਇੱਕ ਹੋਰ ਹੈ, ਜੀਹਨੂੰ 'ਨਾਨਕ ਤਪਾ' ਕਹਿੰਦੇ ਨੇ, ਉਹ ਬਾਹਰ ਐ। ਮੈਂ ਆਇਆ ਹਾਂ, ਮੈਨੂੰ ਭੁੱਖ ਲੱਗੀ ਹੈ, ਉਹਨੂੰ ਭੁੱਖ ਨਹੀਂ ਲੱਗਦੀ। ਓਹਨੇ (ਝੰਡੇ ਬਾਢੀ ਨੇ) ਆਖਿਆ, ਰੋਟੀ ਮੈਂ ਓਥੇ ਹੀ ਲੈ ਕੇ ਆਵਾਂਗਾ, ਮੈਨੂੰ ਜਗ੍ਹਾ ਦੱਸ ਦੇ। ਰੋਟੀ ਲੈਕੇ ਗਿਆ ਬੜੇ ਪ੍ਰੇਮ ਨਾਲ ਤੇ (ਝੰਡਾ ਬਾਢੀ) ਬੜਾ ਪਿਆਸਾ (ਜਗਿਆਸੂ) ਸੀ, ਸਾਰੀ ਉਮਰ ਸਤਿਸੰਗ ਕਰਦੇ ਨੂੰ ਹੋ ਗਿਆ ਸੀ ਪਰ ਉਹ ਵਸਤੂ ਨਹੀਂ ਸੀ ਲੱਭੀ ਉਹਨੂੰ।ਜਦ ਉਹ ਰੋਟੀ ਲੈ ਕੇ ਗਿਆ, ਬੜੀ ਸ਼ਰਧਾ ਨਾਲ ਰੱਖੀ, ਅਖੇ ਜੀ! ਆਪ ਭੋਜਨ ਛਕ ਲਉ। ਕਹਿੰਦੇ, ਅਸੀਂ ਛਕਾ ਕੇ ਛਕਦੇ ਹੁੰਨੇ ਆਂ। ਪਹਿਲਾਂ ਛਕਾਉਂਦੇ ਹੁੰਨੇ ਆਂ ਫੇਰ ਛਕਦੇ ਹੁੰਨੇ ਆਂ।ਉਹ ਕਹਿੰਦਾ 'ਸਤਿ ਬਚਨ ਜੀ'। ਉਹਨੂੰ ਉਪਦੇਸ਼ ਦੇਣ ਲੱਗ ਗਏ। ਤੂੰ ਕਿਉਂ ਐਨਾਂ ਉਦਾਸ ਹੈਂ? ਉਹ ਕਹਿੰਦਾ, ਜੀ ਮੈਨੂੰ ਉਹ ਵਸਤੂ ਨਹੀਂ ਲੱਭੀ। ਉਹ ਵਸਤੂ ਕੀ ਐ? ਜੀ, ਉਹ ਵਸਤੂ ਕਹਿੰਦੇ ਨੇ 'ਸਤਿ' ਹੈ। ਉਹ ਤੇਰੇ ਅੰਦਰ ਕੋਈ ਸਤਿ ਵਸਤੂ ਹੈ, ਜਿਹੜੀ ਕਦੇ ਬਦਲੀ ਨਾ ਹੋਵੇ? ਤੇਰੇ ਅੰਦਰ ਕੋਈ

ਐਹੀ ਜਿਹੀ ਵਸਤੂ ਹੈ, ਤੇਰੇ ਖਿਆਲ ਬਦਲ ਜਾਣ ਪਰ ਉਹ ਵਸਤੂ ਨਾ ਬਦਲੇ? ਉਹ ਖਿਆਲ ਦੀ ਉਤਪਤੀ ਨੂੰ, ਖਿਆਲ ਦੀ ਇਸਥਿਤੀ ਨੂੰ, ਖਿਆਲ ਦੇ ਨਾਸ ਨੂੰ, ਜਿਹੜਾ ਸਾਰੇ 'ਜਾਨਨਹਾਰ ਪ੍ਰਭੂ ਪਰਬੀਨ' ਹੈ, ਉਹ ਤੇਰੇ ਅੰਦਰ ਨਹੀਂ ਹੈ? ਅਖੇ, ਜੀ ਹੈ। ਉਹ ਸਤਿ ਨਹੀਂ ਹੈ? ਜਿਹੜਾ ਨਾ ਬਦਲੇ ਉਹ ਸਤਿ ਹੁੰਦੈ, ਜਿਹੜਾ ਬਦਲੇ ਉਹ ਝੂਠਾ ਹੁੰਦੈ। ਉਹ ਕਦੇ ਬਦਲਿਐ ਤੇਰਾ ਆਪਾ? ਓਹਨੇ ਆਖਿਆ, ਨਾ ਜੀ, ਬਦਲਿਆ ਤਾਂ ਕਦੇ ਨਹੀਂ। ਏਹੀ ਆਤਮੈ, ਏਹੀ ਪ੍ਰਮਾਤਮੈ, ਏਹੀ ਸਤਿ ਹੈ। ਉਹਦਾ ਅੰਤਹਕਰਣ ਸ਼ੁੱਧ ਸੀ, ਉਹਦੀ ਬੁੱਧੀ 'ਚ (ਇਹ ਗਿਆਨ) ਆ ਗਿਆ। ਹਾਂ ਜੀ, ਠੀਕ! ਹੁਣ ਮੇਰੀ ਬੁੱਧੀ 'ਚ ਆ ਗਿਆ ਇਹੀ 'ਸਤਿ' ਹੈ। ਅੱਛਾ ਕਹਿ 'ਸਤਿਨਾਮੁ'। ਓਹਨੇ ਆਖਿਆ, ਜੀ 'ਸਤਿਨਾਮੁ'। ਕਿਉਂ ਦੱਸ? ਕਹਿੰਦਾ, ਜੀ ਮੈਂ ਕ੍ਰਿਤ ਕ੍ਰਿਤ ਹੋ ਗਿਆ। ਏਸ ਕਰਕੇ, ਉਹ ਵਸਤੂ ਜੋ ਸਤਿ, ਚਿੱਤ,ਅਨੰਦ, ਵਿਆਪਕ, ਪਰੀਪੂਰਨ ਪ੍ਰਮੇਸ਼ਰ ਹੈ ਜਦ ਉਹਦੇ ਨਾਲ, ਨਾਮ ਦੁਆਰਾ ਇਹਦਾ ਮਨ, ਨਾਮੀ ਨਾਲ ਜੁੜ ਜੈ, ਇਹਨੂੰ ਉਹ ਵਸਤੂ ਪ੍ਰਾਪਤ ਹੋ ਜਾਂਦੀ ਐ। ਪਰ ਗੁਰੂ ਵੀ ਏਹਾ ਜਿਹਾ ਚਾਹੀਦਾ ਹੈ ਉਹ ਤਾਂ ਸਾਰੇ ਦਿਖਾਲ ਦਿੰਦੈਗਾ-

ਏਕਮ ਏਕੰਕਾਰੁ ਨਿਰਾਲਾ ॥
ਅਮਰੁ ਅਜੋਨੀ ਜਾਤਿ ਨ ਜਾਲਾ ॥
ਅਗਮ ਅਗੋਚਰੁ ਰੂਪੁ ਨ ਰੇਖਿਆ ॥
ਖੋਜਤ ਖੋਜਤ ਘਟਿ ਘਟਿ ਦੇਖਿਆ ॥ (ਪੰਨਾ ੮੩੮)

ਇਹ ਪਹਿਲੀ ਪਾਤਸ਼ਾਹੀ ਦਾ ਅਰਥ ਕੀਤਾ ਵਿਐ। ਉਨ੍ਹਾਂ ਨੇ ਆਖਿਆ, ਏਕੇ(੧) ਨੂੰ, ਉਨ੍ਹਾਂ ਨੇ ਏਕੇ (੧) ਵੱਲ ਉਂਗਲੀ ਕੀਤੀ ਬਈ ਇਹ ਇੱਕ ਪ੍ਰਮੇਸ਼ਰ ਹੈ, ਬੱਸ। ਬਾਕੀ ਸਭ ਇਹਦੀ ਰੱਯਤ ਹੈ, ਚੇਲੇ ਨੇ, ਸੇਵਕ ਨੇ।ਇੱਕ ਪ੍ਰਮੇਸ਼ਰ ਅਟੱਲ ਹੈ, ਇਹ ਕਰਤਾਰ ਹੈ-

ਬਿਨੁ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ ਤਿਹ ਪ੍ਰਮੇਸਰ ਜਾਨੋ ॥

(ਦਸਮ ਗ੍ਰੰਥ)

ਇੱਕ ਕਰਤਾਰ ਹੈ, ਇੱਕ ਕਰਤਾਰ ਦੇ ਤੁਸੀਂ ਪੁਜਾਰੀ ਓਂ-

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥ (ਦਸਮ ਗ੍ਰੰਥ)

ਉਹ 'ਜਾਗਦੀ ਜੋਤਿ' ਨੂੰ, ਤੁਸੀਂ ਜਪਣੈਂ ਗਾ। ਉਹ 'ਜਾਗਦੀ ਜੋਤਿ', ਸਾਰਿਆਂ ਦੇ ਹਿਰਦਿਆਂ 'ਚ ਹੈ-

ਸਭ ਮਹਿ ਜੋਤਿ ਜੋਤਿ ਹੈ ਸੋਇ ॥
ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਪੰਨਾ ੧੩)

ਉਹ 'ਜੋਤਿ', ਗੁਰੂ ਦੇ ਸਾਖੀ ਹੋਏ ਬਿਨਾਂ ਪ੍ਰਗਟ ਨਹੀਂ ਹੁੰਦੀ। ਕੋਈ ਉਹ 'ਜੋਤਿ', ਬਾਹਰ ਤਾਂ ਨਹੀਂ ਹੈ, ਉਹ ਥੁਆਡੇ ਮਨ 'ਚ ਈ ਬੈਠੀ ਹੈ। ਮਨ ਨੂੰ ਵੀ ਜਾਣਦੀ ਐ, ਮਨ ਦੇ ਜਿੰਨੇ ਖਿਆਲ ਨੇ, ਉਨ੍ਹਾਂ ਨੂੰ ਵੀ ਜਾਣਦੀ ਹੈ। ਉਹ 'ਜਾਨਨਹਾਰ ਪ੍ਰਭੂ ਪ੍ਰਬੀਨ' ਥੁਆਡੇ ਅੰਦਰ ਨਹੀਂ ਗਾ? ਉਹ ਥੁਆਡਾ ਆਪੈ ਗਾ। ਪਰ ਉਹ ਜਿਹੜਾ ਅਗਿਆਨ ਦਾ, ਹੰਕਾਰ ਦਾ ਪੜਦੈ ਗਾ,ਉਹ ਥੁਆਨੂੰ ਦਿੱਸਣ ਨਹੀਂ ਦਿੰਦਾ। ਏਸ ਕਰਕੇ, ਉਹ ਪ੍ਰਮੇਸ਼ਰ ਹੈ, ਉਹ ਥੁਆਡੇ ਅੰਦਰ ਹੈ, ਉਹ ਸਤਿ ਹੈ। ਜਦ 'ਸਤਿ' ਦੀ ਪ੍ਰਾਪਤੀ ਹੋ ਜੈ, 'ਅਸਤਿ' ਆਪੇ ਈ ਛੁੱਟ ਜਾਂਦੈ। ਜਦ ਇਹਦਾ ਮਨ 'ਸਤਿ' ਨਾਲ ਜੁੜ ਜੈ, ਫੇਰ ਅਸਤਿ ਨਾਲ ਨਹੀਂ ਜੁੜਿਆ ਕਦੇ ਕਿਸੇ ਬ੍ਰਹਮ ਗਿਆਨੀ ਦਾ।ਉਹ ਬ੍ਰਹਮ ਗਿਆਨੀ ਦੀ ਤੈਂ ਸੇਵਾ ਕਰਨੀ ਸੀ ਤੇ ਦੋ ਕੰਮ ਤੈਂ ਇਹ ਕਰਨੇ ਸੇ, ਪਰ ਤੈਂ ਨਾ ਕੀਤੇ-

ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ

ਨਾ ਤੈਂ ਗੁਰੂ ਜਨਾਂ ਦੀ ਸੇਵਾ ਕੀਤੀ ਤੇ ਨਾ ਹਰੀ ਦਾ ਭਜਨ ਕੀਤਾ, ਇਹ ਦੋ ਕੰਮ ਤੈਂ ਕਰਨੇ ਸੇ। ਪਹਿਲਾਂ ਤਾਂ ਤੈਂ ਗੁਰੂ ਜਨਾਂ ਦੀ ਸੇਵਾ ਕਰਨੀ ਸੀ। ਗੁਰੂਆਂ ਨੇ (ਅਮਰਦਾਸ ਜੀ ਨੇ) ਪਹਿਲੇ ਬਾਰ੍ਹਾਂ (੧੨) ਸਾਲ ਜਲ ਢੋਇਆ ਤੇ ਪਿੱਛੋਂ ਉਹ ਗੁਰੂ ਬਣੇ-

ਨਾਨਕ ਗੁਰ ਤੇ ਗੁਰੁ ਹੋਇਆ ਵੇਖਹੁ ਤਿਸ ਕੀ ਰਜਾਇ ॥
(ਪੰਨਾ ੪੯੦)

ਇਹ ਇਤਿਹਾਸ ਮੇਂ ਲਿਖਿਐ। ਬਾਰ੍ਹਾਂ ਸਾਲ ਉਹ ਗਾਗਰਾਂ ਲਿਆਉਂਦੇ ਰਹੇ, ਉਹ ਗਾਗਰ ਈ ਦਿਖਾਲੀ ਜਦ ਉਹ ਆਇਆ।

ਜਦ ਓਹਨੇ ਆਖਿਆ, ਮੈਂ ਮੋਕਸ਼ ਪ੍ਰਾਪਤ ਕਰਨ ਵਾਸਤੇ ਆਇਆਂ, ਰਿਸ਼ਤੇ 'ਚ ਆਪ ਦਾ ਕੁੜਮ ਲਗਦਾਂ ਪਰ ਆਇਆਂ ਦਾਸ ਬਣਕੇ। ਉਨ੍ਹਾਂ ਆਖਿਆ, ਆਹ ਗਾਗਰ ਹੈ। ਸਵੇਰੇ ਤੈਂ, ਪਹਿਰ ਦੇ ਤੜਕੇ, ਸਵਾ ਪਹਿਰ ਰਹਿੰਦੇ ਲਿਆਉਣੀ ਐਂ। ਉਹ ਲਿਆਉਂਦੇ ਰਹੇ। ਇਤਿਹਾਸ ਦੇ ਵਿੱਚ ਇੱਕ ਬਾਤ ਹੈ, ਜਦ ਬਾਰ੍ਹਾਂ ਸਾਲ ਪੂਰੇ ਹੋ ਗਏ, ਉਹ ਕਰੀਰ ਦੇ ਹੇਠਾਂ ਦਮ ਲੈਂਦੇ ਸੀ, ਜੀਹਦਾ ਨਾਉਂ ਹੁਣ ਦਮਦਮਾ ਸਾਹਿਬ ਹੈ। ਭੂਰੀ ਵਾਲੇ ਸੰਤਾਂ ਨੇ ਬਣਾਇਆ ਹੈ ਉਹ। ਉਹ (ਅਮਰਦਾਸ ਜੀ) ਓਥੇ ਹੀ ਰੋਜ ਦਮ ਲੈਂਦੇ ਸੀ। ਜਦ ਪੂਰੇ ਬਾਰ੍ਹਾਂ ਸਾਲ ਉਨ੍ਹਾਂ ਦੀ ਕਮਾਈ ਹੋ ਗਈ ਤੇ ਓਥੇ ਲਿਖਿਐ, ਇੱਕ ਯੋਗੀ ਦੀ ਹੱਡੀ ਪਈ ਸੀ, ਹੱਠ-ਯੋਗੀ ਦੀ। ਓਸ ਨੂੰ ਉਨ੍ਹਾਂ ਦਾ ਅੰਗੂਠਾ ਲੱਗਿਆ, ਉਹ ਖੜ੍ਹਾ ਹੋ ਗਿਆ। ਕਹਿੰਦਾ, ਮੇਰੀ ਮੋਕਸ਼ ਹੋ ਗੀ, ਮੇਰੀ ਗਤੀ ਹੋ ਗੀ ਆਪ ਦਾ ਚਰਨ ਛੋਹਣੇ ਨਾਲ। ਉਹ ਕਹਿੰਦੇ, ਬਾਰ੍ਹਾਂ ਸਾਲ ਦਾ ਮੈਂ ਏਥੇ ਈ ਖੜ੍ਹਦਾ ਸੀ ਰੋਜ। ਯੋਗੀ ਕਹਿੰਦਾ, ਤੈਨੂੰ ਪਤਾ ਨਹੀਂ ਏਸ ਬਾਤ ਦਾ। ਅੱਜ ਤੇਰੇ ਉੱਤੇ ਈਸ਼ਰ ਦੀ ਕਿਰਪਾ, ਦਇਆ, ਫਜਲ ਹੋ ਗਿਆ। ਤੇ ਅੱਜ ਤੱਕ ਤੇਰੀ ਤਪੱਸਿਆ ਪੂਰਨ ਨਹੀਂ ਸੀ ਹੋਈ, ਤੈਨੂੰ ਅੱਜ ਆਪੇ ਈ ਪਤਾ ਲੱਗ ਜੂ। ਹੁਣ ਉਹਨੂੰ ਜਾਂਦੇ ਨੂੰ ਜੁਲਾਹੇ ਨੇ ਦੇਖਿਆ, ਜੁਲਾਹੀ ਨੂੰ ਪੁੱਛਿਆ ਇਹ ਕੌਣ ਐਂ? ਉਹ ਜੁਲਾਹੀ ਨੇ ਦੱਸਿਆ, ਇਹ ਨਿਥਾਵਾਂ ਹੈ, ਇਹ ਨਿਮਾਣਾ ਹੈ। ਉਹ ਗੁਰੂ ਸਾਹਿਬ ਨੇ, ਫੇਰ ਬਾਈ (੨੨) ਵਰ ਦਿੱਤੇ ਉਨ੍ਹਾਂ ਨੂੰ (ਜੁਲਾਹਾ ਜੁਲਾਹੀ ਨੂੰ) ਵੀ ਬੁਲਾਇਆ ਤੇ ਪਹਿਲਾਂ ਈ ਹੁਕਮ ਦਿੱਤਾ ਵਿਆ ਸੀ ਬਈ ਅੱਜ ਦੀਵਾਨ ਸਜਾ ਦਿਉ। ਅੱਧੀ ਗਾਗਰ ਨਾਲ ਇਸ਼ਨਾਨ ਕਰਕੇ ਕਿਹਾ, ਪੁਰਸ਼ਾ! ਕਰ ਲੈ ਇਸ਼ਨਾਨ। ਓਹਨੇ ਕਰ ਲਿਆ। ਜਦ ਕਰਕੇ ਆਏ, ਬਹਿ ਜਾ ਗੱਦੀ ਤੇ। ਉਹ ਜੁਲਾਹੇ, ਜੁਲਾਹੀ ਨੂੰ ਪੁੱਛਿਆ, ਉਨ੍ਹਾਂ ਨੇ ਉਹ ਸਾਰੀ ਬਾਤ ਦੱਸ 'ਤੀ। ਉਨ੍ਹਾਂ (ਗੁਰੂ ਰਾਮਦਾਸ ਸਾਹਿਬ ਜੀ ਨੇ) ਆਖਿਆ, ਇਹ ਨਿਮਾਣਿਆਂ ਦਾ ਮਾਣ ਐ, ਨਿਥਾਵਿਆਂ ਦਾ ਥਾਉਂ ਐ, ਨਿਧਿਰਿਆਂ ਦੀ ਧਿਰ ਹੈ। ਬਾਈ (੨੨) ਵਰ ਦਿੱਤੇ ਤੇ ਬਾਬੇ ਬੁੱਢਾ ਜੀ ਨੂੰ ਹੁਕਮ ਦੇ ਦਿੱਤਾ,

ਤਿਲਕ ਕਰ ਦਿਉ। ਉਹ ਗੁਰੂ ਬਣ ਗਏ। ਜਦ ਉਹਦੀ ਪੂਰਣ ਕਮਾਈ ਹੋ ਗੀ, ਉਹ ਗੁਰੂ ਬਣ ਗਿਆ। ਚੇਲਾ ਬਣਨ ਦੇ ਵਿੱਚ ਬੜਾ ਈ ਔਖਾ ਹੈ। ਗੁਰੂ ਤਾਂ ਇੱਕ ਛਿਨ ਵਿੱਚ ਬਣ ਜਾਂਦੈ, ਜਦ ਚੇਲਾ ਪੂਰਨ ਬਣ ਜੈ, ਉਹਦੇ ਵਿੱਚ ਕੋਈ ਦੇਰੀ ਨਹੀਂ। ਏਸ ਕਰਕੇ, ਤੈਂ ਦੋ ਕੰਮ ਕਰਨੇ ਸੇ। ਤੈਂ ਗੁਰੂਆਂ ਦੀ ਸੇਵਾ ਕਰਨੀ ਸੀ ਤੇ ਹਰੀ ਦਾ ਭਜਨ ਕਰਨਾ ਸੀ। ਇਹ ਦੋ ਕੰਮ ਤੈਂ ਨਾ ਕੀਤੇ। ਏਸ ਕਰਕੇ, ਤੂੰ ਕੁਮਤੀ 'ਚ ਰਹਿ ਗਿਆ–

ਨਹ ਉਪਜਿਓ ਕਛੁ ਗਿਆਨਾ ॥

ਤੇ ਨਾ ਤੈਨੂੰ ਕੋਈ ਆਤਮਕ ਗਿਆਨ ਪੈਦਾ ਹੋਇਆ, ਨਾ ਤੈਨੂੰ ਸਰੂਪ ਦਾ ਗਿਆਨ ਪੈਦਾ ਹੋਇਆ, ਨਾ ਤੈਨੂੰ ਉਹ ਮਾਲਕ, ਜਿਹੜਾ ਪਰੀਪੂਰਨ ਸਾਰਿਆਂ ਦੇ ਵਿੱਚ–

ਘਟ ਘਟ ਮੈ ਹਰਿ ਜੂ ਬਸੈ ਸੰਤਨ ਕਹਿਓ ਪੁਕਾਰਿ ॥
ਕਹੁ ਨਾਨਕ ਤਿਹ ਭਜੁ ਮਨਾ ਭਉ ਨਿਧਿ ਉਤਰਹਿ ਪਾਰਿ ॥

(ਪੰਨਾ ੧੪੨੭)

ਉਹ ਵੀ, ਤੈਨੂੰ ਪ੍ਰਾਪਤ ਨਾ ਹੋਇਆ। ਉਹਦੀ ਬਾਬਤ, ਪੰਚਮ ਪਾਤਸ਼ਾਹ ਨੇ ਲਿਖਿਐ–

ਬਿਸਰਿ ਗਈ ਸਭ ਤਾਤਿ ਪਰਾਈ ॥
ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ॥
ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥
ਜੋ ਪ੍ਰਭ ਕੀਨੋ ਸੋ ਭਲ ਮਾਨਿਓ ਏਹ ਸੁਮਤਿ ਸਾਧੂ ਤੇ ਪਾਈ ॥੨॥
ਸਭ ਮਹਿ ਰਵਿ ਰਹਿਆ ਪ੍ਰਭੁ ਏਕੈ ਪੇਖਿ ਪੇਖਿ ਨਾਨਕ ਬਿਗਸਾਈ ॥੩॥੮॥ (ਪੰਨਾ ੧੨੯੯)

ਸਾਨੂੰ, ਸਾਰਿਆਂ ਦੇ ਵਿੱਚ ਪ੍ਰਮੇਸ਼ਰ ਦਿਖਾਲ 'ਤਾ। ਪ੍ਰਮੇਸ਼ਰ ਦੀ ਕ੍ਰਿਪਾ ਤੇ ਗੁਰੂ ਰਾਮਦਾਸ ਮਿਲੇ, ਗੁਰੂ ਰਾਮਦਾਸ ਮਹਾਰਾਜ ਨੇ ਸਾਨੂੰ,

ਸਾਰਿਆਂ ਦੇ ਵਿੱਚ ਪ੍ਰਮੇਸ਼ਰ ਦਿਖਾਲ 'ਤਾ। ਹੁਣ ਅਸੀਂ, ਬੜੇ ਹੀ ਖਿੜੇ ਵੇ ਆਂ, ਬੜੇ ਹੀ ਖੁਸ਼ ਹਾਂ। ਹੁਣ ਸਾਨੂੰ, ਓਸ ਮਾਲਕ ਦੀ ਪ੍ਰਾਪਤੀ ਹੋ ਗਈ, ਜਿਹੜਾ ਚਾਰੇ ਖਾਣੀਆਂ ਦੇ ਹਿਰਦਿਆਂ ਦੇ ਵਿੱਚ, ਇੱਕ ਪ੍ਰਮੇਸ਼ਰ ਵਿਆਪਕ ਐ–

ਘਟ ਹੀ ਮਾਹਿ ਨਿਰੰਜਨੁ ਤੇਰੈ

ਤੇਰੇ ਹਿਰਦੇ ਦੇ ਵਿੱਚ ਹੀ ਨਿਰਾਕਾਰ ਹੈ। 'ਅੰਜਨੁ' ਨਾਉਂ ਹੈ ਮਾਇਆ ਦਾ। ਓਧਰ ਸੁਰਮੇ ਨੂੰ ਕਹਿੰਦੇ ਨੇ, ਕਾਲਾ ਹੁੰਦੈ ਉਹ। ਓਹ ਤੇ 'ਨਿਰੰਜਨੁ' ਨਾਉਂ ਹੈ ਨਿਰਾਕਾਰ ਪ੍ਰਮੇਸ਼ਰ ਦਾ, ਉਹ ਤਾਂ ਤੇਰੇ ਹਿਰਦੇ ਦੇ ਵਿੱਚ ਹੈ 'ਘਟ ਹੀ ਮਾਹਿ ਨਿਰੰਜਨੁ ਤੇਰੈ' –

ਤੈ ਖੋਜਤ ਉਦਿਆਨਾ ॥

ਤੂੰ ਤਾਂ ਜੰਗਲ ਖੋਜਦਾ ਫਿਰਦੈਂ ਗਾ, ਤੂੰ ਤਾਂ ਜੰਗਲਾਂ ਵਿੱਚ ਭੱਜਿਆ ਫਿਰਦੈਂ ਗਾ, ਤੂੰ ਤਾਂ ਸੰਸਾਰ ਰੂਪੀ ਵਣ ਦੇ ਵਿੱਚ ਫਸਿਆ ਵਿਐਂ। ਏਸ ਕਰਕੇ, ਤੇਰੇ ਹਿਰਦੇ ਦੇ ਵਿੱਚ ਹੈ ਜਿਹੜਾ, ਤੇਰੇ ਮਨ ਬੁੱਧੀ ਨੂੰ ਦੇਖਣੇ ਵਾਲਾ ਦ੍ਰਸ਼ਟਾ, ਸਾਖਸ਼ੀ, ਚੇਤਨ, ਦਾਨਾ ਬੀਨਾ, ਉਹ ਤੇਰੇ ਹਿਰਦੇ ਦੇ ਵਿੱਚ ਹੈ। ਪਰ ਤੈਂ ਉਹਨੂੰ ਨਾ ਖੋਜਿਆ, ਤੂੰ ਖੋਜਣ ਲੱਗ ਗਿਆ ਵਣਾਂ ਨੂੰ, ਬਾਹਰ ਚਲਾ ਗਿਆ ਤੇ ਬਾਹਰ ਕੋਈ ਜਾਨਵਰ ਤਾਂ ਨਹੀਂ ਗਾ? ਜਾਂ ਪੰਛੀ ਨਹੀਂ ਹੈ, ਉਹ ਤਾਂ ਤੇਰਾ ਆਪੈ ਗਾ। ਮਨ ਮਾਹੀਂ ਰੇ, ਮਨ ਮਾਹੀਂ ਰੇ, ਮਨ ਮਾਹੀਂ–

ਬਹੁਤੁ ਜਨਮ ਭਰਮਤ ਤੈ ਹਾਰਿਓ

ਤੂੰ ਬਹੁਤ ਜਨਮ ਭਰਮਦਾ ਭਰਮਦਾ ਹਾਰ ਗਿਆ–

ਕਈ ਜਨਮ ਭਏ ਕੀਟ ਪਤੰਗਾ ॥

ਕਈ ਜਨਮ ਗਜ ਮੀਨ ਕੁਰੰਗਾ ॥ (ਪੰਨਾ ੧੭੬)

ਤੂੰ ਕਈ ਜਨਮਾਂ ਦੇ ਵਿੱਚ ਭਰਮਦਾ–ਭਰਮਦਾ ਹਾਰ ਗਿਆ। ਇਹ ਭਰਮ ਨੇ ਤੈਨੂੰ ਐਸਾ ਭੁਲਾਇਆ, ਤੂੰ ਭਰਮਦਾ ਭਰਮਦਾ ਕਈ ਜਨਮਾਂ ਦੇ ਵਿੱਚ ਫਿਰਿਆ–

ਅਸਥਿਰ ਮਤਿ ਨਹੀ ਪਾਈ ॥

ਤੇਰੀ ਬੁੱਧੀ, ਪ੍ਰਮੇਸ਼ਰ ਦੇ ਨਾਲ ਇੱਕ ਨਹੀਂ ਹੋਈ। ਤੇਰੀ ਮਤਿ,

ਇਸਥਿਤ ਨਹੀਂ ਹੋਈ। ਤੇਰੀ ਬੁੱਧੀ, ਇਕਾਗਰ ਨਹੀਂ ਹੋਈ। ਇਕਾਗਰ ਹੋ ਕੇ ਬੁੱਧੀ ਨੇ ਨਿਰੁੱਧ ਹੋਣਾ ਸੀ। 'ਨਿਰੁੱਧ' ਓਸ ਅਵਸਥਾ ਨੂੰ ਕਹਿੰਦੇ ਨੇ ਜਦ ਬਿਰਤੀ ਲੀਨ ਹੋ ਜੈ–

ਜਿਉ ਜਲ ਮਹਿ ਜਲੁ ਆਇ ਖਟਾਨਾ॥
ਤਿਉ ਜੋਤੀ ਸੰਗਿ ਜੋਤਿ ਸਮਾਨਾ॥
ਮਿਟਿ ਗਏ ਗਵਨ ਪਾਏ ਬਿਸ੍ਰਾਮ॥
ਨਾਨਕ ਪ੍ਰਭ ਕੈ ਸਦ ਕੁਰਬਾਨ ॥ (ਪੰਨਾ ੨੭੮)

ਇਹ ਤੈਂ ਪ੍ਰਾਪਤ ਕਰਨਾ ਸੀ ਪਰ ਨਾਂ ਤੇਤੇ (ਤੈਥੋਂ) ਹੋਇਆ–

ਮਾਨਸ ਦੇਹ ਪਾਇ ਪਦ ਹਰਿ ਭਜੁ

ਹੁਣ ਤੈਨੂੰ ਮਨੁੱਸ਼ ਸਰੀਰ ਪ੍ਰਾਪਤ ਹੋਇਐ, ਤੇਰੇ ਵਾਸਤੇ ਇੱਕੋ ਈ ਕੰਮ ਐਂ। ਹੁਣ ਤੈਨੂੰ, ਅਸੀਂ ਸੁਮਤੀ ਦਸਦੇ ਆਂ। ਤੈਂ ਪ੍ਰਮੇਸ਼ਰ ਦਾ ਭਜਨ ਕਰਨੈ, ਏਸ ਸਰੀਰ ਨੂੰ ਪਾਕੇ। ਹੁਕਮ ਹੈ ਪ੍ਰਮੇਸ਼ਰ ਦਾ, ਗੁਰੂ ਨੌਵੇਂ ਪਾਤਸ਼ਾਹ ਦੁਆਰਾ। ਮਨੁੱਸ਼ ਦੇਹ ਪਾਕੇ ਤੈਂ ਭਜਨ ਕਰਨਾ ਸੀ–

ਭਈ ਪਰਾਪਤਿ ਮਾਨੁਖ ਦੇਹੁਰੀਆ ॥
ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ ॥
ਅਵਰਿ ਕਾਜ ਤੇਰੈ ਕਿਤੈ ਨ ਕਾਮ ॥
ਮਿਲੁ ਸਾਧਸੰਗਤਿ ਭਜੁ ਕੇਵਲ ਨਾਮ ॥ (ਪੰਨਾ ੧੨)

ਤੈਂ, ਕੇਵਲ 'ਨਾਮ' ਦਾ ਸਿਮਰਨ ਕਰਨਾ ਸੀ, ਮਨੁੱਖ ਸਰੀਰ ਦੇ ਵਿੱਚ–

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

(ਪੰਨਾ ੧੩੭੬)

ਨਾਮਦੇਵ ਨੂੰ ਜਦ ਪੁੱਛਿਆ ਓਹਨੇ ਆਕੇ ਤ੍ਰਿਲੋਚਨ ਨੇ, ਬਈ! ਤੂੰ ਇਹ ਕੀ ਕੰਮ ਕਰਨ ਲੱਗ ਗਿਆ? ਲੋਭ ਦੇ ਵਿੱਚ ਆ ਗਿਆ। ਉਹ ਕਹਿੰਦਾ, ਨਾ–

ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥

(ਪੰਨਾ ੧੩੭੬)

ਮੇਰਾ ਚਿੱਤ, ਨਿਰੰਜਨ ਨਾਲ ਜੁੜਿਆ ਵਿਐ। ਮੈਂ ਹੱਥਾਂ ਪੈਰਾਂ ਨਾਲ ਕੰਮ ਕਰਦਾ ਹਾਂ।ਓਹਨੇ ਆਖਿਆ, ਬਹੁਤ ਅੱਛਾ! ਤੂੰ ਮੇਰੇ ਨਾਲੋਂ ਵੀ ਬੜਾ–

ਨਾਨਕ ਬਾਤ ਬਤਾਈ ॥

ਪਰ ਇਹ ਬਾਤ ਗੁਰੂ ਨਾਨਕ ਦੇਵ ਨੇ ਬਤਾਈ ਐ। ਨੌਵੇਂ ਪਾਤਸ਼ਾਹ ਜੀ ਕਹਿੰਦੇ, ਸਾਡੇ ਜਿਹੜੇ ਪਹਿਲੇ, ਜਿਨ੍ਹਾਂ ਨੇ –

ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕੁ ਕਹਾਯਉ ॥

(ਪੰਨਾ ੧੪੦੮)

ਉਹ ਨਾਨਕ, 'ਗੁਰੂ' ਜੀਹਨੂੰ ਲੋਕ ਆਮ ਕਹਿੰਦੇ ਨੇ, ਓਹਨੇ ਸਾਨੂੰ ਇਹ ਬਾਤ ਬਤਾਈ ਐ–

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥

ਇਹ ਬਹੁਤ ਅੱਛੀ ਬਾਤ, ਸਾਨੂੰ ਗੁਰੂ ਨਾਨਕ ਦੇਵ ਨੇ ਬਤਾਈ ਐ। ਪੜ੍ਹ ਦੇ ਪਿਛਲੀ ਪੰਕਤੀ–

ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥

ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥

ਬੋਲੋ ਸਤਿਨਾਮੁ ਸ੍ਰੀ ਵਾਹਿਗੁਰੂ!